# ਸੋਧ

ਮਈ 1979 (ਜਿਲਦ 8 ਨੰਬਰ 5)

**May 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸੇਧ

SEDH
MAY 1979
Vol. 8
No. 5
Price : Rs. 1.50

## ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ

⊙ ਆਏ ਇਨਕਲਾਬ ਕੁਰਾਹੇ ਕਿਉਂ ?—2
ਪਰੋਲਤਾਰੀ ਡਿਕਟੇਟਰਸ਼ਿਪ ਦਾ ਅਸਲ ਅਤੇ
ਉਸ 'ਚ ਪਿਆ ਵਿਗਾੜ (ਸਫ਼ਾ 5) — ਕਿਸ਼ਨ ਸਿੰਘ

⊙ ਕੀ ਨਸਲੀ ਜਾਂ ਰੰਗਤ ਦੇ ਭੇਦ-ਭਾਵ ਕਰਕੇ ? (ਸਫ਼ਾ 15) — ਜਗਜੀਤ ਸਿੰਘ

⊙ ਪੰਜਾਬ ਵਿਚ ਮਾਰਕਸਵਾਦ-15
ਸਾਮਰਾਜੀ ਜੰਗ ਤੋਂ 'ਪੀਪਲਜ਼ ਵਾਰ' ਤਕ (ਸਫ਼ਾ 20) — ਭਗਵਾਨ ਸਿੰਘ ਜੋਸ਼

⊙ ਸਾਮਰਾਜਵਾਦ, ਨਵਸਾਮਰਾਜਵਾਦ ਅਤੇ ਭਾਰਤ (ਸਫ਼ਾ 30) — ਸੁੱਚਾ ਸਿੰਘ ਗਿੱਲ

⊙ ਕਹਾਣੀ (ਸਫ਼ਾ 38) — ਸੁਜਾਅਲ ਹੱਕ, ਲਹੌਰੀ

⊙ "ਸਿੱਖ ਲਹਿਰ"—ਇਕ ਸਰਵੇਖਣ (ਸਫ਼ਾ 43) — ਗੁਰਮੀਤ ਸਿੰਘ ਢੁੱਡੀਕੇ

⊙ ਚਟਪਟੇ ਸਾਹਿਤ ਦਾ ਰਵਾਜ ਕਿਉਂ ? (ਸਫ਼ਾ 52) — ਪੰਨੂੰ

⊙ ਦੋ ਰੀਪੋਰਟਾਂ
* ਪੰਜਾਬ ਦੇ ਕਿਸਾਨੀ ਮਸਲਿਆਂ ਬਾਰੇ ਜਵਾਹਰਲਾਲ ਨਹਿਰੂ ਯੂਨੀਵਰਸਟੀ ਵਿਚ ਹੋਈ ਸੈਮੀਨਾਰ (ਸਫ਼ਾ 56) — ਭਗਵਾਨ ਸਿੰਘ ਜੋਸ਼
* ਚੰਡੀਗੜ੍ਹ ਵਿਚ ਹੋਈ ਪੰਜਾਬੀ ਅਧਿਆਪਨ ਬਾਰੇ ਗੋਸ਼ਟੀ (ਸਫ਼ਾ 61) — ਵਿੱਕੀ

Edited, Printed & Published by
Gurvel Singh Pannu,
S E D H, A/42, Defence Colony,
New Delhi-110024. Ph. No. 626300

Hony. Co Editor
Harcharan Singh Sobti

Printed at 'LOK PRINTERS'
A1/12 Krishan Nagar, Delhi-51.

# ਨੈਸ਼ਨਲ ਬੁਕ ਟਰੱਸਟ, ਇੰਡੀਆ

## ਦਾ 'ਆਦਾਨ ਪ੍ਰਦਾਨ' ਸਕੀਮ ਹੇਠ ਚੋਣਵਾਂ ਸਾਹਿਤ

ਅਬਦੁਲ ਹਲੀਮ 'ਸ਼ਰਰ' : **ਕਲ ਦਾ ਲਖਨਊ** (ਉਰਦੂ ਰਚਨਾ)
ਅਨੁਵਾਦ : ਤਾਰਾ ਸਿੰਘ, ਲਖਨਊ ਦੇ ਇਤਿਹਾਸਕ ਪਿਛੋਕੜ ਵਿਚ ਉਥੋਂ ਦੇ ਨਵਾਬੀ ਠਾਠ-ਬਾਠ ਤੇ ਸਮਾਜਕ ਜੀਵਨ ਉਤੇ ਝਾਤ । ਸਫ਼ੇ 372 ਕੀਮਤ ਰੁ. 7.50

ਤਾਰਾਸ਼ੰਕਰ ਬੈਨਰਜੀ : **ਕਵੀ** (ਬੰਗਾਲੀ ਨਾਵਲ) ਅਨੁਵਾਦ : ਅਮਰ ਭਾਰਤੀ
ਬੰਗਾਲੀ ਦੇ ਸਿਰਕੱਢ ਨਾਵਲਕਾਰ ਦਾ ਸਮੂਹ ਜੀਵਨ ਨੂੰ ਪੇਸ਼ ਕਰਦਾ ਨਾਵਲ । ਚੋਰਾਂ ਦੇ ਇਕ ਵਰਗ ਦਾ ਮੁੰਡਾ ਜਿਹੜਾ ਕਵੀ ਬਣ ਗਿਆ—ਬੰਗਾਲੀ ਤੋਂ ਸਿੱਧਾ ਪੰਜਾਬੀ ਅਨੁਵਾਦ ਇਸ ਪੁਸਤਕ ਨੂੰ ਬੇਹੱਦ ਰੌਚਕ ਤੇ ਦਿਲਚਸਪ ਬਣਾਉਂਦਾ ਹੈ ।
ਸਫ਼ੇ 244 ਕੀਮਤ ਰੁ: 6.00

ਹਰਿ ਨਾਰਾਇਣ ਆਪਟੇ : **ਮੈਂ** (ਮਰਾਠੀ ਨਾਵਲ) ਅਨੁਵਾਦ : ਸਵਰਨ ਸਿੰਘ
ਮਰਾਠੀ ਸਮਾਜ ਦਾ ਪਰਿਵਰਤਣਸ਼ੀਲ ਜੀਵਨ ਇਸ ਨਾਵਲ ਦਾ ਵਿਸ਼ਾ ਹੈ । ਮਰਾਠੀ ਤੋਂ ਸਿੱਧਾ ਪੰਜਾਬੀ ਅਨੁਵਾਦ । ਸਫ਼ੇ 356 ਕੀਮਤ ਰੁ. 8.75

ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਤੇ ਇਸਮਤ ਚੁਗਤਾਈ :
**ਕਥਾ ਭਾਰਤੀ ਉਰਦੂ ਕਹਾਣੀਆਂ** ਅਨੁਵਾਦ : ਮਿਹਰ ਸਿੰਘ 'ਰੰਧਾਵਾ'
ਉਰਦੂ ਦੇ ਤਿੰਨ ਪ੍ਰਸਿੱਧ ਕਹਾਣੀਕਾਰਾਂ ਦੀਆਂ ਸਰਵੋਤਮ ਤੇ ਪ੍ਰਸਿਧ ਰਚਨਾਵਾਂ ।
ਸਫ਼ੇ 244 ਕੀਮਤ ਰੁ. 5.25

ਸ੍ਰੀਧਰ ਵਿਅੰਕਟੇਸ਼ ਕੇਤਕਰ : **ਬ੍ਰਾਹਮਣ ਕੰਨਿਆਂ** (ਮਰਾਠੀ ਨਾਵਲ) ਅਨੁ: ਸਵਰਨ ਸਿੰਘ
ਇਹ ਮਰਾਠੀ ਭਾਸ਼ਾ ਦਾ ਇਕ ਰੌਚਕ ਉਪਨਿਆਸ ਹੈ, ਜਿਸ ਰਾਹੀਂ ਸਮਾਜ ਵਿਚ ਇਸਤ੍ਰੀ ਦੀ ਦਸ਼ਾ ਤੇ ਇਸਤ੍ਰੀ ਵਿਦਿਆ ਨੂੰ ਕਲਾਪੂਰਣ ਢੰਗ ਨਾਲ ਪੇਸ਼ ਕੀਤਾ ਗਿਆ ਹੈ ।
ਸਫ਼ੇ 240 ਕੀਮਤ ਰੁ. 6.00

ਫ਼ਣੀਸ਼ਵਰ ਨਾਥ ਰੇਣੂ : **ਮੈਲਾ ਆਂਚਲ** (ਹਿੰਦੀ ਨਾਵਲ) ਅਨੁ: ਜਸਵੰਤ ਸਿੰਘ ਵਿਰਦੀ
ਇਹ ਨਾਵਲ ਆਜ਼ਾਦੀ ਦੇ ਮਗਰੋਂ ਦੇ ਭਾਰਤੀ ਜੀਵਨ ਦੀ ਸਭ ਤੋਂ ਕਲਾਤਮਕ ਤੇ ਯਥਾਰਥਵਾਦੀ ਰਚਨਾ ਹੈ । ਸਫ਼ੇ 351 ਕੀਮਤ ਰੁ. 16.50

ਅਮ੍ਰਿਤ ਲਾਲ ਨਾਗਰ : **ਬੂੰਦ ਤੇ ਸਮੁੰਦਰ** ਅਨੁਵਾਦ : ਮੋਹਨਜੀਤ
ਇਹ ਨਾਵਲ ਹਿੰਦੀ ਦੇ ਪ੍ਰਤਿਭਾਸ਼ਾਲੀ ਰਚਣਹਾਰੇ ਅੰਮ੍ਰਿਤ ਲਾਲ ਨਾਗਰ ਦੀ ਅਤਿਅੰਤ ਮਹੱਤਵਪੂਰਣ ਰਚਨਾ ਹੈ । 'ਬੂੰਦ' ਵਿਅਕਤੀ ਦਾ ਪ੍ਰਤੀਕ ਹੈ ਤੇ 'ਸਮੁੰਦਰ' ਸਮਕਾਲੀਨ ਸਮਾਜ ਦਾ । ਇਸ ਰਚਨਾ 'ਚ ਕਲਾ ਦੀ ਉੱਤਮਤਾ ਵੀ ਹੈ ਤੇ ਪਾਠਕਾਂ ਲਈ ਖਿੱਚ ਵੀ ।
ਸਫ਼ੇ 522+14 21.50

ਅਤੀਨ ਬੰਦੋਪਾਧਿਆਏ : **ਨੀਲ ਕੰਠ ਪੰਖੀ ਦੀ ਭਾਲ** (ਬੰਗਾਲੀ ਨਾਵਲ)
ਅਨੁਵਾਦ : ਜੀ. ਐਸ. ਮੋਹੇ : ਸਫ਼ੇ 463+16 ਕੀਮਤ ਰੁ. 14.75

ਸ੍ਰੀ ਲਾਲ ਸ਼ੁਕਲ : **ਰਾਗ ਦਰਬਾਰੀ**
ਸਫ਼ੇ 326+10 ਕੀਮਤ ਰੁ. 11.00

ਯਸ਼ਪਾਲ : **ਮਨੁੱਖ ਦੇ ਰੂਪ** (ਹਿੰਦੀ ਨਾਵਲ) ਅਨੁਵਾਦ : ਐਸ. ਐਸ. ਮੀਸ਼ਾ
ਸਫ਼ੇ 312+11 ਕੀਮਤ ਰੁ. 12.00

ਇਹ ਅਤੇ ਹੋਰ ਅਨੇਕਾਂ ਚੰਗੀਆਂ ਪੁਸਤਕਾਂ—

**ਨੈਸ਼ਨਲ ਬੁਕ ਟਰੱਸਟ, ਇੰਡੀਆ**
ਏ-5, ਗ੍ਰੀਨ ਪਾਰਕ, ਨਵੀਂ ਦਿੱਲੀ-16. ਕੋਲੋਂ ਪ੍ਰਾਪਤ ਕਰੋ ।





# NORTHERN RAILWAY

Dear Students, Pilgrims, Tourists,

**SEE INDIA**

**THE EASY WAY**

Buy, from specified stations, a CIRCULAR TOUR TICKET, Ist class or 2nd class, for a circular tour around the country.

Concessional fares at 15% concession over the usual Mail/Express fares; fare range and the period of validity (30,60, or 90 days) depends upon the total distance to be covered. Break journey enroute as often, & for as long, as you like (subject to the overall prescribed validity time of the ticket not being exceeded).

We have as many as thirty standard circular tours to suit your needs. They cover the entire panoramic scene that INDIA is. Choose any one of these tours.

And if you have your own programme to suit your individual needs, meet us personally or send us your requirements. We shall work out the fares, again at the concessional rates, for the particular itinerary you want to follow. (The tour must be circular and the distance to be travelled should not be less than 2400 kms. & the chargeable distance should be more than 3 times the distance between the starting station & the farthest point on the itinerary by the direct route).

For further details, please contact your nearest Station Master, the Divisional Commercial Superintendent of the Division concerned, or enquire direct from :—

Telephones : 38-7326
38-7503

Chief Commercial Superintendent,
Northern Railway,
New Delhi.

## ਪੰਜਾਬ ਸਕੂਲ ਸਿਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ
## ਚੋਣਵੀਆਂ ਪ੍ਰਾਪਤੀਆਂ ਅਤੇ ਟੀਚਿਆਂ 'ਤੇ ਇਕ ਝਾਤ

### ਪ੍ਰਾਪਤੀਆਂ

1. ਦਫ਼ਤਰ ਦੇ ਕੰਮ ਅਤੇ ਪਬਲਿਕ ਦੇ ਹਿਤ ਵਿਚ ਚੰਡੀਗੜ੍ਹ ਵਿਚ ਬੋਰਡ ਦੇ ਖਿੰਡੇ ਪੁੰਡੇ ਦਫ਼ਤਰ ਮੋਹਾਲੀ ਵਿਖੇ ਇਕ ਚਾਰ ਮੰਜ਼ਲੀ ਬਿਲਡਿੰਗ ਵਿਚ ਇਕੱਠੇ ਕੀਤੇ ਹਨ!
2. ਪਾਠ-ਪੁਸਤਕਾਂ ਦਾ ਮਿਆਰੀਕਰਨ ਕੀਤਾ ਹੈ ਤੇ ਕੀਮਤਾਂ ਘਟਾਈਆਂ ਹਨ। 80 ਪੁਸਤਕਾਂ ਦੀ ਨਵ-ਰਚਨਾ ਕਰਕੇ ਅਤੇ 70 ਮੁੜ ਸੋਧ ਕੇ ਛਪਵਾਈਆਂ ਗਈਆਂ ਹਨ। ਚਾਲੂ ਵਿਦਿਅਕ ਵਰ੍ਹੇ ਵਿਚ ਸਾਰੀਆਂ ਪਾਠ-ਪੁਸਤਕਾਂ ਦੇ ਕੌਮੀਕਰਨ ਦਾ ਟੀਚਾ ਪੂਰਾ ਕਰ ਲਿਆ ਹੈ।
3. ਮਿਡਲ ਜਮਾਤਾਂ ਤੱਕ ਬਸਤੇ ਹੌਲੇ ਕਰਨ ਲਈ 21 ਪਾਠ ਪੁਸਤਕਾਂ ਘੱਟ ਕੀਤੀਆਂ ਹਨ। ਬਾਕੀਆਂ ਨੂੰ ਪਹਿਲਾਂ ਨਾਲੋਂ ਸਰਲ ਕੀਤਾ ਹੈ।
4. ਪਾਠ ਪੁਸਤਕ ਡਿਪੂਆਂ ਲਈ ਬੋਰਡ ਦੀਆਂ ਆਪਣੀਆਂ ਇਮਾਰਤਾਂ ਬਣਾਉਣ ਦਾ ਪ੍ਰੋਗਰਾਮ ਆਰੰਭਿਆ ਹੈ। ਇਸ ਕੰਮ ਲਈ ਇੰਪਰੂਵਮੈਂਟ ਟਰੱਸਟਾਂ ਦੁਆਰਾ ਜ਼ਮੀਨ ਖ਼ਰੀਦੀ ਜਾ ਰਹੀ ਹੈ।
5. ਪ੍ਰੀਖਿਅਕ ਅਤੇ ਨਿਗਰਾਨ ਅਮਲੇ ਦੇ ਸੇਵਾਫਲ ਦੀਆਂ ਦਰਾਂ ਵਧਾਈਆਂ ਹਨ। ਇਸ ਨਾਲ ਹਰ ਸਾਲ 23 ਹਜ਼ਾਰ ਤੋਂ ਵਧ ਅਧਿਆਪਕਾਂ ਨੂੰ ਲਾਭ ਪੁੱਜੇਗਾ।
6. ਵਿਦਿਆਰਥੀਆਂ ਦੀ ਸਹੂਲਤ ਲਈ 91 ਹੋਰ ਪ੍ਰੀਖਿਆ ਕੇਂਦਰ ਖੋਲ੍ਹੇ ਹਨ ਤੇ ਵਿਸ਼ੇਸ਼ ਉਪਰਾਲਿਆਂ ਦੁਆਰਾ ਨਕਲ ਦੀ ਲਾਅਨਤ ਨੂੰ ਕੁਚਲਿਆ ਹੈ।
7. ਤਗਮੇ ਪ੍ਰਾਪਤ ਕਰਨ ਵਾਲਿਆਂ ਤੋਂ ਇਲਾਵਾ ਹੋਰ ਉੱਚੀਆਂ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਸ਼ਲਾਘਾ-ਪੱਤਰ ਦੇਣੇ ਸ਼ੁਰੂ ਕੀਤੇ ਹਨ। ਪ੍ਰੀਖਿਆ ਦੇ ਅਧਾਰ ਤੇ ਵਜ਼ੀਫ਼ੇ ਦੇਣ ਦਾ ਫ਼ੈਸਲਾ ਲੈ ਲਿਆ ਗਿਆ ਹੈ।
8. ਅਧਿਆਪਕ ਭਲਾਈ ਫੰਡ ਵਿਚੋਂ ਅਧਿਆਪਕਾਂ ਦੇ ਬੱਚਿਆਂ ਨੂੰ ਵਜ਼ੀਫ਼ੇ ਦੇਣੇ ਅਤੇ ਵਿਸ਼ੇਸ਼ ਹਾਲਾਤ ਵਿਚ ਅਧਿਆਪਕਾਂ ਨੂੰ ਮਾਲੀ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ ਹੈ!
9. ਅਧਿਆਪਕਾਂ ਦੀ ਸਹੂਲਤ ਲਈ ਚੰਡੀਗੜ੍ਹ ਵਿਖੇ ਇਕ ਸ਼ਾਨਦਾਰ ਟੀਚਰਜ਼ ਹੋਮ ਨਿਹਾਇਤ ਰਿਐਤੀ ਦਰਾਂ ਤੇ ਖੋਲ੍ਹਿਆ ਗਿਆ ਹੈ।

### ਟੀਚੇ

1. ਭਾਸ਼ਾਵਾਂ ਦੀ ਉਨਤੀ ਤੇ ਵਿਦਿਅਕ ਪ੍ਰੋਗਰਾਮਾਂ ਦੇ ਵਿਕਾਸ ਲਈ ਇਸ ਵਰ੍ਹ ਦ ਬਜਟ ਵਿਚ 25.44 ਲੱਖ ਰੁਪਏ ਰੱਖੇ ਗਏ ਹਨ।
2. ਅੰਤਰ-ਰਾਸ਼ਟਰੀ ਬਾਲ ਦਿਵਸ ਸਬੰਧੀ ਵਿਦਿਅਕ ਪ੍ਰੋਗਰਾਮਾਂ ਤੇ 50,000 ਰੁਪਏ ਖ਼ਰਚੇ ਜਾਣਗੇ।
3. ਚੰਗੇ ਅਧਿਆਪਕਾਂ ਦਾ ਉਤਸ਼ਾਹ ਵਧਾਉਣ ਲਈ "ਪ੍ਰਾਈਜ਼ ਫ਼ਾਰ ਬੈਸਟ ਟੀਚਿੰਗ" ਦਿੱਤੇ ਜਾਣਗੇ।
4. ਚੋਣਵੇਂ 1500 ਪ੍ਰਾਇਮਰੀ ਅਤੇ 400 ਮਿਡਲ ਸਕੂਲਾਂ ਨੂੰ ਲਾਇਬਰੇਰੀ ਗਰਾਂਟ ਦਿੱਤੀ ਜਾਵੇਗੀ।
5. 18 ਹਜ਼ਾਰ ਲਾਇਕ ਤੇ ਗ਼ਰੀਬ ਬੱਚਿਆਂ ਨੂੰ ਬੋਰਡ ਅਪਣਾਏਗਾ ਤੇ ਉਨ੍ਹਾਂ ਨੂੰ ਲਿਖਣ ਸਮੱਗਰੀ ਅਤੇ ਪੁਸਤਕਾਂ ਦਿਆ ਕਰੇਗਾ।
6. ਸੈਂਟਰ ਪ੍ਰਾਇਮਰੀ ਸਕੂਲਾਂ ਵਿਖੇ ਵਿਦਿਅਕ ਪ੍ਰਤਿ-ਯੋਗਤਾਵਾਂ ਲਈ 14 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ।
7. ਪ੍ਰੀਖਿਆ ਕੇਂਦਰਾਂ ਵਿਚ 5 ਲੱਖ ਤੋਂ ਵੱਧ ਰੁਪਏ ਦਾ ਫਰਨੀਚਰ ਦਿੱਤਾ ਜਾਵੇਗਾ ਅਤੇ ਪ੍ਰੀਖਿਆ ਪ੍ਰਣਾਲੀ ਦੀ ਸੋਧ ਲਈ ਨਵੇਂ ਪ੍ਰਾਜੈਕਟ ਹੱਥ ਵਿਚ ਲਏ ਜਾਣਗੇ।
8. 12. ਸਰਕਾਰੀ ਆਦਰਸ਼ ਵਿਦਿਆਲਿਆਂ ਲਈ ਇਕ ਕਰੋੜ ਰੁਪਿਆ ਪਿਛਲੇ ਵਰ੍ਹੇ ਸਰਕਾਰ ਨੂੰ ਦਿਤਾ ਸੀ। ਇਕ ਕਰੋੜ ਰੁਪਿਆ ਇਸ ਵਰ੍ਹੇ ਦਿੱਤਾ ਜਾਵੇਗਾ।

ਜਾਰੀ ਕਰਤਾ/ਲੋਕ ਸੰਪਰਕ ਅਫ਼ਸਰ





ਕਿਸ਼ਨ ਸਿੰਘ

## ਪਰੋਲਤਾਰੀ ਡਿਕਟੇਟਰਸ਼ਿਪ ਦਾ ਅਸਲ ਅਤੇ ਉਸ 'ਚ ਪਿਆ ਵਿਗਾੜ

ਜਦੋਂ ਇਨਕਲਾਬ ਆ ਜਾਵੇ, ਪਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਹੋ ਜਾਵੇ, ਪਹਿਲਾ ਸਵਾਲ ਤਾਂ ਇਹ ਹੀ ਹੁੰਦਾ ਹੈ ਕਿ ਇਹ ਡਿਕਟੇਟਰਸ਼ਿਪ ਮਜ਼ਬੂਤ ਤੋਂ ਮਜ਼ਬੂਤ ਹੁੰਦੀ ਜਾਵੇ। ਇਨਕਲਾਬ ਸਵਾਲ ਤਾਕਤ ਦਾ ਹੁੰਦਾ ਹੈ ਅਤੇ ਜੇ ਇਸ ਡਿਕਟੇਟਰਸ਼ਿਪ ਦੀ ਨੀਂਹ ਹੀ ਖੁਰਨੀ ਸ਼ੁਰੂ ਹੋ ਜਾਵੇ ਜਾਂ ਇਸ ਦੇ ਜਮਾਤੀ ਜੁੱਸੇ ਦੀ ਕਾਇਆਂ ਹੀ ਪਲਟਣ ਲਗ ਪਵੇ ਤਾਂ ਸਾਰੀ ਗੱਲ ਹੀ ਗਈ ਸਮਝੋ। ਇਸ ਡਿਕਟੇਟਰਸ਼ਿਪ ਨੂੰ ਮਜ਼ਬੂਤ ਰਖਾਂਦਿਆਂ ਹੋਇਆਂ ਦੂਸਰਾ ਕੰਮ ਹੁੰਦਾ ਹੈ ਆਰਥਕ ਨੀਂਹ ਨੂੰ ਸਮਾਜਵਾਦੀ ਬਣਾਉਣਾ।

ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ ਆਰਥਕ ਨੀਂਹ ਨੂੰ ਸਮਾਜਵਾਦੀ ਬਣਾਉਣ ਦੇ ਦੋ ਅੰਗ ਹਨ : ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਤੇ ਪੈਦਾਵਾਰ ਦੇ ਰਿਸ਼ਤਿਆਂ ਨੂੰ ਸਮਾਜਵਾਦੀ ਬਣਾਉਣਾ। ਇਹਨਾਂ ਦੋਹਾਂ ਅੰਗਾਂ ਵਿਚੋਂ ਕਿਸੇ ਨੂੰ ਵੀ ਛੱਡਿਆ ਨਹੀਂ ਜਾ ਸਕਦਾ, ਮੁਲਤਵੀ ਨਹੀਂ ਕੀਤਾ ਜਾ ਸਕਦਾ। ਇਹ ਹੀ ਹੈ ਇਸ ਨਾਹਰੇ ਦਾ ਅਰਥ 'ਇਨਕਲਾਬ ਲਿਆਉ ਤੇ ਪੈਦਾਵਾਰ ਵਧਾਉ।' ("make revolution and promote production.") ਰੂਸ ਵਿਚ ਇਨਕਲਾਬ ਦੇ ਆਉਣ ਨਾਲ, ਬਾਹਰਲੀ ਮੁਦਾਖ਼ਲਤ ਦੇ ਖ਼ਤਮ ਹੋਣ 'ਤੇ, ਪੈਦਾਵਾਰ ਦੇ ਰਿਸ਼ਤਿਆਂ ਦਾ ਜੁੱਸਾ ਡਾਇਲੈਕਟਿਕ ਸੀ। ਸਨਅਤੀ ਕੇਂਦਰਾਂ ਵਿਚ ਪੈਦਾਵਾਰ ਤਾਂ ਹੁੰਦੀ ਸੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਮਿਥੇ ਨਿਸ਼ਾਨਿਆਂ ਵਾਸਤੇ, ਅਤੇ ਉਹ ਬਹੁਤ ਹੱਦ ਤਕ ਸਨ ਵੀ ਸਟੇਟ ਦੀ ਮਲਕੀਅਤ। ਇਹ ਤਾਂ ਉਨ੍ਹਾਂ ਦੀ ਡਾਇਲੈਕਟਿਕ ਪੁਜ਼ੀਸ਼ਨ ਦਾ ਸਮਾਜਵਾਦੀ ਅੰਗ ਸੀ, ਸਮਾਜਵਾਦ ਵਲ ਨੂੰ ਜੁਜ਼ ਸੀ। ਦੂਸਰੇ ਪਾਸੇ ਉਹਨਾਂ ਕੇਂਦਰਾਂ ਵਿਚ ਕੰਮ ਦੀ ਵੰਡ ਬੁਰਜੁਆ ਸੀ, ਕੰਮ ਕਰਾਉਣ ਦਾ ਤਰੀਕਾ ਬੁਰਜੁਆ ਸੀ। ਦੂਸਰੇ ਲਫ਼ਜ਼ਾਂ ਵਿਚ, ਅੰਦਰੂਨੀ ਰਿਸ਼ਤੇ ਬੁਰਜੁਆ ਸਨ। ਵਰਕਰਾਂ ਨਾਲ ਰਿਸ਼ਤਾ ਵੇਜ ਲੇਬਰ ਦਾ ਸੀ। ਵਖ ਵਖ ਕੇਂਦਰਾਂ ਦਾ ਆਪਸ ਵਿਚ ਰਿਸ਼ਤਾ ਕੀਮਤ (price) ਦਾ ਸੀ। ਇਸ ਡਾਇਲੈਕਟਿਕ ਵਿਚ ਭਾਰੂ ਜੁਜ਼ ਬੁਰਜੁਆ ਸੀ। ਚੂੰਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਕਾਬਜ਼ ਸੀ, ਚਾਹੀਦਾ ਤਾਂ ਇਹ ਸੀ ਇਸ ਭਾਰੂ ਜੁਜ਼ ਨੂੰ, ਉਸ ਦੇ ਪਰੋਲਤਾਰੀ ਦੇ ਵਿਰੋਧੀ ਅਸਲੇ ਨੂੰ ਮੁਲਖੱਈਏ ਦੇ ਦਿਲਾਂ ਵਿਚ ਦਬੱਲ ਕੇ ਨੰਗਿਆਂ ਕੀਤਾ ਜਾਂਦਾ ਤੇ ਹਾਲਾਤ ਦੇ ਅਨੁਸਾਰ ਇਸ ਦੇ ਵਿਰੁਧ ਵਰਕਰਾਂ ਕੋਲੋਂ, ਮੁਲਖੱਈਏ ਕੋਲੋਂ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੀ ਸਿਰ-ਧੜ ਦੀ ਲਵਾਈ ਜਾਂਦੀ ਤੇ ਇਸ ਡਾਇਲੈਕਟਿਕ ਦੀ ਸਮਾਜਵਾਦ ਨੂੰ ਜਾਂਦੀ ਜੁਜ਼ ਨੂੰ ਭਾਰੂ ਕੀਤਾ ਜਾਂਦਾ ਪਰ...

**ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਵਸਤੂ :** ਏਥੇ ਇਕ ਨੁਕਤਾ ਹੋਰ ਵੀ ਸਾਫ਼ ਕਰਨ ਵਾਲਾ, ਗ੍ਰਹਿਣ ਕਰਨ ਵਾਲਾ ਹੈ, ਅਤੇ ਉਹ ਹੈ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਵਸਤੂ। ਜਿਥੇ

ਕਿਸਾਨੀ ਤਬਕਾ ਬਹੁਤ ਥੋਹੜਾ ਹੋਵੇ, ਨਾਂ-ਮਾਤਰ ਹੀ ਹੋਵੇ, ਵਸੋਂ ਦੀ ਬਹੁਤ ਘਟ ਫ਼ੀ ਸਦੀ ਹੋਵੇ, ਦੂਸਰੇ ਲਫ਼ਜ਼ਾਂ ਵਿਚ, ਜੇ ਮੁਲਕ ਸਨਅਤੀ ਤੌਰ 'ਤੇ ਬਹੁਤ ਉਸਰਿਆ ਹੋਇਆ ਹੋਵੇ ਅਤੇ ਵਸੋਂ ਸਨਅਤੀ ਵੇਗ ਵਿਚ ਹੀ ਸਮਾਈ ਹੋਈ ਹੋਵੇ ਉਥੇ ਤਾਂ ਕਿਸਾਨੀ ਤਬਕੇ ਦੀ ਅਹਿਮੀਅਤ ਕੁਦਰਤੀ ਬਹੁਤ ਨਹੀਂ ਹੋਵੇਗੀ। ਪਰ ਇਨਕਲਾਬ ਆਏ ਹਨ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ ਜਿਥੇ ਵਸੋਂ ਦੀ ਭੰਨਵੀਂ ਬਹੁਗਿਣਤੀ ਪੇਂਡੂ ਤਬਕੇ ਦੀ ਹੈ ਤੇ ਜਿਨ੍ਹਾਂ ਦਾ ਰੋਜ਼ਗਾਰ ਕਿਸਾਨੀ ਦੇ ਦਵਾਲੇ ਹੈ। ਇਹਨਾਂ ਮੁਲਕਾਂ ਵਿਚ ਸਨਅਤੀ ਮਜ਼ਦੂਰ ਜਮਾਤ ਦੇ ਕਿਸਾਨੀ ਤਬਕੇ ਨਾਲ ਰਿਸ਼ਤੇ ਦੀ ਬਹੁਤ ਅਹਿਮੀਅਤ ਹੈ। **ਪਰੋਲਤਾਰੀ ਦੀ ਡਿਕਟੇਟਰਸ਼ਿਪ, ਦਾ ਮਤਲਬ ਨਿਰੋਲ ਸਨਅਤੀ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਬਿਲਕੁਲ ਨਹੀਂ ਹੈ, ਨਾ ਹੀ ਇਸ ਦਾ ਮਤਲਬ ਹੈ ਸਨਅਤੀ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਆਮ ਮੁਲਖੱਈਏ ਉਤੇ।** ਪਰੋਲਤਾਰੀ ਦੀ ਡਿਕਟੇਟਰਸ਼ਿਪ ਹੈ ਜਮਾਤਾਂ ਦੀ ਆਪਸ ਵਿਚ ਸਾਂਝ, ਬੁਰਜੁਆਜ਼ੀ ਦੇ ਖ਼ਿਲਾਫ਼ ਜਮਾਤਾਂ ਦੀ ਆਪਸ ਵਿਚ ਸੰਧੀ (alliance between classes) **ਲੈਨਿਨ** ਕਹਿੰਦਾ ਹੈ ਜਿਸ ਨੇ ਮਾਰਕਸ ਦੇ "ਕੈਪੀਟਲ" ਨੂੰ ਪੜ੍ਹ ਕੇ ਉਸ ਵਿਚੋਂ ਇਹ ਵੀ ਨਹੀਂ ਸਮਝਿਆ, ਉਸ ਨੇ ਮਾਰਕਸ ਤੇ ਸਮਾਜਵਾਦ ਬਾਬਤ ਕੁਛ ਵੀ ਨਹੀਂ ਸਮਝਿਆ।[1]

ਲੈਨਿਨ ਇਹ ਲਿਖਦਾ ਹੋਇਆ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਨਵੀਂ ਸ਼ਕਲ ਵਿਚ ਜਮਾਤੀ ਜਦੋ-ਜਹਿਦ ਦਾ ਜਾਰੀ ਰਹਿਣਾ ਹੈ, ਲਿਖਦਾ ਹੈ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਖਾਸ ਕਿਸਮ ਦੀ ਜਮਾਤੀ ਸੰਧੀ (alliance) ਹੈ, ਮੇਹਨਤਕਸ਼ ਤਬਕੇ ਦੇ ਲੋਕਾਂ ਦੇ ਮੋਹਰਲੇ ਦਸਤੇ, ਪਰੋਲਤਾਰੀ ਤੇ ਗ਼ੈਰ-ਪਰੋਲਤਾਰੀ ਮੇਹਨਤਕਸ਼ ਤਬਕੇ ਦੇ ਦਰਮਿਆਨੀ (ਮਿਸਾਲ ਦੇ ਤੌਰ 'ਤੇ ਨਿਗੂਣੀ ਬੁਰਜੁਆਜ਼ੀ, ਛੋਟੇ ਕਾਰੋਬਾਰ ਦੇ ਮਾਲਕ, ਕਿਸਾਨੀ ਤਬਕੇ ਤੇ ਬੁਧੀਮਾਨ ਤਬਕੇ ਆਦਿ) ਜਾਂ ਇਹਨਾਂ ਤਬਕਿਆਂ ਦੀ ਬਹੁਗਿਣਤੀ ਨਾਲ। ਸਰਮਾਏ ਦੇ ਖ਼ਿਲਾਫ਼ ਇਹਨਾਂ ਦਾ ਇਹ ਜੋੜ ਅਤੇ ਇਸ ਜੋੜ ਦਾ ਮਨੋਰਥ ਹੈ ਸਰਮਾਏ ਦੀ ਛੱਟ ਨੂੰ ਖ਼ਤਮ ਕਰਨਾ, ਅਤੇ ਜੋ ਸਰਮਾਏ ਦੀ ਛੱਟ ਨੂੰ ਬਹਾਲ ਰਖਣ ਵਾਸਤੇ, ਜਾਂ ਮੁੜ ਉਸ ਦੇ ਤਹਿਤ ਨੂੰ ਸਥਾਪਤ ਕਰਨ ਵਾਸਤੇ ਅੜੇ, ਉਸ ਦੀਆਂ ਜੜ੍ਹਾਂ ਉਖੇੜਨੀਆਂ। ਇਹਨਾਂ ਜਮਾਤਾਂ ਦੇ ਆਪਸ ਵਿਚ ਜੋੜ ਦਾ ਮਨੋਰਥ ਹੈ ਸਭ ਰੁਕਾਵਟਾਂ ਨੂੰ ਖ਼ਤਮ ਕਰ ਕੇ ਸਮਾਜਵਾਦ ਨੂੰ ਸੁਰਖ਼ਰੂ ਕਰ ਕੇ ਸਥਾਪਤ ਕਰਨਾ ਤੇ ਉਸ ਨੂੰ ਪੱਕੇ ਪੈਰੀਂ ਖਲਿਹਾਰਨਾ।[2]

ਚੂੰਕਿ ਇਨਕਲਾਬ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ ਆਏ ਹਨ ਤੇ ਇਹਨਾਂ ਦੀ ਵਸੋਂ ਦੀ ਭੰਨਵੀਂ ਬਹੁਗਿਣਤੀ ਪੇਂਡੂ ਹੈ, ਕਿਸਾਨੀ 'ਤੇ ਨਿਰਭਰ ਹੈ, ਏਸ ਵਾਸਤੇ ਇਹਨਾਂ ਮੁਲਕਾਂ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਜਿੰਦ-ਜਾਨ ਹੈ—ਸਨਅਤੀ ਮਜ਼ਦੂਰ ਜਮਾਤ ਤੇ ਕਿਸਾਨੀ ਤਬਕੇ ਦਾ, ਹਲ ਵਾਹਕਾਂ ਆਦਿ ਦਾ ਆਪਸ ਵਿਚ ਜੋੜ, ਆਰਥਕ, ਸਿਆਸੀ, ਵਿਚਾਰਧਾਰਕ-ਪੱਧਰਾਂ 'ਤੇ ਜੋੜ। ਪੈਦਾਵਾਰ ਦੇ ਕੇਂਦਰਾਂ ਵਿਚ ਪੈਦਾਵਾਰ ਦੇ ਰਿਸ਼ਤਿਆਂ ਵਾਂਗ ਸਟੇਟ ਤੇ ਰਾਜ-ਪ੍ਰਬੰਧ ਦਾ ਜੁੱਸਾ ਵੀ ਡਾਇਲੈਕਟਿਕ ਸੀ। ਸਟੇਟ ਦੀ ਸਿਆਸੀ ਲੀਡਰਸ਼ਿਪ ਸੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸੀ, ਪਰ ਰਾਜ ਪ੍ਰਬੰਧ ਦਾ ਅਡੰਬਰ ਕਾਫ਼ੀ ਹੱਦ ਤਕ ਜ਼ਾਰ ਵਾਲਾ ਹੀ ਸੀ, ਬੁਰਜੁਆ ਸੀ। ਇਨਕਲਾਬ ਨੂੰ ਪੂਰਾ ਕਰਨ ਵਾਸਤੇ ਸਾਰੀ ਗੱਲ ਦੀ ਬੁਨਿਆਦ ਤਾਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਮਜ਼ਬੂਤੀ। ਅਤੇ ਇਹ ਮਜ਼ਬੂਤੀ ਨਿਰਭਰ ਕਰਦੀ ਸੀ ਪਰੋਲਤਾਰੀ ਤੇ ਕਿਸਾਨ ਜਮਾਤ ਦੇ ਆਪਸ ਵਿਚ ਜੋੜ ਉਤੇ। ਇਸ ਦੀ ਮਜ਼ਬੂਤੀ ਦੇ ਆਸਰੇ ਜਮਾਤੀ ਜਦੋ-ਜਹਿਦ ਰਾਹੀਂ ਰਾਜ-ਪ੍ਰਬੰਧ ਨੂੰ ਪੂਰੀ ਤਰ੍ਹਾਂ ਪਰੋਲਤਾਰੀ ਪੈਂਤੜੇ ਦਾ ਬਣਾਉਣ ਦੀ ਕੋਸ਼ਿਸ਼ ਹੋ ਸਕਦੀ ਸੀ।



(ਵੈਸੇ ਤਾਂ ਜਿੰਨਾਂ ਚਿਰ ਸਮਾਜ ਵਿਚ ਆਪਸ ਵਿਚ ਵਿਰੋਧੀ ਜਮਾਤਾਂ ਕਾਇਮ ਹਨ, ਸਟੇਟ ਤੇ ਰਾਜ-ਪ੍ਰਬੰਧ ਦਾ ਅਡੰਬਰ ਕੀ, ਪਾਰਟੀ ਦੀ ਆਪਣੀ ਬਣਤਰ ਵੀ ਡਾਇਲੈਕਟਿਕ ਹੁੰਦੀ ਹੈ। ਉਸ ਵਿਚੋਂ ਵੀ ਬੁਰਜੁਆ ਅਨਸਰ ਖ਼ਤਮ ਨਹੀਂ ਹੋ ਗਿਆ ਹੁੰਦਾ। ਇਸ ਵਾਸਤੇ ਹੀ **ਪਾਰਟੀ ਦੇ ਅੰਦਰ ਵੀ ਲਗਾਤਾਰ ਵਿਚਾਰਧਾਰਕ ਜਮਾਤੀ ਜਦੋ-ਜਹਿਦ ਲਾਜ਼ਮੀ ਹੁੰਦੀ ਹੈ।** ਫੇਰ ਵੀ ਲਗਾਤਾਰ ਜਮਾਤੀ ਜਦੋ-ਜਹਿਦ ਰਾਹੀਂ ਸਟੇਟ ਤੇ ਰਾਜ-ਪ੍ਰਬੰਧ ਦੇ ਅਡੰਬਰ ਵਿਚ ਪਰੋਲਤਾਰੀ ਵਾਲੀ ਜੁਜ਼ ਨੂੰ ਭਾਰੂ ਕਰੀ ਆਉਣਾ ਲਾਜ਼ਮੀ ਸੀ)

**ਪਰੋਲਤਾਰੀ ਡਿਕਟੇਟਰਸ਼ਿਪ ਦੀ ਕਾਇਆਂ-ਪਲਟੀ ਦਾ ਦੁਖਾਂਤ :** ਲੋੜ ਸੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਮਜ਼ਬੂਤ ਕਰਨ ਦੀ, ਵਰਕਰ ਕਿਸਾਨ ਦੇ ਆਪਸ ਵਿਚ ਜੋੜ ਨੂੰ ਪੱਕਿਆਂ ਪੈਰਾਂ 'ਤੇ ਤੋਰਨ ਦੀ। ਲੋੜ ਸੀ ਸਾਰੇ ਮੇਹਨਤਕਸ਼ ਤਬਕੇ ਦੀ ਏਕਤਾ ਦੀ। ਸਾਰੇ ਮੁਲਖੱਈਏ ਨੂੰ ਜਮਾਤੀ ਤੌਰ 'ਤੇ ਚੇਤੰਨ ਕਰਨ ਦੀ ਤਾਕਿ ਉਹ ਸਾਰਾ ਤਬਕਾ ਮੋਢੇ ਨਾਲ ਮੋਢਾ ਡਾਹ ਕੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਬੁਰਜੁਆ ਰਿਸ਼ਤਿਆਂ ਦੇ ਖ਼ਿਲਾਫ਼ ਭਰਵੀਂ ਜਮਾਤੀ ਜਦੋ-ਜਹਿਦ ਕਰਦਾ ਤਾਕਿ ਸਮਾਜਕ ਰਿਸ਼ਤਿਆਂ ਵਿਚ ਸਮਾਜਵਾਦੀ ਜੁਜ਼ ਭਾਰੂ ਹੁੰਦਾ। ਪਰ ਹੋਇਆ ਕੀ? **ਹੋਇਆ ਉਹ ਜੋ ਬਿਲਕੁਲ ਨਹੀਂ ਸੀ ਹੋਣਾ** ਚਾਹੀਦਾ। ਬਾਹਰਲੀ ਮੁਦਾਖ਼ਲਤ ਦੇ ਖ਼ਤਮ ਹੁੰਦਿਆਂ ਹੀ "War Communism" ਵੇਲੇ ਹੀ ਸੋਵੀਅਤ ਤਾਕਤ ਦੀ, ਤੇ ਵਰਕਰ ਜਮਾਤ ਜਿਸ ਦੀ ਕਿ ਉਹ ਪ੍ਰਤੀਨਿਧ ਸੀ, ਦੀ ਕਿਸਾਨੀ ਜਮਾਤ ਨਾਲ ਖੜਕ ਪਈ। ਕਿਸਾਨੀ ਜਮਾਤ ਨਾਲ ਵਰਕਰ ਜਮਾਤ ਦੇ ਰਿਸ਼ਤੇ ਬਾਬਤ ਪਾਰਟੀ ਐਸੀ ਪੈਰਾਂ ਤੋਂ ਉਖੜੀ ਕਿ ਮੁੜ ਸੰਭਲੀ ਹੀ ਨਾ। ਸਨਅਤੀ ਮਜ਼ਦੂਰ ਜਮਾਤ ਤੇ ਇਨਕਲਾਬੀ ਸਰਕਾਰ ਦੀ ਕਿਸਾਨੀ ਜਮਾਤ ਨਾਲ ਐਸੀ ਵਿਗੜੀ ਕਿ ਮੁੜ ਕਦੀ ਬਣ ਹੀ ਨਾ ਪਾਈ। ਇਹ ਵਿਗਾੜ ਲੰਮੀ ਤੇ ਦੁਖਾਂਤਕ ਕਹਾਣੀ ਹੈ। ਪਰ ਇਸ ਵਿਗਾੜ ਦਾ ਅੰਤ ਸਿੱਟਾ ਉਹ ਹੀ ਨਿਕਲਿਆ ਜੋ ਨਿਕਲਣਾ ਸੀ। ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਕਾਇਆਂ-ਪਲਟੀ ਹੋ ਗਈ ਅਤੇ ਉਹ ਸਟੇਟ-ਬੁਰਜੁਆਜ਼ੀ ਦੀ ਡਿਕਟੇਟਰਸ਼ਿਪ ਬਣ ਬੈਠੀ।

ਜਿੰਨਾਂ ਚਿਰ ਬਾਹਰਲੀ ਮੁਦਾਖ਼ਲਤ ਹੁੰਦੀ ਰਹੀ, ਉਨਾਂ ਚਿਰ "ਵਾਰ ਕਮਿਊਨਿਜ਼ਮ" ਚਲਦਾ ਰਿਹਾ। ਭਾਵੇਂ ਕਿਸਾਨ ਤਬਕੇ ਨੂੰ ਵਰਕਰ ਜਮਾਤ ਕੋਲੋਂ, ਸ਼ਹਿਰ ਕੋਲੋਂ, ਸਨਅਤ ਕੋਲੋਂ ਵਟਾਂਦਰੇ ਵਿਚ ਕੋਈ ਮਾਲ ਨਹੀਂ ਸੀ ਮਿਲਦਾ (ਮਿਲ ਸਕਦਾ ਹੀ ਨਹੀਂ ਸੀ), ਉਹ ਸ਼ਹਿਰੀਆਂ ਦੀ ਪੇਟ ਪੂਜਾ ਵਾਸਤੇ ਤੇ ਜੰਗੀ ਮੁਹਾਜ਼ਾਂ ਦੀਆਂ ਲੋੜਾਂ ਵਾਸਤੇ ਅਨਾਜ ਦੀ ਉਗਰਾਹੀ ਦੇਂਦਾ ਰਿਹਾ। ਜਾਣਦਾ ਸੀ ਕਿ ਜੇ ਹਾਰ ਹੋ ਗਈ ਤਾਂ ਉਸ ਦੇ ਸਿਰ 'ਤੇ ਮੁੜ ਜਾਗੀਰਦਾਰ ਆ ਸਵਾਰੀ ਪਾਉਣਗੇ। ਪਰ ਜਦੋਂ ਲੜਾਈ ਖ਼ਤਮ ਹੋ ਗਈ, ਜਿੱਤ ਹੋ ਗਈ ਤਾਂ ਪੁਜ਼ੀਸ਼ਨ ਬਦਲ ਗਈ। "ਵਾਰ ਕਮਿਊਨਿਜ਼ਮ" ਦੀ ਲੌਜਿਕ ਕਿਸਾਨੀ ਤਬਕੇ ਦੇ ਦਿਲਾਂ 'ਤੇ ਅਸਰ ਕਰਨੋਂ ਕੁਦਰਤੀ ਹੱਟ ਗਈ। ਹੁਣ ਉਹ ਵਰਕਰ ਜਮਾਤ ਨੂੰ, ਸ਼ਹਿਰ ਨੂੰ, ਸਨਅਤ ਨੂੰ ਆਪਣੀ ਪੈਦਾਵਾਰ—ਅਨਾਜ—ਐਵੇਂ ਮੁਫ਼ਤ ਦੇਣ ਨੂੰ ਤਿਆਰ ਨਹੀਂ ਸੀ। ਉਹ ਆਪਣੀ ਲੋੜ ਦੇ ਸਨਅਤੀ ਮਾਲ ਨਾਲ ਆਪਣੇ ਪੈਦਾ ਕੀਤੇ ਅਨਾਜ ਨੂੰ ਵਟਾਉਣ ਲਈ ਬਿਲਕੁਲ ਤਿਆਰ ਸੀ ਅਤੇ ਉਹ ਵੀ ਸਾਂਵੀਆਂ ਕੀਮਤਾਂ ਉਤੇ। ਕਿਸਾਨ ਜਮਾਤ ਦੀ ਇਹ ਪੁਜ਼ੀਸ਼ਨ ਜਾਇਜ਼ ਸੀ, ਸਮਝੀ ਜਾ ਸਕਦੀ ਸੀ। ਪਰ ਲੜਾਈ ਦੀ ਬਰਬਾਦ ਹੋਈ, ਖੁਰਦ ਬੁਰਦ ਹੋਈ ਸਨਅਤ ਕੋਲ, ਵਰਕਰ ਜਮਾਤ ਕੋਲ ਕਿਸਾਨ ਜਮਾਤ ਨੂੰ ਦੇਣ ਨੂੰ ਸਨਅਤੀ ਮਾਲ ਨਹੀਂ ਸੀ। ਕਮ-ਅਜ਼-ਕਮ ਕਾਫ਼ੀ ਨਹੀਂ ਸੀ। ਸ਼ਹਿਰੀ ਵਸੋਂ ਨੂੰ, ਵਰਕਰ ਜਮਾਤ ਨੂੰ ਭੁਖਿਆਂ ਤੇ ਮਾਰਿਆ ਹੀ ਨਹੀਂ ਸੀ ਜਾ ਸਕਦਾ। ਨਾਲੇ ਸੋਵੀਅਤ ਤਾਕਤ ਦੀ

ਪੱਕੀ ਨੀਂਹ ਵੀ ਅੰਤ ਸਨਅਤੀ ਮਜ਼ਦੂਰ ਜਮਾਤ ਹੀ ਸੀ । ਚੂੰਕਿ ਪਾਰਟੀ ਪਿੰਡ ਦੇ ਸੀਨ ਤੇ ਕਿਸਾਨੀ ਤਬਕੇ ਵਿਚ ਖੁਭੀ ਹੋਈ ਨਹੀਂ ਸੀ ਉਸ ਦਾ ਕਾਫੀ ਹਿੱਸਾ ਇਸ ਭੁਲੇਖੇ ਦਾ ਸ਼ਿਕਾਰ ਹੋ ਗਿਆ ਕਿ "ਵਾਰ ਕਮਿਊਨਿਜ਼ਮ" ਐਸੀ ਜਰਨੈਲੀ ਸੜਕ ਹੈ ਜਿਸ 'ਤੇ ਪਿਆਂ ਕਮਿਊਨਿਜ਼ਮ ਸਿੱਧਾ ਹੀ ਉਸਾਰ ਸਕੀਦਾ ਹੈ । ਸਮਾਜ ਦੀ ਆਰਥਕਤਾ ਵਿਚੋਂ ਪੈਸਾ, ਮੰਡੀ, ਉਜਰਤ...ਗਲ ਕੀ ਮੰਡੀ ਦੀ ਜਿਨਸੀ ਆਰਥਕਤਾ (commodity production) ਇੱਕੋ, ਏਸੇ ਹੱਲੇ ਹੀ ਖ਼ਤਮ ਕੀਤੀ ਜਾ ਸਕਦੀ ਹੈ ।

ਇਸ ਦੇ ਨਾਲ ਪਾਰਟੀ ਦਾ ਕਾਫੀ ਹਿੱਸਾ ਇਸ ਭੁਲੇਖੇ 'ਤੇ ਵੀ ਪੱਕਾ ਹੋ ਗਿਆ ਕਿ ਸਾਰੀ ਲੇਬਰ ਦੀ ਫੌਜੀ ਜਥੇਬੰਦੀ ਕੀਤੀ ਜਾ ਸਕਦੀ ਹੈ, ਅਤੇ ਇਹ ਵੀ ਕਿ ਲੇਬਰ ਦੀ ਲਾਮ-ਬੰਦੀ ਲੇਬਰ ਉਤੇ ਜਬਰ ਨਹੀਂ, ਸਮਾਜਵਾਦੀ ਅਮਲ ਹੈ ਕਿਉਂਕਿ ਉਸ ਦੀ ਲਾਮਬੰਦੀ ਕਰਨ ਵਾਲੀ ਜਮਾਤ, ਹਕੂਮਤ ਬੁਰਜੂਆ ਨਹੀਂ, ਪਰੋਲਤਾਰੀ ਦੀ ਡਿਕਟੇਟਰਸ਼ਿਪ ਹੈ । ਕਿਸਾਨੀ ਦੀ ਹਾਹਾਕਾਰ, ਉਸ ਵਿਚ ਪਈ ਕੁਰਲਾਹਟ ਤੇ ਹੋਈ ਕਿ ਹੋਈ ਬਗਾਵਤੀ ਹਿਲ-ਜੁਲ ਦੀ ਦਸ਼ਾ ਨੇ ਪਾਰਟੀ ਦੇ ਦਿਮਾਗ ਵਿਚੋਂ ਇਹ ਭੁਲੇਖੇ ਤਾਂ ਕੱਢ ਦਿਤੇ ਅਤੇ ਉਹ ਐਨ. ਈ. ਪੀ. (N.E.P.) ਦੇ ਰਾਹੇ ਪਈ। ਲੈਨਿਨ ਤਾਂ ਐਨ. ਈ. ਪੀ. ਦੀ ਸਹੀ ਅਹਿਮੀਅਤ ਸਮਝਣ ਦੇ ਰਾਹੇ ਪੈ ਰਿਹਾ ਸੀ ਪਰ ਇਸ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਤੇ ਸਪੱਸ਼ਟ ਤਰ੍ਹਾਂ ਆਪ ਸਮਝਣ ਤੋਂ ਪਹਿਲਾਂ ਤੇ ਪਾਰਟੀ ਦੀ ਲੀਡਰਸ਼ਿਪ ਵਿਚ ਇਸ ਨੂੰ ਸਾਫ਼ ਕਰਨ ਤੋਂ ਪਹਿਲਾਂ ਹੀ ਉਹ ਚਲ ਵਸਿਆ । ਪਰ ਉਹ ਇਹ ਕਹਿਣ ਤਕ ਗਿਆ ਸੀ ਕਿ ਜੇ ਸਾਰੀ ਕਿਸਾਨੀ ਜਮਾਤ ਕੋਆਪਰੇਟਿਵਜ਼ (cooperatives) ਵਿਚ ਜਥੇਬੰਦ ਹੋਈ ਹੋਈ ਹੁੰਦੀ ਤਾਂ ਅਸੀਂ ਹੁਣ ਤਕ ਸਮਾਜਵਾਦ ਦੀ ਧਰਤੀ ਉਤੇ ਦੋਵੇਂ ਪੈਰ ਟਿਕਾ ਕੇ ਤਸਲੀ ਨਾਲ ਖੜੋਤੇ ਹੁੰਦੇ । ਪਰ ਕੋਆਪਰੇਟਿਵਜ਼ ਤਾਂ ਹੀ ਸਮਾਜਵਾਦ ਵਲ ਨੂੰ ਲਿਜਾ ਸਕਦੀਆਂ ਜੇ ਕਿਸਾਨੀ ਮੁਲਖੱਈਆ ਕਿਸੇ ਆਰਥਕ ਸਿਆਸੀ ਧੌਂਸ ਨਾਲ ਨਹੀਂ ਬਲਕਿ ਆਪਣੀ ਮਰਜ਼ੀ ਨਾਲ ਉਹਨਾਂ ਵਿਚ ਜਥੇਬੰਦ ਹੋਇਆ ਹੁੰਦਾ । ਲੈਨਿਨ ਨੇ ਨਾਲ ਹੀ ਦਸਿਆ ਕਿ ਕਿਸਾਨੀ ਮੁਲਖੱਈਏ ਦੇ ਕੋਆਪਰੇਟਿਵਜ਼ ਵਿਚ ਜਥੇਬੰਦ ਹੋਣ ਵਾਸਤੇ ਉਸ ਦਾ ਖ਼ਾਸ ਕਲਚਰਲ ਮਿਆਰ ਹੋਣਾ ਜ਼ਰੂਰੀ ਹੈ ਅਤੇ ਉਸ ਕਲਚਰਲ ਮਿਆਰ ਦੀ ਪਰਾਪਤੀ ਕਲਚਰਲ ਇਨਕਲਾਬ ਤੋਂ ਬਗੈਰ ਮੁਮਕਿਨ ਨਹੀਂ । ਸੋ ਕਿਸਾਨੀ ਤਬਕੇ ਨੂੰ ਸਮਾਜਵਾਦੀ ਰਾਹੇ ਪਾਉਣ ਵਾਸਤੇ ਉਸ ਦੀ ਕਾਫੀ ਤਿਆਰੀ ਕਰਾਉਣ ਦੀ ਲੋੜ ਸੀ ।

**ਐਨ. ਈ. ਪੀ.—ਅਸਲਾ ਤੇ ਵਿਗਾੜ** : ਇਤਿਹਾਸਕ ਹਾਲਾਤ ਦੇ ਉਸ ਪਸੰਗ ਵਿਚ ਐਨ. ਈ. ਪੀ. ਦੀ ਸਹੀ ਅਹਿਮੀਅਤ ਸੀ ਵਰਕਰ-ਕਿਸਾਨ ਦੇ ਜੋੜ ਨੂੰ, ਮੇਲ ਨੂੰ ਲੋਹੇ ਵਰਗਾ ਮਜ਼ਬੂਤ ਕਰਨਾ, ਉਹਨਾਂ ਦੋਹਾਂ ਜਮਾਤਾਂ ਦੀ ਸਾਂਝ ਪਾਉਣੀ, ਆਰਥਕ ਪੱਧਰ 'ਤੇ ਵੀ, ਸਿਆਸੀ ਪੱਧਰ 'ਤੇ ਵੀ ਤੇ ਵਿਚਾਰਧਾਰਕ ਪੱਧਰ 'ਤੇ ਵੀ । ਲੈਨਿਨ ਦੇ ਮਰਨ ਮਗਰੋਂ ਐਨ. ਈ. ਪੀ. ਨੂੰ ਸਿਰਫ ਆਰਜ਼ੀ ਆਰਥਕ ਨੀਤੀ ਹੀ ਸਮਝਿਆ ਗਿਆ । ਪੈਂਦੇ ਕਾਲ ਤੋਂ ਮੁਲਕ ਨੂੰ ਬਚਾਉਣ ਵਾਸਤੇ ਅਤੇ ਉਹ ਵੀ ਮਜਬੂਰੀ ਦੀ ਹਾਲਤ ਵਿਚ ਕਿਸਾਨੀ ਜਮਾਤ ਨੂੰ ਦਿੱਤੀ ਗਈ ਰਿਆਇਤ, ਜਿਸ ਦਾ ਛੇਤੀ ਤੋਂ ਛੇਤੀ ਖ਼ਤਮ ਹੋਣਾ ਹੀ ਸਮਾਜਵਾਦੀ ਰਾਹੇ ਪੈਣ ਵਾਸਤੇ ਸਹੀ ਸਮਝਿਆ ਗਿਆ ।

ਜੇ ਐਨ. ਈ. ਪੀ. ਸਹੀ ਅਰਥਾਂ ਵਿਚ ਸਮਝੀ ਜਾਂਦੀ ਤੇ ਉਹਨਾਂ ਅਰਥਾਂ ਵਿਚ ਹੀ ਲਾਗੂ ਕੀਤੀ ਜਾਂਦੀ ਤਾਂ ਉਸ ਦਾ ਰੋਲ ਸੀ ਵਰਕਰ-ਕਿਸਾਨ ਜਮਾਤਾਂ ਦੇ ਜੋੜ ਨੂੰ ਲੋਹੇ-ਲਾਠਾ ਕਰਨਾ, ਉਸ ਦੇ ਆਸਰੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਅਜਿੱਤ ਬਣਾਉਣਾ ਤੇ ਉਸ ਦੇ ਆਧਾਰ 'ਤੇ ਸਮਾਜਵਾਦ



ਦੀ ਉਸਾਰੀ ਦਾ ਰਾਹ ਖੋਲ੍ਹਣਾ । ਐਨ. ਈ. ਪੀ. ਦੇ ਸਹੀ ਅਰਥ ਤੇ ਉਸ ਦਾ ਸਹੀ ਰੋਲ ਕੀ ਸੀ ? ਉਸ ਦਾ ਸਹੀ ਅਰਥ ਤੇ ਸਹੀ ਰੋਲ ਸੀ ਪਿੰਡ ਤੇ ਸ਼ਹਿਰ ਦਾ, ਵਰਕਰ ਤੇ ਕਿਸਾਨ ਜਮਾਤ ਦਾ, ਦੋਹਾਂ ਦਾ ਸੁਖਾਵਾਂ, ਆਪਸ ਵਿਚ ਮਿਲਵਰਤਣ । ਦੋਹਾਂ ਜਮਾਤਾਂ ਦੇ ਆਪਸ ਵਿਚ ਰਿਸ਼ਤੇ ਦੀ ਪਦਾਰਥਕ ਨੀਂਹ ਸੀ—ਸਨਅਤ ਤੇ ਕਾਸ਼ਤਕਾਰੀ ਦੀਆਂ ਪੈਦਾਵਾਰਾਂ ਦਾ ਦਬਾ-ਦੱਬ ਉਹ ਵਟਾਂਦਰਾ ਜੋ ਕਿਸਾਨ ਨੂੰ ਵੀ ਤਸੱਲੀਬਖ਼ਸ਼ ਤੇ ਨਿਆਈਂ ਮਹਿਸੂਸ ਹੁੰਦਾ । ਕਿਸਾਨ ਜਮਾਤ ਨੂੰ ਬੁਨਿਆਦੀ ਤੌਰ 'ਤੇ ਦੋ ਕਿਸਮ ਦੇ ਮਾਲ ਦੀ ਲੋੜ ਸੀ । ਇਕ ਤਾਂ ਉਸ ਦੀ ਪੈਦਾਵਾਰ ਦੇ ਸੰਦ ਅਤੇ ਦੂਸਰੇ ਲੀੜਾ ਲੱਤਾ ਤੇ ਉਸ ਨਾਲ ਸਬੰਧਤ ਜ਼ਿੰਦਗੀ ਵਾਸਤੇ ਲੋੜੀਂਦੀਆਂ ਚੀਜ਼ਾਂ ਜੋ ਉਹ ਆਪ ਪੈਦਾ ਨਹੀਂ ਸੀ ਕਰ ਸਕਦਾ । ਇਹਨਾਂ ਲੋੜੀਂਦੀਆਂ ਚੀਜ਼ਾਂ ਨੂੰ ਖ਼ਰੀਦਣ ਵਾਸਤੇ ਉਹ ਆਪਣੀ ਖਾਧ ਖੁਰਾਕ ਤੋਂ ਵਾਧੂ ਪੈਦਾਵਾਰ ਜ਼ਰੂਰ ਮੰਡੀ ਵਿਚ ਲਿਆਉਂਦਾ । ਜੇ ਪਾਰਟੀ ਪਰੋਲਤਾਰੀ ਪੈਂਤੜੇ 'ਤੇ ਰਹਿੰਦੀ ਤਾਂ ਉਸ ਲਈ ਇਹ ਦੋਵੇਂ ਅਸੰਭਵ ਨਹੀਂ ਸਨ । ਜੇ ਪਾਰਟੀ ਤੇ ਰਾਜ-ਪ੍ਰਬੰਧ ਦਾ ਅਡੰਬਰ ਪਿੰਡਾਂ ਦੀ ਦਸਤਕਾਰੀ ਨੂੰ ਆਪਣੀ ਪੈਦਾਵਾਰ ਵਾਸਤੇ ਕੱਚਾ ਮਾਲ ਖੁਲ੍ਹੇ ਦਿਲ ਨਾਲ ਦੇਂਦਾ ਰਹਿੰਦਾ ਤਾਂ ਕਿਸਾਨ ਨੂੰ ਉਸ ਦੀ ਪੈਦਾਵਾਰ ਦੇ ਸੰਦ ਆਦਿ ਸੌਖੇ ਹੀ ਮਿਲਦੇ ਰਹਿੰਦੇ । ਉਸ ਦੀ ਲੋੜ ਦਾ ਹੋਰ ਸਮਾਨ ਵੀ ਮਿਲਣਾ ਅਸੰਭਵ ਨਾ ਹੁੰਦਾ । ਪਰ ਸਨਅਤੀ ਪੈਦਾਵਾਰ ਦੇ ਕੇਂਦਰਾਂ ਦਾ ਪ੍ਰਬੰਧ ਚੂੰਕਿ ਬੁਰਜੂਆ ਮਾਹਿਰਾਂ, ਪ੍ਰਬੰਧਕਾਂ ਦੇ ਹੱਥ ਚਲਿਆ ਗਿਆ ਸੀ, ਉਹਨਾਂ ਪੇਂਡੂ ਦਸਤਕਾਰੀ ਨੂੰ ਆਪਣੇ ਮਾਲ ਦੀ ਵਿਕਰੀ ਵਾਸਤੇ ਸ਼ਰੀਕ ਸਮਝਿਆ । ਉਹਨਾਂ ਤੇ ਉਹਨਾਂ ਦੀ ਲਾਈਨ ਦੇ ਹੋਰ ਹਾਮੀਆਂ ਦੇ ਅਸਰ ਦਾ ਨਤੀਜਾ ਇਹ ਹੋਇਆ ਕਿ ਪੇਂਡੂ ਦਸਤਕਾਰੀ ਦਾ ਗੱਲ ਘੁਟਿਆ ਗਿਆ । ਉਸ ਨੂੰ ਕੱਚਾ ਮਾਲ ਮਿਲਣਾ ਔਖਾ ਹੋ ਗਿਆ । ਨਤੀਜਾ ਇਹ ਹੋਇਆ ਕਿ ਨਾ ਤਾਂ ਸ਼ਹਿਰੀ ਸਨਅਤ ਹੀ ਕਾਸ਼ਤਕਾਰ ਨੂੰ ਉਸ ਦੀ ਪੈਦਾਵਾਰ ਦੇ ਸੰਦ ਤੇ ਉਸ ਦੀ ਜ਼ਿੰਦਗੀ ਦੀਆਂ ਲੋੜਾਂ ਦੀਆਂ ਚੀਜ਼ਾਂ ਦੇ ਸਕੀ ਤੇ ਨਾ ਹੀ ਉਸ ਨੇ ਪੇਂਡੂ ਦਸਤਕਾਰੀ ਨੂੰ ਏਨੀ ਜੋਗੀ ਛੱਡਿਆ ਕਿ ਉਹ ਕਾਸ਼ਤਕਾਰੀ ਦੀਆਂ ਲੋੜਾਂ ਪੂਰੀਆਂ ਕਰ ਸਕਦੀ ।

ਇਸ ਤੋਂ ਉਪਰੰਤ ਪਰਲਤਾਰੀ ਦੇ ਪੈਂਤੜੇ ਦੇ ਵਿਰੋਧੀ ਹੋਰ ਲਾਈਨ ਖੜੀ ਕੀਤੀ ਗਈ । ਲੈਨਿਨ ਦੇ ਹੁੰਦਿਆਂ ਵੀ ਤੇ ਉਸ ਦੇ ਮਗਰੋਂ ਵੀ ਰਾਜ-ਪ੍ਰਬੰਧ ਦੇ ਅਡੰਬਰ ਤੇ ਸਨਅਤੀ ਪੈਦਾਵਾਰ ਦੇ ਕੇਂਦਰਾਂ ਰਾਹੀਂ ਪਾਰਟੀ ਦੇ ਅੰਦਰ ਵੀ ਕਾਫੀ ਬੁਰਜੂਆ ਅੰਸਰ ਆਣ ਵੜਿਆ । ਪੈਦਾਵਾਰ ਦੇ ਕੇਂਦਰਾਂ ਦੇ ਮਾਹਿਰਾਂ, ਪ੍ਰਬੰਧਕਾਂ ਤੇ ਰਾਜ ਪ੍ਰਬੰਧ ਦੇ ਅੰਦਰਲੇ ਬੁਰਜੂਆ ਅਨਸਰ ਦੇ ਅਸਰ ਨਾਲ ਸਨਅਤੀ ਉਸਾਰੀ ਦਾ ਜੋ ਪੈਟਰਨ, ਉਸ ਉਸਾਰੀ ਦਾ ਜੋ ਸੰਕਲਪ ਖੜਾ ਕੀਤਾ ਗਿਆ ਉਸ ਦਾ ਅਸਲਾ ਬੁਰਜੂਆ ਸੀ, capital intensive ਸੀ, labour intensive ਨਹੀਂ ਸੀ । ਸਨਅਤੀ ਉਸਾਰੀ ਦਾ ਨਕਸ਼ਾ ਹੀ ਇਉਂ ਪੇਸ਼ ਕੀਤਾ ਗਿਆ ਕਿ ਸਮਾਜਵਾਦ ਸਰਮਾਏਦਾਰੀ ਨਾਲੋਂ ਅਗੇਰਾ, ਉਚੇਰਾ ਨਿਜ਼ਾਮ ਹੈ, ਇਸ ਵਾਸਤੇ ਇਸ ਦੀ ਮਸ਼ੀਨ, ਇਸ ਦੀ ਟੈਕਨਾਲੋਜੀ ਨਵੀਂ ਤੋਂ ਨਵੀਂ ਈਜਾਦ ਵਾਲੀ, ਸਾਇੰਸ ਵਿਚ ਆਖ਼ਰੀ ਤੋਂ ਆਖ਼ਰੀ ਪਰਾਪਤੀ ਤੇ ਆਧਾਰ ਵਾਲੀ ਚਾਹੀਦੀ ਹੈ ਅਤੇ ਸਨਅਤੀ ਪੈਦਾਵਾਰ ਦੇ ਕੇਂਦਰ ਵੱਡੇ ਤੋਂ ਵੱਡੇ ਪੈਮਾਨੇ ਵਾਲੇ ਲੋੜੀਂਦੇ ਹਨ । ਜੇ ਪ੍ਰਵਾਨ ਹੋਈ ਸਨਅਤੀ ਉਸਾਰੀ ਦਾ ਪੈਟਰਨ ਬੁਰਜੂਆ ਅਸਲੇ ਵਾਲਾ ਸੀ ਤਾਂ ਲਾਜ਼ਮੀ ਸੀ ਕਿ ਉਸ ਦੇ ਵਾਸਤੇ ਸਰਮਾਇਆ ਵੀ ਬੁਰਜੂਆ ਤਰੀਕੇ ਨਾਲ ਹੀ ਇਕੱਠਾ ਹੁੰਦਾ । ਸੋ ਮੁਢਲੇ ਸਰਮਾਏ (primitive accumulation) ਨੂੰ ਇਕੱਠਾ ਕਰਨਾ ਲਾਜ਼ਮੀ ਹੋ ਗਿਆ । ਅਤੇ ਉਹ ਹੋਣਾ ਕਿਸ ਤਰ੍ਹਾਂ ਸੀ ? ਕਾਸ਼ਤਕਾਰ ਤੇ ਵਰਕਰ ਦੀ ਖੱਲ ਲਾਹ ਕੇ । ਚੂੰਕਿ ਪਾਰਟੀ ਵਿਚ, ਰਾਜ-ਪ੍ਰਬੰਧ ਦੇ ਅਡੰਬਰ ਵਿਚ

ਤੇ ਸਨਅਤੀ ਪੈਦਾਵਾਰ ਦੇ ਕੇਂਦਰਾਂ ਵਿਚ ਬੁਰਜੁਆ ਅੰਸਰ ਦਾ ਜ਼ੋਰ ਪੈ ਗਿਆ ਸੀ, ਸੋ ਪਰੋਲਤਾਰੀ **ਡਿਕਟੇਟਰਸ਼ਿਪ ਦੀ ਸਿਆਸੀ ਨੀਤੀ ਦੇ ਬਾਵਜੂਦ ਅਮਲੀ ਪੱਧਰ 'ਤੇ ਹੋਇਆ ਉਹ ਜੋ ਬੁਰਜੁਆ ਲਾਈਨ ਨੇ ਕਰਵਾਇਆ।**

ਇਕ ਪਾਸੇ ਤੋਂ ਤਾਂ ਕਾਸ਼ਤਕਾਰ ਨੂੰ ਉਸ ਦੀ ਪੈਦਾਵਾਰ ਕਰਨ ਦੇ ਸੰਦ ਵੀ ਨਾ ਦਿੱਤੇ ਗਏ, ਤੇ ਦੂਸਰੇ ਪਾਸੇ ਤੋਂ ਅਨਾਜ ਦੀ ਜਬਰਨ ਉਗਰਾਹੀ 'ਤੇ ਜ਼ੋਰ ਦਿੱਤਾ ਗਿਆ । ਲਈ ਪਜ਼ੀਸ਼ਨ ਵਿਚ ਅਨਾਜ ਦੀ ਉਗਰਾਹੀ ਲਾਜ਼ਮੀ ਸੀ। ਸ਼ਹਿਰੀ ਵਸੋਂ ਦੀ ਖਾਧ ਖੁਰਾਕ ਵਾਸਤੇ ਵੀ, ਤੇ ਸਨਅਤ ਦੀ ਉਸਾਰੀ ਵਾਸਤੇ ਵੀ। ਬਾਹਰੋਂ ਨਵੀਂ ਤੋਂ ਨਵੀਂ ਕਿਸਮ ਦੀਆਂ ਮਸ਼ੀਨਾਂ ਖਰੀਦਣ ਵਾਸਤੇ ਬਾਹਰ ਅਨਾਜ ਵੇਚਣਾ ਵੀ ਜ਼ਰੂਰੀ ਸੀ। ਇਸ ਤੋਂ ਉਪਰੰਤ ਸਨਅਤੀ ਪੈਦਾਵਾਰ ਵਾਸਤੇ ਕੱਚਾ ਮਾਲ ਵੀ ਕਾਸ਼ਤਕਾਰੀ ਤੋਂ ਹੀ ਲੈਣਾ ਸੀ। ਸਿਆਸੀ ਲੀਡਰਸ਼ਿਪ ਦੀ ਲਾਈਨ ਤਾਂ ਸੀ ਕਿ ਸਿਰਫ਼ ਕੁਲਕ, ਵਡੇ ਜ਼ਿਮੀਂਦਾਰਾਂ ਤੋਂ ਹੀ ਜਬਰਨ ਅਨਾਜ ਲਿਆ ਜਾਵੇ, ਪਰ ਉਗਰਾਹੀ ਦਾ ਨਿਸ਼ਾਨਾ ਚੂੰਕਿ ਉਚਾ ਸੀ, ਹੋਇਆ ਇਹ ਕਿ ਦਰਮਿਆਨੇ ਦਰਜੇ ਦਾ ਕਿਸਾਨ ਵੀ ਚੂੰਢਿਆ ਗਿਆ ਤੇ ਬਹੁਤ ਹੱਦ ਤਕ ਲਿਹਾਜ਼ ਗਰੀਬ ਕਾਸ਼ਤਕਾਰਾਂ ਦਾ ਵੀ ਨਾ ਹੋਇਆ। ਨਤੀਜਾ ਇਹ ਹੋਇਆ ਕਿ ਕਾਸ਼ਤਕਾਰ ਜਮਾਤ ਦੀ ਸੋਵੀਅਤ ਸਰਕਾਰ ਨਾਲੋਂ ਕੜੱਕ ਕਰ ਕੇ ਟੁਟ ਗਈ। ਕਾਸ਼ਤਕਾਰ ਤਾਂ ਇਹ ਮਹਿਸੂਸ ਕਰਨ ਲੱਗ ਪਿਆ ਕਿ ਅਮਨ ਵੇਲੇ ਵੀ ਉਸ ਤੋਂ ਜਬਰਨ ਉਗਰਾਹੀ ਉਹ ਹੀ ਰਹੀ ਜੋ "ਵਾਰ ਕਮਿਊਨਿਜ਼ਮ" ਵੇਲੇ ਸੀ ਅਤੇ ਉਹ ਉਸ 'ਤੇ ਜਬਰ ਤੇ ਉਪੱਦਰ ਸੀ।

ਦੂਸਰੇ ਪਾਸੇ, ਸਰਕਾਰ ਏਸ ਨਤੀਜੇ 'ਤੇ ਪਹੁੰਚੀ ਕਿ ਚਲਦੇ ਰਾਹ ਕਾਸ਼ਤਕਾਰੀ ਦੀ ਪੈਦਾਵਾਰ ਇਸ ਤੋਂ ਨਹੀਂ ਵਧ ਸਕਦੀ। ਇਹ ਆਪਣੀ ਅਖ਼ੀਰਲੀ ਹੱਦ ਤਕ ਪਹੁੰਚ ਚੁਕੀ ਹੈ ਸੋ ਇਸ ਨੂੰ ਵੀ ਮਸ਼ੀਨ ਦੇ ਪਟੇ 'ਤੇ ਚੜ੍ਹਾਉਣ ਤੋਂ ਬਗੈਰ ਗੁਜ਼ਾਰਾ ਨਹੀਂ । ਕਾਸ਼ਤਕਾਰੀ ਦੇ ਸਾਂਝਾਕਰਨ ਬਗੈਰ ਹੋਰ ਕੋਈ ਰਾਹ ਨਹੀਂ। ਵੈਸੇ ਰਾਹ ਹੈ ਸੀ। ਪਰ ਸਿਆਸੀ ਕਾਰਨਾਂ ਕਰਕੇ ਪਾਰਟੀ ਉਸ ਰਾਹੇ ਪਈ ਨਾ। ਜੇ ਪਾਰਟੀ ਪੇਂਡੂ ਦਸਤਕਾਰੀ ਦਾ ਗਲ ਨਾ ਘੁਟਦੀ, ਉਸ ਨੂੰ ਕੱਚਾ ਮਾਲ ਖੁਲ੍ਹੀ ਤਰ੍ਹਾਂ ਦੇਂਦੀ ਤਾਂ ਉਹ ਬਹੁਤ ਹੱਦ ਤਕ ਕਾਸ਼ਤਕਾਰੀ ਦੇ ਸੰਦ ਲੋੜਵੰਦਾਂ ਨੂੰ ਦੇ ਸਕਦੀ ਸੀ। ਜੇ ਉਹਦੇ ਨਾਲ ਕੁਛ ਮਾਲ, ਲੀੜੇ ਲੱਤੇ ਆਦਿ ਦਾ ਸ਼ਹਿਰੀ ਸਨਅਤ ਤੋਂ ਵੀ ਕਾਸ਼ਤਕਾਰਾਂ ਨੂੰ ਖਰੀਦਣ ਨੂੰ ਦਿੱਤਾ ਜਾਂਦਾ ਅਤੇ ਜੇ ਸਰਕਾਰ ਗਰੀਬ ਤੇ ਦਰਮਿਆਨੇ ਦਰਜੇ ਦੇ ਕਿਸਾਨਾਂ ਨੂੰ ਮਾਲੀ ਮਦਦ ਖੁਲ੍ਹ ਕੇ ਦੇਂਦੀ ਤਾਂ ਕਾਸ਼ਤਕਾਰੀ ਦੀ ਪੈਦਾਵਾਰ ਯਕੀਨਨ ਵਧ ਸਕਦੀ ਸੀ। ਜਦੋਂ ਉਹਨਾਂ ਦੀਆਂ ਲੋੜਾਂ ਸਰਕਾਰ ਪੂਰੀਆਂ ਕਰਾਉਂਦੀ ਤੇ ਕਰਦੀ ਤਾਂ ਉਹਨਾਂ ਨੂੰ ਅਮੀਰ ਕਿਸਾਨਾਂ ਤੇ ਕੁਲਕਾਂ ਦੇ ਮੁਥਾਜ ਨਾ ਹੋਣਾ ਪੈਂਦਾ। ਇਸ ਆਰਥਕ ਨੀਤੀ ਦੇ ਆਧਾਰ 'ਤੇ ਜੇ ਪਾਰਟੀ ਪਿੰਡ ਦੇ ਸੀਨ 'ਤੇ ਕੁਲਕ ਆਦਿ ਦੇ ਵਿਰੁਧ ਜਮਾਤੀ ਜਦੋ-ਜਹਿਦ ਪੂਰੇ ਜ਼ੋਰ ਨਾਲ ਵਿੱਢਦੀ, ਤਾਂ ਕੋਈ ਵਜ੍ਹਾ ਨਹੀਂ ਸੀ ਕਿ ਕਾਸ਼ਤਕਾਰੀ ਦਾ ਕਾਫ਼ੀ ਤਬਕਾ ਉਸ ਦਾ ਹਾਮੀ ਨਾ ਬਣਦਾ । ਜੇ ਜਮਾਤੀ ਜਦੋ-ਜਹਿਦ ਨਾਲ ਉਹ ਦਿਹਾਤੀ ਇਲਾਕੇ ਦੀਆਂ ਸੋਵੀਅਤਾਂ ਤੇ ਮੁਲਖੱਈਏ ਦੀਆਂ ਹੋਰ ਜਥੇਬੰਦੀਆਂ ਵਿਚ ਜਾਣ ਪਾਉਣ ਦੇ ਰਾਹੇ ਪੈਂਦੀ, ਤਾਂ ਉਹ ਖਾੜਕੂ ਤੇ ਜੰਗਜੂਹ ਕਿਉਂ ਨਾ ਬਣਦੀਆਂ। ਜੇ ਆਰਥਕ ਤੇ ਸਿਆਸੀ ਜਮਾਤੀ ਜਦੋ-ਜਹਿਦ ਦੇ ਨਾਲ ਉਹ ਵਿਚਾਰਧਾਰਕ ਜਮਾਤੀ ਜਦੋ-ਜਹਿਦ ਵੀ ਵਿੱਢਦੀ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਆਪਣੇ ਤਜਰਬੇ ਤੋਂ ਸਿਖ ਕੇ ਦਰਮਿਆਨੇ ਦਰਜੇ ਦਾ ਕਿਸਾਨ ਤੇ ਉਸ ਤੋਂ ਹੇਠਲਾ ਤਬਕਾ ਕੋਆਪਰੇਟਿਵਾਂ ਨਾ ਬਣਾਉਂਦਾ ਤੇ ਉਹਨਾਂ ਨੂੰ ਕਾਮਯਾਬ ਨਾ ਕਰਦਾ। ਤੇ ਇੰਜ ਸਮਾਜਵਾਦ ਨੂੰ ਰਾਹ ਕਿਵੇਂ ਨਾ ਖੁਲ੍ਹਦਾ।



ਪਾਰਟੀ ਨੇ, ਪਰ ਐਨ. ਈ. ਪੀ. ਦਾ ਸਹੀ ਅਸਲਾ ਨਾ ਸਮਝਿਆ ਅਤੇ ਉਸ ਨੂੰ ਸਿਆਸੀ, ਵਿਚਾਰਧਾਰਕ ਪੱਧਰ ਤਕ ਨਾ ਲਿਆਂਦਾ। ਪਿੰਡ ਦੇ ਸੀਨ ਉਤੇ ਲੋੜੀਂਦੀ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਾ ਵਿੱਢੀ। ਐਨ. ਈ. ਪੀ. ਨੂੰ ਸਹੀ ਨਾ ਸਮਝਣ ਨਾਲ, ਉਸ ਨੂੰ ਪਰੋਲਤਾਰੀ ਨਜ਼ਰੀਏ ਤੋਂ ਧੁਰ ਤਕ ਲਾਗੂ ਨਾ ਕਰਨ ਨਾਲ ਕਾਸ਼ਤਕਾਰ ਜਮਾਤ ਦੀ ਵਰਕਰ ਜਮਾਤ ਨਾਲੋਂ ਟੁਟ ਗਈ। ਪਰੋਲਤਾਰੀ ਦੀ ਡਿਕਟੇਟਰਸ਼ਿਪ. ਜਿਸ ਦਾ ਮੂਲ ਕਿਸਾਨੀ ਤੇ ਵਰਕਰ ਜਮਾਤ ਦਾ ਜੋੜ ਸੀ, ਨੂੰ ਕਾਫ਼ੀ ਹੀ ਨਹੀਂ, ਘਾਤਕ ਸੱਟ ਵੱਜੀ। ਇਸ ਸੱਟ ਨਾਲ ਪਰੋਲਤਾਰੀ ਦੀ ਜਮਹੂਰ ਵੀ ਮੁਰਝਾਉਣੀ ਸ਼ੁਰੂ ਹੋ ਗਈ। ਪਾਰਟੀ ਵਿਚ ਵੀ ਦਰਜਾ-ਬ-ਦਰਜੀ ਦੇ ਰਿਸ਼ਤੇ ਅੱਗੇ ਨਾਲੋਂ ਵੀ ਹੋਰ ਪੱਕੇ ਹੋਣ ਲਗ ਪਏ, ਲੀਡਰਸ਼ਿਪ ਦਾ ਤਰੀਕਾ ਅੱਗੇ ਨਾਲੋਂ ਵੀ ਵਧੇਰੇ ਅਫ਼ਸਰਾਨਾ ਹੋਣ ਲਗ ਪਿਆ। ਹੋਰ ਤਾਂ ਹੋਰ ਖੇਤੀਬਾੜੀ ਦੇ ਸਾਂਝੀਕਰਨ ਕਰਨ ਨਾਲ ਅਨਾਜ ਦੀ ਪੈਦਾਵਾਰ ਵਧਣ ਦੀ ਥਾਂ ਸਗੋਂ ਹੋਰ ਘਟ ਗਈ।

**ਇਨਕਲਾਬੀ ਮਾਰਕਸਵਾਦ ਜਾਂ ਇਕਾਨੋਮਿਜ਼ਮ :** ਰਾਹ ਹੀ ਦੋ ਹਨ—ਜਾਂ ਇਨਕਲਾਬੀ ਮਾਰਕਸਵਾਦ ਦਾ ਅਤੇ ਜਾਂ ਇਕਾਨੋਮਿਜ਼ਮ ਦਾ। ਪਾਰਟੀ ਇਕਾਨੋਮਿਜ਼ਮ ਦੇ ਰਾਹੇ ਪੈਣੀ ਸ਼ੁਰੂ ਹੋ ਗਈ। ਇਸ ਰਾਹ ਦੀ ਸਮਾਜਕ ਨੀਂਹ ਕੀ ਸੀ ? ਇਸ ਦੀ ਸਮਾਜਕ ਨੀਂਹ ਸੀ ਪਾਰਟੀ ਦਾ ਮੁਲਖੱਈਏ ਨਾਲ ਵਿਗਾੜ, ਉਸ ਨਾਲ ਵਿਜੋਗ, ਉਸ ਨਾਲੋਂ ਦੂਰੀ। ਇਹ ਤਾਂ ਕਿਸੇ ਨੂੰ ਭੁਲੇਖਾ ਹੀ ਨਹੀਂ ਕਿ ਪਾਰਟੀ ਦੇ ਪੇਂਡੂ ਵਸੋਂ ਵਿਚ ਪੈਰ ਹੀ ਨਹੀਂ ਸਨ ਅਤੇ ਪੇਂਡੂ ਵਸੋਂ, ਮੁਲਕ ਦੀ ਵਸੋਂ ਦੀ ਭਾਰੀ ਬਹੁਗਿਣਤੀ ਸੀ। ਇਹ ਅਸੀਂ ਵੇਖ ਚੁਕੇ ਹਾਂ ਕਿ ਵੀਹਵਿਆਂ ਦੇ ਅੰਤ ਤਕ ਪਾਰਟੀ ਦੇ ਕਿਸਾਨੀ ਵਸੋਂ ਨਾਲ ਰਿਸ਼ਤੇ ਅਫ਼ਰਾਊਆਂ ਵਾਲੇ (relations of exteriority) ਹੋ ਚੁਕੇ ਸਨ। ਇਸ ਵਸੋਂ ਨਾਲ ਪਾਰਟੀ ਦਾ ਤਨੀ ਰਿਸ਼ਤਾ (relation of interiority) ਤਾਂ ਕਦੇ ਹੈ ਹੀ ਨਹੀਂ ਸੀ ਅਤੇ ਜੋ ਹੈ ਵੀ ਸੀ ਨਿਰਦੱਈ ਜਬਰਨ ਉਗਰਾਹੀ ਤੇ ਮਗਰੋਂ ਜਬਰਨ ਕਾਸ਼ਤਕਾਰੀ ਦੇ ਸਾਂਝੀਕਰਨ ਨੇ ਉਹ ਵੀ ਨਾ ਰਹਿਣ ਦਿੱਤਾ। ਵਰਕਰ ਜਮਾਤ ਨਾਲ ਵੀ ਕਾਫ਼ੀ ਹੱਦ ਤਕ ਇਹੋ ਕੁਛ ਹੀ ਹੋਇਆ। ਵਰਕਰ ਜਮਾਤ ਦੇ ਸਿਆਸੀ ਤੌਰ 'ਤੇ ਚੇਤੰਨ ਤਬਕੇ ਦਾ ਬਹੁਤ ਹਿੱਸਾ ਜਦੋਂ ਪਾਰਟੀ ਵਿਚ ਦਾਖ਼ਿਲ ਹੋ ਜਾਂਦਾ ਸੀ, ਉਹ ਛੇਤੀ ਹੀ ਵੱਖ ਵੱਖ ਅਡੰਬਰਾਂ ਵਿਚ ਖਿਚਿਆ ਜਾਂਦਾ ਸੀ। ਅਤੇ ਉਹ ਵਰਕਰ ਜਮਾਤ ਵਿਚੋਂ ਨਿਕਲ ਜਾਂਦਾ ਸੀ। ਸੋ ਹੁੰਦੀ ਹੁੰਦੀ ਵਰਕਰ ਜਮਾਤ ਸਿਆਸੀ ਤੌਰ 'ਤੇ ਫਾਡੀ ਹੀ ਹੁੰਦੀ ਗਈ। ਪਾਰਟੀ ਨੇ ਇਸ ਰੌ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸ ਕੋਸ਼ਿਸ਼ ਵਿਚ ਉਸ ਨੂੰ ਉਹਨਾਂ ਹਾਲਾਤ ਦੇ ਪ੍ਰਸੰਗ ਵਿਚ ਨਾ ਬਹੁਤੀ ਕਾਮਯਾਬੀ ਹੋਣੀ ਸੀ ਅਤੇ ਨਾ ਹੀ ਹੋਈ। ਵਰਕਰ ਜਮਾਤ ਦੇ ਸਿਆਸੀ ਤੌਰ 'ਤੇ ਫਾਡੀ ਹੋ ਜਾਣ ਕਰਕੇ ਉਸ ਦਾ ਪਾਰਟੀ ਉਤੇ ਕੋਈ ਕੁੰਡਾ ਨਾ ਰਿਹਾ। ਉਸ ਨਾਲ ਰਿਸ਼ਤਾ ਵੀ ਅਫ਼ਰਾਊਆਂ ਵਾਲਾ ਹੀ ਹੋ ਗਿਆ।

ਪਾਰਟੀ ਦਾ ਮੁਲਖੱਈਏ ਨਾਲ ਰਿਸ਼ਤਾ ਐਨੀ ਬੁਨਿਆਦੀ ਚੀਜ਼ ਹੈ ਕਿ ਇਸ 'ਤੇ ਨਾ ਸਿਰਫ਼ ਪਾਰਟੀ ਦੀ ਹੀ ਤਕਦੀਰ, ਬਲਕਿ ਅੰਤ ਸਾਰੀ ਫਾਰਮੇਸ਼ਨ ਦੀ ਤਕਦੀਰ ਵੀ ਨਿਰਭਰ ਕਰਦੀ ਹੈ। ਇਸ ਰਿਸ਼ਤੇ ਵਲ ਵਾਹਵਾਂ ਗਾਹਵਾਂ ਧਿਆਨ ਦੇਣਾ ਘਾਤਕ ਹੈ। ਪਾਰਟੀ ਦੇ ਮੁਲਖੱਈਏ ਨਾਲ ਅਫ਼ਰਾਊ ਰਿਸ਼ਤਾ ਬਣਨ ਦੀ ਇਕ ਵਜ੍ਹਾ ਤਾਂ ਇਹ ਸੀ ਕਿ ਲੜਾਈ ਤੇ ਬਾਹਰਲੀ ਮੁਦਾਖਲਤ ਕਰਕੇ ਸਭ ਕੁਝ ਹੀ ਖੇਰੂੰ ਖੇਰੂੰ ਹੋਇਆ ਹੋਇਆ ਸੀ। ਦੂਸਰੇ, ਸਟੇਟ ਅਤੇ ਰਾਜ ਪ੍ਰਬੰਧ ਦੇ ਅਡੰਬਰ ਵਿਚ, ਭਾਰੂ ਅੰਸਰ ਉਹ ਸੀ ਜੋ ਵਰਕਰ ਜਮਾਤ ਦੇ ਵਿਰੁਧ ਸੀ, ਜੋ ਪਰੋਲਤਾਰੀ ਦੇ ਪੈਂਤੜੇ ਵਾਲੀਆਂ ਨੀਤੀਆਂ ਵਿਗਾੜਨ ਵਿਚ ਦਿਲੋਂ ਖੁਸ਼ ਸੀ। ਸਭ ਕੋਸ਼ਿਸ਼ ਦੇ ਬਾਵਜੂਦ ਪਾਰਟੀ ਦੀ ਸਿਆਸੀ

ਲੀਡਰਸ਼ਿਪ ਦਾ ਉਸ ਉਤੇ ਬਹੁਤਾ ਕਾਬੂ ਨਹੀਂ ਸੀ। ਇਸ ਤੋਂ ਉਪਰੰਤ ਪੈਦਾਵਾਰ ਦੇ ਕੇਂਦਰਾਂ ਵਿਚ ਪੈਦਾਵਾਰ ਦਾ ਵੇਗ ਬੁਰਜੁਆ ਮਾਹਿਰਾਂ, ਪ੍ਰਬੰਧਕਾਂ ਦੇ ਹੱਥ ਵਿਚ ਸੀ। ਉਹਨਾਂ ਹਾਲਾਤ ਦੇ ਪ੍ਰਸੰਗ ਵਿਚ ਪੈਦਾਵਾਰ ਨੂੰ ਵਧਾਉਣ ਵਾਸਤੇ ਉਹਨਾਂ ਦੀ ਵਧ ਤੋਂ ਵਧ ਸੁਣਾਈ ਹੋ ਰਹੀ ਸੀ। ਬੁਰਜੁਆ ਅੰਸਰ ਪਾਰਟੀ ਵਿਚ ਵੀ ਵਧ ਰਿਹਾ ਸੀ।

ਇਸ ਨਾਜ਼ਕ ਮੌਕੇ ਉਤੇ ਪਾਰਟੀ ਦੀ ਕਿਸਾਨੀ ਜਮਾਤ ਨਾਲ ਦੂਰੋਂ ਦੂਰ ਹੋ ਗਈ। ਇਸ ਦੂਰੋ ਦੂਰੀ ਦਾ ਪਾਰਟੀ ਦੇ ਲਏ ਜਾ ਰਹੇ ਰਾਹ 'ਤੇ ਅਸਰ ਹੋਣਾ ਹੀ ਸੀ, ਸੋ ਹੋਇਆ। ਪਾਰਟੀ ਦਾ ਮੁਲਖੱਈਏ ਨਾਲ ਤਨੀ ਰਿਸ਼ਤਾ ਹੀ ਪਾਰਟੀ ਦੇ ਸਿੱਧੇ-ਰਾਹ ਰਹਿਣ ਦਾ ਬੰਨ੍ਹ ਹੈ। ਕੁਛ ਪਾਰਟੀ ਨੂੰ ਤਜਰਬਾ ਨਾ ਹੋਣ ਕਰਕੇ ਤੇ ਬਾਕੀ ਪਾਰਟੀ ਦੇ ਅੰਦਰਲੇ ਬੁਰਜੁਆ ਅੰਸਰ ਦੇ ਵਿਚਾਰਧਾਰਕ ਭਾਰ ਕਰਕੇ ਪਾਰਟੀ ਮੁੜ ਮੁਲਖੱਈਏ ਨਾਲ ਤਨੀ ਰਿਸ਼ਤਾ ਬਣਾਉਣ ਵਿਚ ਬਹੁਤੀ ਕਾਮਯਾਬ ਨਾ ਹੋਈ। ਪੈਦਾਵਾਰ ਦੀਆਂ ਸ਼ਕਤੀਆਂ ਦੀ ਸਮਾਜਵਾਦੀ ਰਾਹੇ ਉਸਾਰੀ, ਪੈਦਾਵਾਰ ਵਿਚ ਏਸ ਰਾਹੇ ਵਾਧਾ ਤਾਂ ਹੀ ਮੁਮਕਿਨ ਸੀ ਜੇ ਮੁਲਖੱਈਆ ਸਮਾਜਕ ਰਿਸ਼ਤਿਆਂ ਦੀ ਇਨਕਲਾਬੀ ਤਬਦੀਲੀ ਵਾਸਤੇ ਸਿਰ ਧੜ ਦੀ ਲਾਉਂਦਾ। ਮੁਲਖੱਈਏ ਦੇ ਕੁਝ ਹਿੱਸੇ ਨੇ ਕਿਸਾਨੀ ਤਬਕੇ ਵਿਚ ਗਰੀਬ ਕਿਸਾਨਾਂ ਤੇ ਦਰਮਿਆਨੇ ਦਰਜੇ ਦੇ ਕਿਸਾਨਾਂ ਤੇ ਵਰਕਰਾਂ ਵਿਚ ਪੈਦਾਵਾਰ ਦੀਆਂ ਕਾਨਫਰੰਸਾਂ (production conferences) ਕਰ ਕੇ ਇਹ ਜਦੋ-ਜਹਿਦ ਵਿੱਢੀ, ਪਰ ਪਾਰਟੀ ਦੀ ਅਗਿਆਨਤਾ ਤੇ ਉਸ ਦੇ ਅੰਦਰਲੇ ਬੁਰਜੁਆ ਅੰਸਰ ਦੇ ਅਸਰ ਕਰਕੇ ਪਾਰਟੀ ਨੇ ਨਾ ਉਸ ਦੀ ਸਹੀ ਅਹਿਮੀਅਤ ਸਮਝੀ ਤੇ ਨਾ ਹੀ ਤਨੋਂ ਮਨੋਂ ਸਿਰਤੋੜ ਉਸ ਜਦੋ-ਜਹਿਦ ਦੀ ਮਦਦ ਕੀਤੀ। ਪਾਰਟੀ ਦੀ ਪੂਰੀ ਮਦਦ ਤੇ ਅਗਵਾਈ ਬਗੈਰ ਇਹ ਜਦੋ-ਜਹਿਦ ਕੋਸ਼ਿਸ਼ ਹੋ ਕੇ ਹੀ ਰਹਿ ਗਈ। ਸਮਾਜਕ ਰਿਸ਼ਤਿਆਂ ਵਿਚ ਇਨਕਲਾਬੀ ਤਬਦੀਲੀ ਨਾ ਆਈ। ਚੂੰਕਿ ਪਾਰਟੀ ਨੇ ਮੁਲਖੱਈਏ ਦੀ ਜਦੋ-ਜਹਿਦ ਰਾਹੀਂ ਸਮਾਜਕ ਰਿਸ਼ਤਿਆਂ ਦੀ ਇਨਕਲਾਬੀ ਤਬਦੀਲੀ ਨੂੰ ਮੁਖ ਮਸਲਾ ਨਾ ਬਣਾਇਆ ਤੇ ਰਿਸ਼ਤੇ ਬਦਲੇ ਨਾ, ਇਸ ਵਾਸਤੇ ਐਨ. ਈ. ਪੀ. ਦੇ ਅੰਤ ਸਮੇਂ ਤਕ ਰਿਸ਼ਤਿਆਂ ਦੀ ਤਬਦੀਲੀ ਰਾਹੀਂ ਪੈਦਾਵਾਰ ਵਧਾਉਣਾ ਅਸੰਭਵ ਹੋ ਗਿਆ। ਜਦੋਂ ਇਨਕਲਾਬੀ ਰਾਹ ਹਥੋਂ ਖਿਸਕ ਗਿਆ, ਹੱਥ ਨਾ ਆਇਆ ਤਾਂ ਪੈਦਾਵਾਰ ਨੂੰ ਵਧਾਉਣ ਦਾ ਸਿਰਫ਼ ਦੂਸਰਾ ਰਾਹ ਹੀ ਰਹਿ ਗਿਆ। ਅਤੇ ਉਹ ਸੀ ਇਕਾਨੌਮਿਜ਼ਮ ਦਾ ਰਾਹ। ਮਾਡਰਨ ਟੈਕਨਾਲੋਜੀ ਦੀ ਵਰਤੋਂ ਦਾ ਰਾਹ। ਦਬੱਲ ਕੇ ਵਸੀਲੇ, ਪੈਸੇ ਲਾਉਣ ਦਾ ਰਾਹ। ਅਤੇ ਉਸ ਦੇ ਵਾਸਤੇ, ਉਹਨਾਂ ਹਾਲਾਤ ਦੇ ਪ੍ਰਸੰਗ ਵਿਚ, ਉਹਨਾਂ ਕਾਬਜ਼ ਰਿਸ਼ਤਿਆਂ ਦੇ ਪ੍ਰਸੰਗ ਵਿਚ, ਵਸੀਲੇ ਲਗ ਸਕਦੇ ਸਨ ਸਟੇਟ ਦੇ ਅਮਲਾਂ ਰਾਹੀਂ, ਰਾਜ-ਪ੍ਰਬੰਧ ਰਾਹੀਂ ਹੀ। ਵੈਸੇ ਹੈ ਤਾਂ ਭੁਲੇਖਾ ਸੀ ਪਰ ਆਸ ਇਹ ਕੀਤੀ ਜਾਂਦੀ ਸੀ ਕਿ 'ਮਾਡਰਨਾਈਜ਼ੇਸ਼ਨ' ਨਾਲ, ਪੈਦਾਵਾਰ ਨੂੰ ਮਸ਼ੀਨ ਦੇ ਪਟੇ 'ਤੇ ਚੜ੍ਹਾਇਆਂ ਸਮਾਜਕ ਰਿਸ਼ਤਿਆਂ ਦੀ ਕਿਸਮ ਬਦਲ ਜਾਵੇਗੀ। ਇਕ ਪਾਸੇ ਤਾਂ ਪੈਦਾਵਾਰ ਦੇ ਕੇਂਦਰਾਂ ਦੇ ਮਾਹਿਰਾਂ, ਪ੍ਰਬੰਧਕਾਂ, ਟੈਕਨੀਸ਼ਨਾਂ, ਅਤੇ ਲੋਕਾਂ ਨਾਲੋਂ ਕੱਟੇ ਹੋਏ ਕਾਡਰਾਂ ਤੇ ਸਟੇਟ ਦੇ ਕੇਂਦਰੀ ਆਰਥਕ ਅਡੰਬਰਾਂ ਦੇ ਨਜ਼ਰੀਏ, ਤੇ ਉਸ ਦੇ ਅਸਰ ਨੇ ਟੈਕਨਾਲੋਜੀ ਨੂੰ ਮੁਖ ਬਣਾਉਣ ਦੀ ਨੀਤੀ ਵਲ ਮੂੰਹ ਮੋੜਿਆ ਅਤੇ ਦੂਸਰੇ ਪਾਸੇ ਤੋਂ ਜਦੋਂ ਪੇਸ਼ ਮੁਸ਼ਕਲ ਦਾ ਹਲ ਟੈਕਨਾਲੋਜੀ ਦੀ ਉਸਾਰੀ ਵਿਚ ਦਿਸਣ ਲਗ ਪਿਆ ਤਾਂ ਨੀਤੀ ਸਥਾਪਤ ਕਰਨ ਵਿਚ ਇਸ ਅੰਸਰ ਦਾ ਅਸਰ ਰਸੂਖ ਤੇ ਜ਼ੋਰ ਹੋਰ ਵੀ ਵਧ ਗਿਆ।

ਇਸ ਅਵਸਥਾ ਦਾ ਵੇਗ ਹੀ ਪਾਰਟੀ ਦੀ ਆਰਥਕ ਫਾਰਮੇਸ਼ਨ ਵਿਚ ਇਨਕਲਾਬੀ ਮਾਰਕਸਵਾਦ ਦੇ ਵਿਰੋਧੀ ਅੰਸਰ, ਇਕਾਨੌਮਿਜ਼ਮ, ਦੀਆਂ ਜੜ੍ਹਾਂ ਪਕੜਨ ਤੇ ਮਜ਼ਬੂਤ ਹੋਣ ਦੀ ਸਮਾਜਕ ਨੀਂਹ



ਬਣਿਆ। ਇਸ ਨਾਲ ਟੈਕਨਾਲੋਜੀ ਦੀ, ਟੈਕਨੀਸ਼ਨਾਂ ਦੀ ਤੇ ਸਟੇਟ ਕੇਂਦਰਵਾਦ (state centralization) ਦੀ ਗੁਡੀ ਚੜ੍ਹੀ। ਹੁੰਦੀ ਹੁੰਦੀ ਪਾਰਟੀ ਦੀ ਵਿਚਾਰਧਾਰਾ ਟੈਕਨਾਲੋਜੀ ਦੀ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੇ ਮੁਖੀ ਰੋਲ ਦੀ, ਇਕਾਨੌਮਿਜ਼ਮ, ਦੀ ਝੋਲੀ ਪੈ ਗਈ।

ਇਹ ਅਸੀਂ ਪਹਿਲਾਂ ਵੀ ਸਪਸ਼ਟ ਕਰ ਚੁਕੇ ਹਾਂ ਕਿ ਸਮਾਜ ਵਿਚ ਜੋ ਹੁੰਦਾ ਹੈ ਕਾਬਜ਼ ਸਮਾਜਕ ਰਿਸ਼ਤਿਆਂ ਤੇ ਉਹਨਾਂ ਦੇ ਆਧਾਰ 'ਤੇ ਹੁੰਦੇ ਅਮਲ ਦਾ ਕੀਤਾ ਹੁੰਦਾ ਹੈ, ਜਮਾਤੀ ਜਦੋ-ਜਹਿਦ ਦਾ ਕੀਤਾ ਹੁੰਦਾ ਹੈ, ਵਿਰੋਧੀ ਜਮਾਤਾਂ ਦੀ ਤਾਕਤ ਦੇ ਆਪਸ ਵਿਚ ਤਵਾਜ਼ਨ ਦਾ ਕੀਤਾ ਹੁੰਦਾ ਹੈ। ਸਮਾਜ ਦੇ ਇਤਿਹਾਸ ਨੂੰ ਪਾਰਟੀ ਤੇ ਉਸ ਵਿਚ ਪ੍ਰਚਲਤ ਖ਼ਿਆਲ ਨਹੀਂ ਬਣਾਉਂਦੇ ਬਲਕਿ ਮੁਲਖੱਈਆ ਤੇ ਉਸ ਦਾ ਅਮਲ ਬਣਾਉਂਦਾ ਹੈ। ਪਾਰਟੀ ਵੀ ਸਮਾਜ ਤੋਂ ਬਾਹਰੋਂ ਨਹੀਂ ਆਈ ਹੁੰਦੀ ਅਤੇ ਉਸ ਵਿਚ ਪ੍ਰਵੇਸ਼ ਕਰਦੇ, ਉਸ ਨੂੰ ਪ੍ਰਵਾਨ ਸੰਕਲਪ ਵੀ ਅਸਮਾਨੋਂ ਨਹੀਂ ਉਤਰੇ ਹੁੰਦੇ। ਉਹਨਾਂ ਦੀ ਵੀ ਸਮਾਜਕ ਭੋਂ ਹੁੰਦੀ ਹੈ। ਸਮਾਜ ਵਿਚ ਜੋ ਕੁਛ ਹੁੰਦਾ ਹੈ ਹੁੰਦਾ ਤਾਂ ਜਮਾਤੀ ਜਦੋ-ਜਹਿਦ ਦਾ ਹੀ ਕੀਤਾ ਹੁੰਦਾ ਹੈ, ਪਰ ਉਸ ਵਿਚ ਚੇਤਨਤਾ ਦਾ ਰੋਲ ਹੁੰਦਾ ਹੈ। ਸੰਕਲਪ ਗਲਤ ਵੀ ਹੋਣ ਤਾਂ ਵੀ ਉਹ ਸਮਾਜਕ ਵੇਗ ਵਿਚ ਫ਼ੈਸਲਾਕੁਨ ਅੰਸਰ ਨਹੀਂ ਹੁੰਦੇ, ਪਰ ਉਹ ਅਸਲੀਅਤ ਦੀ, ਸਥਿਤੀ ਦੀ ਸਹੀ ਸਮਝ ਵਿਚ ਰੁਕਾਵਟ ਜ਼ਰੂਰ ਪਾਉਂਦੇ ਹਨ।

ਦੂਸਰੇ ਪਾਸੇ, ਚਲਦੀ ਜਦੋ-ਜਹਿਦ ਦੇ ਪ੍ਰਸੰਗ ਵਿਚ ਸਹੀ ਸੰਕਲਪਾਂ ਦਾ ਰੋਲ ਅਹਿਮ ਹੁੰਦਾ ਹੈ। ਸਹੀ ਸੰਕਲਪ ਮੁਲਖੱਈਏ ਨੂੰ ਉਸ ਰਾਹ ਦੇ ਅਮਲ ਤੋਂ ਜੋ ਉਹਨਾਂ ਨੂੰ ਗੁਲਾਮ ਬਣਾਉਂਦਾ ਹੈ, ਉਸ ਤੋਂ ਜਾਣੂੰ ਕਰਾਉਂਦੇ ਹਨ, ਅਤੇ ਉਸ ਨੂੰ ਇਨਕਲਾਬੀ ਰਾਹੇ ਪਾਉਣ ਵਿਚ ਸਹਾਈ ਹੁੰਦੇ ਹਨ। ਅਮਲੋਂ ਨਿਖੜੇ, ਉਸ ਤੋਂ ਦੂਰ ਸੰਕਲਪ ਆਪਣੇ ਆਪ ਤਾਂ ਭਾਵੇਂ ਕੁਛ ਨਹੀਂ ਕਰ ਸਕਦੇ, ਪਰ ਸਹੀ ਸੰਕਲਪ ਸਹੀ ਰਸਤੇ ਦਾ ਰਾਹ ਜ਼ਰੂਰ ਖੋਲ੍ਹਦੇ ਹਨ। ਸੰਭਾਵਨਾਵਾਂ ਵਿਖਾਉਂਦੇ ਹਨ। ਵਿਖਾਈਆਂ ਸੰਭਾਵਨਾਵਾਂ ਨੂੰ ਅਸਲੀਅਤ ਬਣਾ ਸਕਣ ਜਾਂ ਨਾ—ਇਹ ਦੂਸਰੀ ਗੱਲ ਹੈ। ਸਹੀ ਸੰਕਲਪਾਂ ਦੇ ਰੋਲ ਦੀ ਅਹਿਮੀਅਤ ਦਸਦਿਆਂ ਹੀ ਲੈਨਿਨ ਨੇ ਕਿਹਾ ਸੀ ਕਿ ਇਨਕਲਾਬੀ ਸਿਧਾਂਤ ਤੋਂ ਬਗੈਰ ਇਨਕਲਾਬੀ ਲਹਿਰ ਮੁਮਕਿਨ ਨਹੀਂ।

ਪਾਰਟੀ ਵਿਚ ਬੁਰਜੁਆ-ਹਿਤੀ ਸੰਕਲਪਾਂ ਦੇ ਪੈਦਾ ਹੋਣ ਦੀ ਸਮਾਜਕ ਭੋਂ, ਨੀਂਹ ਅਸੀਂ ਪੇਸ਼ ਕਰ ਚੁਕੇ ਹਾਂ। ਹੁਣ ਅਸੀਂ ਵੇਖਣਾ ਇਹ ਹੈ ਕਿ ਉਹ ਸੰਕਲਪ ਕਿਹੜੇ ਸਨ ਤੇ ਉਹਨਾਂ ਕਿਸ ਤਰ੍ਹਾਂ ਇਨਕਲਾਬੀ, ਸਮਾਜਵਾਦੀ ਰਾਹ ਦੇ ਵਿਰੁਧ, ਪਾਰਟੀ ਦੀ ਕੋਸ਼ਿਸ਼ ਤੇ ਚਲਦੀ ਜਮਾਤੀ ਜਦੋ-ਜਹਿਦ ਵਿਚ ਉਸ ਦੀ ਕੀਤੀ ਮੁਦਾਖ਼ਲਤ ਨੂੰ ਬੁਰਜੁਆ ਪੈਂਤੜੇ ਦੀ ਉਸਾਰੀ ਦੇ ਰਾਹੇ ਪਾਇਆ, ਜਿਸ ਨਾਲ ਕਿ ਰੂਸੀ ਆਰਥਕ ਸਮਾਜਕ ਫਾਰਮੇਸ਼ਨ ਸਮਾਜਵਾਦੀ ਹੋਣ ਦੀ ਥਾਂ ਬੁਰਜੁਆ ਹੋ ਗਈ। ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਜੋ ਸੰਕਲਪ ਵੀ ਪਾਰਟੀ 'ਤੇ ਸਵਾਰ ਹੋਏ ਉਹ ਹੋਇਆਂ ਜਮਾਤੀ ਜਦੋ-ਜਹਿਦਾਂ ਦੇ ਤੇ ਪਾਰਟੀ ਦੇ ਅੰਦਰਲੇ ਸਿਆਸੀ ਰਿਸ਼ਤਿਆਂ ਤੇ ਉਸ ਦੇ ਵੱਖ ਵੱਖ ਜਮਾਤਾਂ ਨਾਲ ਰਿਸ਼ਤਿਆਂ ਦੀ ਇਤਿਹਾਸਕ ਪੈਦਾਵਾਰ ਸਨ ਅਤੇ ਉਹ ਉਹਨਾਂ ਹੋਇਆਂ ਜਦੋ-ਜਹਿਦਾਂ ਤੋਂ ਕਢੇ ਗਲਤ ਜਾਂ ਸਹੀ ਸਿੱਟੇ ਸਨ। ਇਸ ਬਾਰੇ ਅਗਲੇ ਲੇਖ ਵਿਚ ਵਿਚਾਰ ਕੀਤੀ ਜਾਵੇਗੀ।

1. "Whoever has not understood this from reading Marx's CAPITAL has understood nothing in Marx, understood nothing in socialism." Lenin, Complete Works, Vol. 29, p. 380

2. "The Dictatorship of the Proletariat is a specific form of class alliance between the proletariat, the vanguard of the working people, and the numerous non-proletarian strata of the working people (petty bourgeoisie, small proprietors, the peasantry, the intelligentsia, etc.) or the majority of these strata, an alliance against capital, an alliance whose aim is the complete overthrow of capital, complete suppression of resistance offered by the bourgeoisie as well as of attempts at restoration on its part, an alliance for the final establishment and consolidation of socialism.'' Lenin, COMPLETE WORKS, Vol. 29 p. 381

## ਪਾਠਕਾਂ ਨੂੰ ਅਪੀਲ

ਕਾਗ਼ਜ਼, ਛਪਾਈ ਅਤੇ ਡਾਕ-ਖ਼ਰਚ ਦੇ ਰੇਟਾਂ ਵਿਚ ਭਾਰੀ ਵਾਧਾ ਹੋ ਜਾਣ ਕਾਰਨ ਸੇਧ ਦੀ ਕ਼ੀਮਤ ਸਾਨੂੰ ਵਧਾਉਣੀ ਪੈ ਰਹੀ ਹੈ। ਜੁਲਾਈ 1979 ਅੰਕ ਤੋਂ ਸੇਧ ਦੀ ਕੀਮਤ ਫ਼ੀ ਕਾਪੀ ਦੋ ਰੁਪਏ ਹੋਵੇਗੀ।

ਸੇਧ ਦੇ ਪਾਠਕਾਂ 'ਤੇ ਇਹ ਬੋਝ ਨਾ ਪਵੇ ਜਾਂ ਘਟ ਤੋਂ ਘਟ ਪਵੇ—ਇਸ ਖ਼ਿਆਲ ਦੇ ਤਹਿਤ ਸੇਧ ਦੇ ਸਾਲਾਨਾ ਚੰਦੇ ਵਿਚ ਹਾਲ ਦੀ ਘੜੀ ਵਾਧਾ ਨਹੀਂ ਕੀਤਾ ਜਾ ਰਿਹਾ। ਇਹ ਚੰਦਾ ਪੰਦਰਾਂ ਰੁਪਏ ਸਾਲ ਹੀ ਹੈ। ਬਦੇਸ਼ੀ ਚੰਦਾ ਵੀ ਉਹ ਹੈ, ਜੋ ਹੁਣ ਤਕ ਸੀ।

ਸੇਧ ਦੇ ਪਾਠਕਾਂ ਨੂੰ ਸਾਡੀ ਅਪੀਲ ਹੈ ਕਿ ਉਹ ਹਰ ਮਹੀਨੇ ਪਰਚਾ ਖਰੀਦ ਕੇ ਪੜ੍ਹਨ ਦੀ ਬਜਾਏ ਸਾਲ ਦਾ ਚੰਦਾ ਭੇਜਣ ਦੀ ਕ੍ਰਿਪਾਲਤਾ ਕਰਨ ਅਤੇ ਪਰਚਾ ਡਾਕ ਰਾਹੀਂ ਹਰ ਮਹੀਨੇ ਘਰ ਬੈਠੇ ਪ੍ਰਾਪਤ ਕਰਨ।

ਜਿਹਨਾਂ ਸਜਣਾਂ ਦੇ ਚੰਦੇ ਹਾਲੇ ਕੁਝ ਮਹੀਨੇ ਰਹਿੰਦੇ ਹਨ, ਉਹਨਾਂ ਨੂੰ ਵੀ ਸਾਡੀ ਜ਼ੋਰਦਾਰ ਅਪੀਲ ਹੈ ਕਿ ਉਹ ਸਾਲ ਦਾ ਚੰਦਾ ਅਗਾਊਂ ਭੇਜ ਦੇਣ। ਇੱਦਾਂ ਕੀਤਿਆਂ ਸੇਧ ਦੀ ਸਹਾਇਤਾ ਵੀ ਹੋ ਜਾਵੇਗੀ ਅਤੇ ਨਾਲ ਹੀ, ਜੇਕਰ ਹੁੰਗਾਰਾ ਰਜਵਾਂ ਮਿਲਿਆ, ਤਾਂ ਅਸੀਂ ਸਾਲਾਨਾ ਚੰਦੇ ਵਿਚ ਵਾਧਾ ਕਰਨ ਦੀ ਮਜਬੂਰੀ ਤੋਂ ਵੀ ਬਚ ਜਾਵਾਂਗੇ। ਜੇ ਹੁੰਗਾਰਾ ਕਮਜ਼ੋਰ ਰਿਹਾ ਤਾਂ ਹੋ ਸਕਦਾ ਹੈ ਜਨਵਰੀ 1980 ਤੋਂ ਸਾਲਾਨਾ ਚੰਦਾ ਪੰਦਰਾਂ ਦੀ ਥਾਂ ਅਠਾਰਾਂ ਰੁਪਏ ਕਰਨਾ ਪੈ ਜਾਵੇ।

ਜਿਹੜੇ ਪਾਠਕ ਭਾਰ ਸਹਿ ਸਕਣ ਦੇ ਯੋਗ ਹਨ, ਉਹਨਾਂ ਨੂੰ ਸਾਡੀ ਬੇਨਤੀ ਹੈ ਕਿ ਉਹ ਸੌ ਰੁਪਿਆ (ਮਨੀਆਰਡਰ ਰਾਹੀਂ ਜਾਂ ਸੇਧ ਦੇ ਨਾਂ ਬੈਂਕ ਡਰਾਫ਼ਟ ਰਾਹੀਂ) ਭੇਜ ਕੇ ਸੇਧ ਦੇ ਲਾਈਫ਼ ਮੈਂਬਰ ਬਣਨ ਅਤੇ ਜੋ ਸਰਦਾ ਪੁਜਦਾ ਹੋਵੇ ਸਹਾਇਤਾ ਦੇ ਤੌਰ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।—ਸੰਪਾਦਕ



ਜਗਜੀਤ ਸਿੰਘ

# ਕੀ ਨਸਲੀ ਜਾਂ ਰੰਗਤ ਦੇ ਭੇਦ-ਭਾਵ ਕਰਕੇ ?

ਜਨਵਰੀ ਅੰਕ ਦੇ ਲੇਖ (ਜਾਤ-ਪਾਤੀ ਪ੍ਰਬੰਧ ਕੇਵਲ ਹਿੰਦ ਵਿਚ) ਵਿਚ ਦਰਸਾਇਆ
ਗਿਆ ਸੀ ਕਿ ਜਾਤ-ਪਾਤੀ ਪ੍ਰਬੰਧ ਕੇਵਲ ਹਿੰਦ ਵਿਚ ਕਾਇਮ ਹੋਇਆ, ਹਾਲਾਂਕਿ ਇਸ ਦੇ ਬੀਜ
ਹੋਰ ਮੁਲਕਾਂ ਵਿਚ ਵੀ ਸਨ। ਮਾਰਚ ਦੇ ਅੰਕ ਵਿਚ ਇਹ ਵੇਖਿਆ ਗਿਆ (ਜਮਾਤ ਤੇ ਜਾਤ-ਪਾਤ)
ਕਿ ਜਾਤ-ਪਾਤੀ ਹਿੱਤ ਇਹਨਾਂ ਦਾ ਵਿਰੋਧ ਕਰਨ ਵਾਲੇ ਰਾਜਸੀ ਤੇ ਆਰਥਕ ਹਿੱਤਾਂ ਉਤੇ ਸਮੁਚੇ ਤੌਰ
ਉਤੇ ਭਾਰੂ ਹੁੰਦੇ ਰਹੇ। ਪ੍ਰਮੁਖ ਸਵਾਲ, ਜਿਸ ਦਾ ਜਵਾਬ ਲੱਭਣ ਦੀ ਅਸਾਂ ਕੋਸ਼ਿਸ਼ ਕਰਨੀ ਹੈ ਇਹ
ਹੈ ਕਿ ਇੰਜ ਕਿਉਂ ਤੇ ਕਿਵੇਂ ਹੋਇਆ ?

ਇਸ ਸਵਾਲ ਸੰਬੰਧੀ ਲੇਖਾਂ ਦੀ ਲੜੀ ਬਾਰੇ ਅਸੀਂ ਇਕ ਵਾਰ ਫਿਰ ਸਪਸ਼ਟ ਕਰਨਾ ਚਾਹੁੰਦੇ
ਹਾਂ ਕਿ ਭਾਈਚਾਰਕ ਸਮੱਸਿਆਵਾਂ ਦੀਆਂ ਉਲਝਣਾਂ, ਜੋ ਇਕ ਤੋਂ ਵੱਧ ਪਰਸਪਰ ਹੱਕੀ ਜਾਂ ਵਿਰੋਧੀ
ਸ਼ਕਤੀਆਂ ਦੇ ਮੇਲ ਜਾਂ ਘੋਲ ਤੋਂ ਪੈਦਾ ਹੋਈਆਂ ਹੋਣ, ਨੂੰ ਸੁਲਝਾਉਣਾ ਅਤੇ ਇਨ੍ਹਾਂ ਉਲਝਣਾਂ ਦੀਆਂ
ਤੰਦਾਂ ਨੂੰ ਇਕ ਇਕ ਕਰ ਕੇ ਨਿਖੇੜ ਕੇ ਬਿਲਮੁਕਤੇ ਜਾਂ ਸਰਬ-ਲਾਗੂ ਸਿਧਾਤਾਂ ਦੀ ਰੌਸ਼ਨੀ ਵਿਚ ਪੇਸ਼
ਕਰਨਾ ਨਾ-ਮੁਮਕਨ ਨਹੀਂ ਤਾਂ ਅਤਿ ਕਠਨ ਜ਼ਰੂਰ ਹੈ। ਫਿਰ ਜਾਤ-ਪਾਤ ਦੀ ਚਾਲ-ਢਾਲ
(development) ਕਾਇਮ ਹੋਣ ਦਾ ਮਸੱਲਾ ਮੰਨਿਆ ਪ੍ਰਮੰਨਿਆ ਪੇਚੀਦਾ ਹੈ। ਇਸ ਵਿਚ ਰਾਜਸੀ
ਆਰਥਕ, ਭਾਈਚਾਰਕ, ਤੇ ਭੂਗੋਲਕ ਸ਼ਕਤੀਆਂ ਤੋਂ ਇਲਾਵਾ, ਉਹਨਾਂ ਸ਼ਕਤੀਆਂ ਦਾ ਵੱਡਾ ਹਿੱਸਾ
ਸੀ ਜਿਨ੍ਹਾਂ ਦਾ ਸੰਬੰਧ ਮਨੁਖੀ ਵਿਚਾਰਧਾਰਾ ਤੇ ਜਜ਼ਬਾਤ ਨਾਲ ਸੀ। ਇਹਨਾਂ ਸ਼ਕਤੀਆਂ ਦੇ ਪਰਸਪਰ
ਵੱਧ ਘੱਟ ਮੇਲ ਤੇ ਵਿਰੋਧ ਤੋਂ ਵੱਖੋ ਵੱਖ ਸਮੇਂ ਤੇ ਅੱਡ ਅੱਡ ਥਾਈਂ ਕਈ ਕਿਸਮ ਦੇ ਜੁੱਟ ਬਣਦੇ
ਰਹੇ। ਅਸੀਂ ਜਾਤ-ਪਾਤੀ ਚਾਲ-ਢਾਲ ਕਾਇਮ ਹੋਣ ਦੇ ਕੇਵਲ ਉਸ ਪੱਖ ਨੂੰ ਛੋਹਣਾ ਚਾਹੁੰਦੇ ਹਾਂ
ਜਿਸ ਦਾ ਮਨੁਖੀ ਵਿਚਾਰਧਾਰਾ ਤੇ ਜਜ਼ਬਿਆਂ ਨਾਲ ਸਿੱਧਾ ਸੰਬੰਧ ਸੀ। ਇਹਨਾਂ ਬਰੀਕੀਆਂ ਵਿਚ
ਨਹੀਂ ਪੈਣਾ ਚਾਹੁੰਦੇ ਕਿ ਇਹਨਾਂ ਵਿਚਾਰਧਾਰਾਂ ਜਾਂ ਜਜ਼ਬਿਆਂ ਨੂੰ ਬਣਾਉਣ ਵਿਚ ਕਿਸ ਕਿਸ ਬੇ-ਹਿੱਸ
(inanimate) ਸ਼ਕਤੀ ਦਾ ਕਿਤਨਾ ਕੁ ਹਿੱਸਾ ਸੀ ਜਾਂ ਨਹੀਂ ਸੀ।

ਆਰੀਆ ਨਸਲ ਦੇ ਲੋਕ ਜੋ ਹਿੰਦ ਵਿਚ ਆਏ ਗੋਰੇ ਰੰਗ ਦੇ ਸਨ ਅਤੇ ਉਹਨਾਂ ਦੇ ਆਉਣ
ਤੋਂ ਪਹਿਲੋਂ ਦੇ ਦੇਸ਼-ਵਾਸੀਆਂ ਦਾ ਰੰਗ ਕਾਲਾ ਸੀ। ਆਰੀਆਂ ਦੀ ਨਜ਼ਰ ਵਿਚ ਉਹਨਾਂ ਦੀ ਸ਼ਕਲ
ਵੀ ਭੱਦੀ ਸੀ। ਇਸ ਵਿਚ ਸ਼ੱਕ ਨਹੀਂ ਕਿ ਆਰੀਆ ਲੋਕ ਇਸ ਕਾਰਨ ਆਦਿ-ਵਾਸੀਆਂ ਤੋਂ
ਨਫ਼ਰਤ ਕਰਦੇ ਸਨ। ਵੇਦਾਂ ਵਿਚ ਥਾਈਂ ਥਾਈਂ 'ਕਾਲੇ-ਰੰਗ ਵਾਲੇ' 'ਫੀਨੇ-ਨੱਕ ਵਾਲੇ' (snub-

nosed) ਆਦਿ-ਵਾਸੀਆਂ ਦੇ ਵਿਰੁਧ ਵਿਹੁ ਘੋਲੀ ਹੋਈ ਹੈ, ਅਤੇ ਆਰੀਆ ਤੇ ਆਦਿ-ਵਾਸੀਆਂ ਵਿਚਕਾਰ ਵਿਤਕਰੇ ਉਤੇ ਜ਼ੋਰ ਦਿਤਾ ਹੋਇਆ ਹੈ। ਐਨ ਸੰਭਵ ਹੈ ਕਿ ਭਾਈਚਾਰਕ ਵਿਤਕਰਾਬਾਜ਼ੀ ਦੀ ਜੋ ਗੱਡੀ ਜਾਤ-ਪਾਤੀ ਪ੍ਰਬੰਧ ਦੀ ਸ਼ਕਲ ਬਣਨ ਵਲ ਰਿੜ੍ਹੀ, ਉਸ ਨੂੰ ਰੇੜ੍ਹਨ ਲਈ ਪਹਿਲਾ ਧੱਕਾ (initial impulse) ਆਰੀਆ ਲੋਕਾਂ ਦੀ ਆਦਿ-ਵਾਸੀਆਂ ਵਿਰੁਧ ਇਸ ਨਸਲੀ ਤੇ ਰੰਗਤ ਦੀ ਨਫ਼ਰਤ ਨੇ ਲਾਇਆ ਹੋਵੇ। ਇਸ ਅਨੁਮਾਨ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਆਰੀਆ ਲੋਕਾਂ ਦੀਆਂ ਸ਼ਾਖਾਂ ਵਿਚੋਂ ਜੋ ਹਿੰਦ ਵਿਚ ਆਈ ਦਾ ਸਭ ਤੋਂ ਵੱਧ ਨੇੜ ਉਸ ਸ਼ਾਖਾਂ ਨਾਲ ਸਮਝਿਆ ਜਾਂਦਾ ਹੈ ਜੋ ਈਰਾਨ ਵਿਚ ਗਈ। ਵੇਦਾਂ ਵਾਂਗੂ ਈਰਾਨ ਵਿਚ ਗਏ ਆਰੀਆਂ ਦੀ ਵੀ ਇਕ ਸਨਮਾਨੀ ਬਹੁਤ ਪੁਰਾਣੀ ਲਿਖਤ ਹੈ ਜਿਸ ਦਾ ਨਾਮ 'ਗਾਥਾ' (gathas) ਹੈ। 'ਗਾਥਾ' ਵਿਚ ਈਰਾਨ ਦੇ ਆਦਿ-ਵਾਸੀਆਂ ਵਿਰੁਧ ਨਫ਼ਰਤ ਦਾ ਉਹ ਉਗਾਲ ਨਹੀਂ ਜੋ ਵੇਦਾਂ ਵਿਚ ਹਿੰਦ ਦੇ ਆਦਿ-ਵਾਸੀਆਂ ਵਿਰੁਧ ਹੈ।[1] ਇਹ ਗੱਲ ਇਸ ਤੱਥ ਨਾਲ ਮੇਲ ਖਾਂਦੀ ਹੈ ਕਿ ਹਿੰਦ ਵਿਚ ਜਾਤੀ-ਪਾਤੀ ਪ੍ਰਬੰਧ ਕਾਇਮ ਹੋਇਆ ਅਤੇ ਈਰਾਨ ਵਿਚ ਨਹੀਂ।[2] ਪਰ ਕੇਵਲ ਇਸ ਵਿਚਾਰ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਨਸਲੀ ਤੇ ਰੰਗਤ ਦੀ ਨਫ਼ਰਤ ਦੇ ਕਾਰਨ ਹੀ ਜਾਤ-ਪਾਤ ਕਾਇਮ ਹੋਈ, ਕਿਉਂਕਿ ਕਈ ਤੱਥ ਇਹ ਮੰਨ ਲੈਣ ਦੇ ਹੱਕ ਵਿਚ ਨਹੀਂ।

ਜਦੋਂ ਆਰੀਆ ਹਿੰਦ ਵਿਚ ਨਵੇਂ ਨਵੇਂ ਆਏ, ਉਦੋਂ ਆਦਿ-ਵਾਸੀਆਂ ਵਿਰੁਧ ਨਸਲੀ ਤੇ ਰੰਗਤ ਦੀ ਨਫ਼ਰਤ ਜ਼ੋਰਾਂ ਉਤੇ ਹੋਣੀ ਚਾਹੀਦੀ ਸੀ। ਵੇਦਾਂ ਵਿਚ ਨਫ਼ਰਤ ਤਾਂ ਜ਼ਾਹਰ ਹੁੰਦੀ ਹੈ ਪਰ ਜਾਤ-ਪਾਤ ਦਾ ਜ਼ਿਕਰ ਨਹੀਂ ਹੈ।[3] ਕਈ ਇਕ ਵੇਦਕ ਮੰਤ੍ਰਾਂ (hymns) ਦੇ ਕਰਤਾ ਸ਼ੂਦਰ ਸਨ।[4] ਵੇਦਾਂ ਦੇ ਸਭ ਤੋਂ ਵੱਡੇ ਆਚਾਰੀਆ ਵਿਆਸ ਦੀ ਮਾਂ ਮਾਛਣ (ਮੱਛੀਆਂ ਫੜਨ ਵਾਲੀ) ਸੀ ਅਤੇ ਨਾਰਦ ਗੁਲਾਮ ਲੜਕੀ ਦਾ ਪੁਤਰ ਸੀ। ਇਹ ਠੀਕ ਹੈ ਕਿ ਉਚੀ ਜਾਤੀ ਦੀ ਲੜਕੀ ਦੀ ਨੀਵੀਂ ਜਾਤੀ ਦੇ ਆਦਮੀ ਨਾਲ ਸ਼ਾਦੀ ਨੂੰ ਬਹੁਤ ਬੁਰਾ ਮਨਾਇਆ ਜਾਂਦਾ ਸੀ, ਪਰ ਉਚੀ ਜਾਤੀ ਦੇ ਆਦਮੀ ਦੀ ਨੀਵੀਂ ਜਾਤੀ ਦੀ ਔਰਤ ਨਾਲ ਸ਼ਾਦੀ ਨੂੰ ਪਹਿਲੇ ਕਾਨੂੰਨ ਘੜਨ ਵਾਲਿਆਂ (law-givers) ਪ੍ਰਵਾਨਗੀ ਦਿਤੀ। ਪਹਿਲੀ ਸ਼ਾਦੀ ਆਪਣੀ ਹੀ ਜਾਤੀ ਵਿਚ ਕਰਨ ਨੂੰ ਤਰਜੀਹ ਦਿਤੀ ਜਾਂਦੀ ਸੀ, ਪਰ ਆਪਣੀ ਤੋਂ ਨੀਵੀਆਂ ਜਾਤੀਆਂ ਦੀਆਂ ਹੋਰ ਤੀਵੀਆਂ ਨਾਲ ਵਿਆਹ ਕਰਨ ਦੀ ਵੀ ਖੁਲ੍ਹ ਸੀ।[5] ਮੰਨੂ ਅਨੁਸਾਰ ਆਰੀਆ, ਸਣੇ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਦੇ, ਸ਼ੂਦਰ ਇਸਤਰੀਆਂ ਰਖ ਸਕਦੇ ਸਨ।[6] ਸ਼ੂਦਰ ਇਸਤਰੀ ਦੀ ਕੁੱਖੋਂ ਬ੍ਰਾਹਮਣ ਦੀ ਲੜਕੀਆਂ ਦੀ ਔਲਾਦ ਜੇ ਪੀੜ੍ਹੀ-ਦਰ-ਪੀੜ੍ਹੀ ਸਤ ਪੀੜ੍ਹੀਆਂ ਤਕ ਬ੍ਰਾਹਮਣਾਂ ਨਾਲ ਹੀ ਵਿਆਹ ਕਰਦੀਆਂ ਰਹਿਣ ਤਾਂ ਉਨ੍ਹਾਂ ਦੀ ਔਲਾਦ ਬ੍ਰਾਹਮਣ ਬਣ ਸਕਦੀ ਸੀ।[7] ਮਹਾਂਭਾਰਤ ਵਿਚ ਵੀ ਇਹੋ ਦਰਜ ਹੈ ਕਿ ਬ੍ਰਾਹਮਣਾਂ ਤੇ ਕਸ਼ੱਤਰੀਆਂ ਦੀਆਂ ਨੀਵੀਆਂ ਜਾਤੀਆਂ ਨਾਲ ਸ਼ਾਦੀਆਂ ਦੀਆਂ ਮਿਸਾਲਾਂ ਆਮ ਸਨ। ਪਾਲੀ ਬੋਲੀ ਦੇ 'ਜਟਾਕਾ' ਵਿਚ ਲਿਖਿਆ ਹੈ ਕਿ ਕ੍ਰਿਸ਼ਨ (ਕਾਹਨਾ) ਇਕ ਚੰਡਾਲ ਲੜਕੀ ਉਤੇ ਮੋਹਤ ਹੋ ਗਿਆ ਅਤੇ ਇਹ ਉਸ ਦੀਆਂ ਇਸਤਰੀਆਂ ਵਿਚੋਂ ਇਕ ਜੰਬਾਵਤੀ ਨਾਮੀ ਇਸਤਰੀ ਬਣੀ।[8] ਹਰਸ਼ ਰਾਜੇ ਦੇ ਜ਼ਮਾਨੇ ਵਿਚ ਕਸ਼ੱਤਰੀ ਆਦਮੀ ਵੈਸ਼ ਔਰਤ ਨਾਲ ਵਿਆਹ ਕਰ ਸਕਦਾ ਸੀ ਤੇ ਬ੍ਰਾਹਮਣ ਆਦਮੀ ਸ਼ੂਦਰ ਇਸਤਰੀ ਨਾਲ। ਸੰਸਕ੍ਰਿਤ ਦੇ ਪ੍ਰਸਿਧ ਲਿਖਾਰੀ ਬਾਨਾ ਦੇ ਦੋ ਮਤਰੇਏ ਭਰਾ ਸਨ ਜੋ ਸ਼ੂਦਰ ਇਸਤਰੀ ਦੀ ਕੁਖੋਂ ਪੈਦਾ ਹੋਏ ਸਨ।[9] ਹਿੰਦੂ ਕਾਨੂੰਨ ਦੇ ਪਹਿਲੇ ਟੀਕਾਕਾਰ ਅਜਿਹੇ ਵਿਆਹਾਂ ਦਾ ਵਿਰੋਧ ਨਹੀਂ ਕਰਦੇ। ਚਾਰ ਵਰਨਾਂ ਵਿਚਕਾਰ ਸ਼ਾਦੀਆਂ ਦੀ ਮਨਾਹੀ ਕਮਾਲਕਾਰਾਂ ਤੇ ਰਘੂਨੰਦਨਾ ਵਰਗੇ ਪਿਛੋਂ ਹੋਏ ਟੀਕਾਕਾਰਾਂ ਕੀਤੀ।[10] ਇਹ ਸਪੱਸ਼ਟ ਕਰਨ ਦੀ



ਲੋੜ ਨਹੀਂ ਕਿ ਇਨ੍ਹਾਂ ਕਾਇਦਿਆਂ (ਜੈਸਾ ਕਿ ਮੰਨੂ ਦਾ ਬ੍ਰਾਹਮਣਾਂ, ਕਸ਼ੱਤਰੀਆਂ, ਤੇ ਵੈਸ਼ਾਂ ਨੂੰ ਸ਼ੂਦਰ ਇਸਤਰੀਆਂ ਰਖ ਲੈਣ ਦੀ ਖੁਲ੍ਹ ਦੇਣੀ) ਤੋਂ ਵੇਦਕ ਨਸਲਾਂ ਤੋਂ ਪਹਿਲੋਂ ਦੇ ਹਿੰਦ ਵਿਚ ਆਦਿ-ਵਾਸੀਆਂ ਬਾਰੇ ਕੋਈ ਖ਼ਾਸ ਨਫ਼ਰਤ ਨਹੀਂ ਜ਼ਾਹਰ ਹੁੰਦੀ।"[11] ਕ੍ਰਿਸ਼ਨ ਅਤੇ ਰਾਮਚੰਦਰ ਜੀ ਦੇ ਰੰਗਦਾਰ ਚਮੜੀ ਹੋਣ ਦੇ ਬਾਵਜੂਦ ਹਰਮਨ ਪਿਆਰੇ ਅਵਤਾਰ ਮਸ਼ਹੂਰ ਹੋ ਜਾਣਾ ਵੀ ਸ਼ਾਇਦ ਇਹੋ ਦਰਸਾਉਂਦਾ ਹੋਵੇ।

ਜਾਤਾਂ ਵਿਚ ਖਾਣ ਪੀਣ ਸੰਬੰਧੀ ਵਿਤਕਰਿਆਂ ਦੀ ਚਾਲ-ਢਾਲ (development) ਵੀ ਉਪਰੋਕਤ ਸਿੱਟੇ ਦੀ ਪੁਸ਼ਟੀ ਕਰਦੀ ਹੈ। "ਵਿਆਸ ਦੀ ਸਿਮ੍ਰਤੀ (III,52) ਅਨੁਸਾਰ ਆਰੀਆ (dvijas) ਇਕ ਦੂਜੇ ਤੋਂ ਭੋਜਨ ਲੈ ਸਕਦੇ ਹਨ। ਸਿਮ੍ਰਤੀਆਂ ਕਈ ਸ਼ੂਦਰਾਂ ਦੀਆਂ ਸ਼੍ਰੇਣੀਆਂ ਤੋਂ ਵੀ ਭੋਜਨ ਲੈਣ ਦੀ ਖੁਲ੍ਹ ਦੇਂਦੀਆਂ ਸਨ (C.V. Vaidya : History of Medieval India, Vol. 11, p. 186)...ਮੰਨੂ (iv, 253) ਅਨੁਸਾਰ ਬ੍ਰਾਹਮਣ ਨੂੰ ਸ਼ੂਦਰਾਂ ਦੀਆਂ ਜਿਨ੍ਹਾਂ ਸ਼੍ਰੇਣੀਆਂ ਤੋਂ ਭੋਜਨ ਲੈ ਲੈਣ ਦੀ ਖੁੱਲ੍ਹ ਹੈ ਉਹ ਹਨ ਉਸ ਦੇ ਗਾਹਕ, ਗੁਜਰ, ਗੁਲਾਮ, ਨਾਈ ਤੇ ਸੇਵਕ। ਮਹਾਂਭਾਰਤ (Vanaporva, 207, 18) ਵਿਚ ਲਿਖਿਆ ਹੈ ਕਿ ਇਕ ਬ੍ਰਾਹਮਣ ਨੇ ਇਕ ਬੁਚੱੜ ਕੋਲੋਂ ਲੈ ਕੇ ਪਾਣੀ ਪੀਤਾ...ਜ਼ਾਹਰ ਹੈ ਕਿ ਖਾਣ ਪੀਣ ਸੰਬੰਧੀ ਵਿਤਕਰਿਆਂ ਦੀਆਂ ਗੰਢਾਂ ਪਿਛੋਂ ਆ ਕੇ ਪੀਢੀਆਂ ਹੋਈਆਂ।"[12]

ਏਸੇ ਤਰ੍ਹਾਂ ਮੰਨੂੰ ਮੰਨਦਾ ਹੈ ਕਿ ਸ਼ੂਦਰ ਰਾਜੇ ਬਣ ਸਕਦੇ ਹਨ।[13] ਚੀਨੀ ਯਾਤਰੀ ਹਿਊਨ ਸਾਂਗ ਲਿਖਦਾ ਹੈ ਕਿ ਵਾਸਤਵ ਵਿਚ ਕਈ ਸ਼ੂਦਰ ਰਾਜੇ ਸਨ।[14] ਡਾਕਟਰ ਕੇਟਕਰ ਦੀ ਰਾਇ ਹੈ ਕਿ "ਸਾਰੇ ਰਾਜੇ, ਭਾਵੇਂ ਉਹ ਅਖੌਤੀ ਆਰੀਆ ਨਸਲ ਦੇ ਸਨ ਜਾਂ ਦਰਾਵੜ ਨਸਲ ਦੇ, ਆਰੀਆ ਸਮਝੇ ਜਾਂਦੇ ਸਨ। ਚਮੜੀ ਦੀ ਰੰਗਤ ਦੀ ਪਕੜ ਮੁਦਤਾਂ ਤੋਂ ਇਤਨੀ ਢਿੱਲੀ ਹੋ ਗਈ ਸੀ।"[15]

ਆਰੀਆ ਅਤੇ ਆਦਿ-ਵਾਸੀਆਂ ਵਿਚਕਾਰ ਵਿਤਕਰੇਬਾਜ਼ੀ ਦੇ ਸਿਲਸਿਲੇ ਵਿਚ ਰੰਗਤ ਦੀ ਨਫ਼ਰਤ ਨੂੰ ਨਸਲੀ ਨਫ਼ਰਤ ਦਾ ਹੀ ਦੂਸਰਾ ਪਹਿਲੂ ਸਮਝਿਆ ਜਾ ਸਕਦਾ ਹੈ। ਬ੍ਰਾਹਮਣ-ਮੱਤ ਦੀ ਨਵੀਨ (Neo-Brahmanism) ਸ਼ਕਲ ਧਾਰਨ ਤਕ ਆਰੀਆ ਤੇ ਆਦਿ-ਵਾਸੀਆਂ ਦੇ ਖ਼ੂਨ ਵਿਚਕਾਰ ਇਤਨੀ ਮਿਲਾਵਟ ਹੋ ਚੁਕੀ ਸੀ ਕਿ ਨਸਲੀ ਵਿਤਕਰਾਬਾਜ਼ੀ ਲਈ ਜ਼ਿੰਦਗੀ ਦੀ ਅਮਲੀ ਵਰਤੋਂ ਵਿਚ ਕੋਈ ਠੋਸ ਗੁੰਜਾਇਸ਼ ਨਹੀਂ ਸੀ ਰਹੀ! ਛੰਦੋਗਿਆ ਉਪਨਿਸ਼ਦ (iv 4.1) ਦੇ ਜ਼ਮਾਨੇ ਤਕ ਵੀ ਸਭ ਤੋਂ ਵਧ ਪਰਹੇਜ਼ਗਾਰ ਜਾਤੀ, ਬ੍ਰਾਹਮਣ ਵੀ ਨਸਲੀ ਖ਼ੂਨ ਦੀ ਸ਼ੁੱਧਤਾ ਨੂੰ ਕਾਇਮ ਰਖਣ ਦੀ ਪਾਬੰਧ ਨਹੀਂ ਸੀ ਰਹੀ। ਕਈ ਮਾਹਰਾਂ ਦੀ ਇਹ ਰਾਇ ਹੈ ਕਿ ਨਸਲੀ ਖ਼ੂਨ ਦੀ ਪਵਿਤ੍ਰਤਾ ਦੇ ਲਿਹਾਜ਼, ਵੈਸ਼ਾਂ ਦੀ ਤਾਂ ਗੱਲ ਹੀ ਛੜੋ, ਬ੍ਰਾਹਮਣ ਅਤੇ ਕਸ਼ੱਤਰੀ ਵੀ ਘੱਟ ਹੀ ਗਿਣਤੀ ਵਿਚ ਮਿਲਦੇ ਹਨ। ਖੋਪਰੀ ਦੀ ਲੰਬਾਈ ਅਤੇ ਨੱਕ ਦੀ ਉਚਾਈ ਤੇ ਤਿਖਾਈ ਨੂੰ ਨਾਪ ਕੇ ਆਰੀਆ ਤੇ ਆਦਿ-ਵਾਸੀਆਂ ਦੀ ਨਸਲ ਵਿਚ ਨਿਖੇੜਾ ਕੀਤਾ ਜਾਂਦਾ ਹੈ। ਹਰਬੱਰਟ ਰਿਜਲੇ ਤੇ ਹੋਰਨਾਂ ਨੇ ਹਿੰਦ ਦੇ ਅੱਡ ਅੱਡ ਹਿੱਸਿਆਂ ਦੇ ਵਸਨੀਕਾਂ ਦੇ ਨਸਲੀ ਨਿਖੇੜ ਕਰਨ ਲਈ ਇਹ ਮਾਪ ਲਏ। ਉਨ੍ਹਾਂ ਦੇ ਅੰਕੜਿਆਂ ਨੂੰ ਪੜਚੋਲ ਕੇ ਪ੍ਰੋ. ਗੁਰੇਯ ਇਸ ਨਤੀਜੇ ਉਤੇ ਪੁਜਾ ਹੈ ਕਿ ਯੂ. ਪੀ. ਦਾ ਬ੍ਰਾਹਮਣ, ਉਚਜਾਤੀ ਛੱਤਰੀ ਤੋਂ ਸਿਵਾਏ ਆਪਣੇ ਸੂਬੇ ਦੀ ਕਿਸੇ ਜਾਤੀ ਨਾਲ ਇਤਨਾ ਨਹੀਂ ਮਿਲਦਾ ਜਿਤਨਾ ਕਿ ਪੰਜਾਬ ਦੇ ਚੂਹੜੇ ਤੇ ਖਤਰੀ ਨਾਲ।...ਬੰਗਾਲ ਦੇ ਮਾਪ ਦੇ ਅੰਕੜੇ ਦਸਦੇ ਹਨ ਕਿ ਉਥੋਂ ਦਾ ਚੰਡਾਲ, ਜਿਸ ਦਾ ਭਾਈਚਾਰਕ ਦਰਜਾ ਛੇਵੇਂ ਦਰਜੇ ਦਾ ਹੈ ਅਤੇ ਜਿਸ ਦੀ ਛੋਹ ਭਿੱਟ ਦੇਂਦੀ ਹੈ, ਬ੍ਰਾਹਮਣ ਨਾਲੋਂ ਬਹੁਤਾ ਵਖਰਾ ਨਹੀਂ।...ਸਮੁਚੇ ਤੌਰ ਉਤੇ ਵੇਖਿਆਂ ਬੰਬਈ ਸੂਬੇ ਵਿਚ ਭਾਈਚਾਰਕ

ਦਰਜਾ ਬੱਦਰਜੀ ਤੇ ਨਸਲੀ ਵਖੇਵਿਆਂ ਦਾ ਆਪਸ ਵਿਚ ਕੋਈ ਮੇਲ ਨਹੀਂ'' । ਏਸੇ ਤਰ੍ਹਾਂ ਬਿਹਾਰ ਦੇ ਚਮਾਰਾਂ, ਕਾਨਰਾਂ ਦੇ ਹੋਲਿਆ (ਇਕ ਅਛੂਤ ਜਾਤੀ) ਤੇ ਤਾਮਲ-ਨਾਦ ਦੇ ਛੂਰੇਮਾਨਾ (ਇਕ ਅਛੂਤ ਜਾਤੀ) ਦਾ ਆਪੋ ਆਪਣੇ ਸੂਬਿਆਂ ਦੇ ਬ੍ਰਾਹਮਣਾਂ ਨਾਲੋਂ ਬਹੁਤਾ ਨਸਲੀ ਫਰਕ ਨਹੀਂ ।[16] ਨੈਸਫੀਲਡ ਵੀ ਇਹੋ ਸਮਝਦਾ ਹੈ ਕਿ ਹਿੰਦ ਦੀ ਵਸੋਂ ਵਿਚ ਨਸਲੀ ਮਿਲਾਵਟ ਬਹੁਤ ਹੈ । ਡਾਕਟਰ ਡੀ. ਆਰ. ਭੰਡਾਰ ਲਿਖਦਾ ਹੈ ਕਿ ''ਹਿੰਦ ਵਿਚ ਮੁਸ਼ਕਲ ਹੀ ਕੋਈ ਐਸੀ ਜਮਾਤ ਜਾਂ ਜਾਤ ਹੈ ਜਿਸ ਵਿਚ ਹੋਰ ਦੇ ਲਹੂ ਦੀ ਮਿਲਾਵਟ ਨਹੀਂ । ਵਖਰੇ ਲਹੂ ਦੀ ਮਿਲਾਵਟ ਨਾ ਕੇਵਲ ਲੜਾਕੂ ਸ਼੍ਰੇਣੀਆਂ ਰਾਜਪੂਤਾਂ ਤੇ ਮਰੱਹਟਿਆਂ ਵਿਚ ਹੈ, ਇਹ ਮਿਲਾਵਟ ਬ੍ਰਾਹਮਣਾਂ ਵਿਚ ਵੀ ਹੈ । ਨਸਲੀ ਨਿਖੇੜਾ ਕਰਨ ਵਾਲੀ (antiquarian or ethnological) ਕਸੱਵਟੀ ਉਤੇ ਪਰਖਿਆਂ ਬ੍ਰਾਹਮਣਾਂ ਜਾਂ ਕਸ਼ੱਤਰੀਆਂ ਦੇ ਸ਼ੁਧ ਨਸਲ ਦੇ ਹੋਣ ਦੇ ਦਾਅਵੇ ਬੇਬੁਨਿਆਦ ਅਤੇ ਭੱਦੇ ਹਨ ।''[17]

ਕੇਵਲ ਨਸਲੀ ਜਾਂ ਰੰਗਤ ਦਾ ਭੇਦ-ਭਾਵ ਹੀ ਜਾਤ-ਪਾਤ ਕਾਇਮ ਕਰਨ ਦਾ ਕਾਰਨ ਨਹੀਂ ਸੀ ਬਣ ਸਕਦਾ, ਇਸ ਦੇ ਵਿਰੁਧ ਇਕ ਹੋਰ ਨਿਖੜਵਾਂ ਤੱਥ ਹੈ । ਅਰਬ ਨਸਲ ਦੇ ਲੋਕ ਸੂਡਾਨ (ਅਫਰੀਕਾ) ਵਿਚ ਕਾਫ਼ੀ ਗਿਣਤੀ ਵਿਚ ਜਾ ਵੱਸੇ, ਅਰਬ ਨਸਲ ਦੇ ਲੋਕਾਂ ਤੇ ਅਫ਼ਰੀਕਨਾਂ ਵਿਚਕਾਰ ਰੰਗ ਤੇ ਰੂਪ ਦਾ ਵਖੇਵਾਂ ਉਸ ਨਾਲੋਂ ਘੱਟ ਨਹੀਂ ਜੋ ਵੇਦਕ ਆਰੀਆ ਤੇ ਹਿੰਦ ਦੇ ਆਦਿ-ਵਾਸੀਆਂ ਵਿਚਕਾਰ ਸੀ । ਪਰ ਇਸ ਦੇ ਬਾਵਜੂਦ ਸੂਡਾਨ ਵਿਚ ਜਾਤ-ਪਾਤ ਕਾਇਮ ਨਹੀਂ ਹੋਈ । ਮੌਜੂਦਾ ਜ਼ਮਾਨੇ ਦੀ ਇਕ ਹੋਰ ਪ੍ਰਤੱਖ ਮਿਸਾਲ ਵੀ ਇਹੋ ਜ਼ਾਹਰ ਕਰਦੀ ਹੈ । ਅਮਰੀਕਾ (U.S.A.) ਦੇ ਦੱਖਣੀ ਹਿੱਸੇ ਵਿਚ ਹਬਸ਼ੀ (Negro) ਨਸਲ ਦੇ ਵਸਨੀਕਾਂ ਦੀ ਗਿਣਤੀ ਕਾਫ਼ੀ ਹੈ । ਅਮਰੀਕਾ ਦੇ ਗੋਰਿਆਂ ਤੇ ਹੱਬਸ਼ੀਆਂ ਵਿਚਕਾਰ ਨਸਲੀ ਤੇ ਰੰਗਤ ਦਾ ਪਾੜ (gap) ਵੀ ਉਸ ਨਾਲੋਂ ਕਿਸੇ ਤਰ੍ਹਾਂ ਘਟ ਨਹੀਂ ਜੋ ਵੇਦਕ ਆਰੀਆ ਤੇ ਹਿੰਦੀ ਆਦਿ-ਵਾਸੀਆਂ ਵਿਚਕਾਰ ਸੀ । ''ਇਹ ਠੀਕ ਹੈ ਕਿ ਅਮਰੀਕਾ ਦੀਆਂ ਦੱਖਣੀ ਰਿਆਸਤਾਂ ਦੇ ਹਬਸ਼ੀਆਂ ਨੂੰ ਕਈ ਤਰੀਕਿਆਂ ਨਾਲ ਇਕ ਵਖਰੇ ਫ਼ਿਰਕੇ (Community) ਦੇ ਤੌਰ ਉਤੇ ਰਖਿਆ ਗਿਆ ਹੈ । ਉਨ੍ਹਾਂ ਨੂੰ ਕਈ ਪਬਲਕ ਸਹੂਲਤਾਂ, ਜੋ ਗੋਰੇ ਮਾਣ ਸਕਦੇ ਹਨ, ਨੂੰ ਮਾਨਣ ਤੋਂ ਮਨ੍ਹਾਂ ਕੀਤਾ ਗਿਆ ਹੈ ਜਾਂ ਵਿਵਰਜਤ ਰਖਿਆ ਗਿਆ ਹੈ...ਇਸ ਵਿਚ ਵੀ ਸ਼ੱਕ ਨਹੀਂ ਕਿ ਗੋਰਿਆਂ ਵਿਚ ਕਾਲਿਆਂ ਨਾਲ ਸ਼ਾਦੀ ਕਰਨ ਵਿਰੁਧ ਸਖ਼ਤ ਜਜ਼ਬਾ ਹੈ, ਪਰ ਛੋਹ ਨਾਲ ਭਿੱਟੇ ਜਾਣ ਦਾ ਸਵਾਲ ਹੀ ਨਹੀਂ ਉਠਦਾ । ਗੋਰੇ ਦਾ ਹੱਬਸ਼ੀ ਨੌਕਰ ਰੱਖ ਲੈਣਾ ਸਾਧਾਰਣ ਗੱਲ ਹੈ । ਪਰ ਇਹ ਸੋਚਿਆ ਹੀ ਨਹੀਂ ਜਾ ਸਕਦਾ ਕਿ ਬ੍ਰਾਹਮਣ ਆਪਣਾ ਰਸੋਈਆ ਚੰਡਾਲ ਬਣਾ ਲਵੇ ਜਾਂ ਰਾਜਪੂਤ ਇਕ ਧੋਬੀ ਨੂੰ ਕਪੜੇ ਪਹਿਨਾਉਣ ਵਾਲਾ ਨੌਕਰ (valet) ਰਖ ਲਵੇ ।''[18] ਅਰਥਾਤ ਨਸਲੀ ਜਾਂ ਰੰਗਤ ਦੇ ਵਖੇਵਿਆਂ ਨੇ ਕਈ ਥਾਈਂ ਭਾਈਚਾਰਕ ਵਖੇਵਿਆਂ ਨੂੰ ਕਿਧਰੇ ਵੱਧ ਤੇ ਕਿਧਰੇ ਘੱਟ ਜਨਮ ਦਿਤਾ, ਪਰ ਹਿੰਦ ਤੋਂ ਬਾਹਰ ਕਿਧਰੇ ਵੀ ਇਨ੍ਹਾ ਵਖੇਵਿਆਂ ਨੇ ਜਾਤ-ਪਾਤੀ ਪ੍ਰਬੰਧ ਦੀ ਸ਼ਕਲ ਨਾ ਫੜੀ ।

ਉਪਰੋਕਤ ਤੱਥਾਂ ਨੂੰ ਵਾਚਣ ਤੋਂ ਕਈ ਇਕ ਸਿੱਟੇ ਸਪੱਸ਼ਟ ਹੁੰਦੇ ਹਨ :

ਬਹੁਤ ਸਾਰੇ ਵਿਦਵਾਨਾਂ ਦਾ ਇਹ ਅਨੁਮਾਨ ਹੈ ਕਿ ਵੇਦ ਉਦੋਂ ਰਚੇ ਗਏ ਜਦ ਆਰੀਆ ਸਰਸਵਤੀ ਦੇ ਲਾਗੇ ਬੰਨੇ ਵਸਦੇ ਸਨ । ਆਰੀਆ ਨਸਲ ਨਾਲ ਵੱਧ ਤੋਂ ਵੱਧ ਮੇਲ ਖਾਂਦੇ ਵਸਨੀਕ ਪੰਜਾਬ, ਹਰਿਆਣਾ, ਰਾਜਸਤਾਨ ਤੇ ਯੂ. ਪੀ. ਦੇ ਕੁਝ ਹਿੱਸੇ ਵਿਚ ਹਨ ।[19] ਜਿਵੇਂ ਜਿਵੇਂ ਆਰੀਆ ਲੋਕ ਯੂ.ਪੀ. ਤੇ ਬਿਹਾਰ ਵਲ ਵਧੇ, ਆਦਿ-ਵਾਸੀਆਂ ਨਾਲ ਨਸਲੀ ਮਿਲਾਵਟ ਵਧਦੀ ਗਈ । ਜਿਵੇਂ ਉਪਰ ਵੇਖਿਆ ਗਿਆ ਹੈ, ਬੰਗਾਲ ਦੇ ਬ੍ਰਾਹਮਣਾਂ ਅਤੇ ਉਥੋਂ ਦੀਆਂ ਹੋਰ ਜਾਤਾਂ ਵਿਚਕਾਰ ਨਸਲੀ



ਬਣਤਰ ਦਾ ਵਖੇਵਾਂ ਨਾਮਧਰੀਕ ਹੈ । ਵਿੰਧੀਆਚਲ ਪਹਾੜ ਤੋਂ ਦੱਖਣ ਵਲ, ਸਵਾਏ ਗਿਣਤੀ ਦੇ ਬ੍ਰਾਹਮਣਾਂ ਜਾਂ ਰਾਜ ਘਰਾਣਿਆਂ ਦੇ, ਆਰੀਆ ਗਏ ਹੀ ਨਹੀਂ ।

ਨਸਲੀ ਮਿਲਾਵਟ ਹੋਣ ਨਾਲ ਇਹ ਲਾਜ਼ਮੀ ਸੀ ਕਿ ਰੂਪ ਰੰਗ ਦੀ ਵੀ ਮਿਲਾਵਟ ਹੋਵੇ । ਨਾ ਆਰੀਆ ਲੋਕ ਪਹਿਲਾਂ ਵਾਂਙੂ ਗੋਰੇ ਜਾਂ ਉਚੇ ਤੇ ਤਿੱਖੇ ਨੱਕਾਂ ਵਾਲੇ ਰਹਿ ਸਕਦੇ ਸਨ ਅਤੇ ਨਾ ਆਦਿ-ਵਾਸੀ ਪਹਿਲਾਂ ਜਿਤਨੇ ਕਾਲੇ ਤੇ ਫੀਨੇ ਨੱਕਾਂ ਵਾਲੇ । ਜਨਤਾ ਵਿਚ ਜਦ ਨਸਲੀ ਬਣਤਰ ਤੇ ਰੂਪ ਰੰਗ ਦੀ ਪਛਾਣ ਨਾ-ਹੋਇਆਂ ਬਰਾਬਰ ਹੋ ਗਈ ਤਾਂ ਭਾਈਚਾਰਕ ਵਿਤਕਰੇਬਾਜ਼ੀ ਦੀ ਨਸਲੀ ਤੇ ਰੂਪ ਰੰਗ ਦੀ ਨਫ਼ਰਤ ਕਿਵੇਂ ਆਧਾਰ ਬਣ ਸਕਦੀ ਸੀ ?

ਪਰ ਹੋਇਆ ਇਵੇਂ ਹੀ । ਹੋਇਆ ਨਹੀਂ, ਬਣਾਇਆ ਇਵੇਂ ਹੀ ਗਿਆ । ਜਦ ਨਸਲੀ ਤੇ ਰੂਪ ਰੰਗ ਦੀ ਨਫ਼ਰਤ ਵੱਧ ਤੋਂ ਵੱਧ ਹੋਣੀ ਚਾਹੀਦੀ ਸੀ, ਉਸ ਸਮੇਂ ਵੇਦਾਂ ਵਿਚ ਜਾਤ-ਪਾਤ ਦਾ ਜ਼ਿਕਰ ਨਹੀਂ । ਜਿਵੇਂ ਜਿਵੇਂ ਨਸਲੀ ਮਿਲਾਵਟ ਕਰਕੇ ਨਸਲੀ ਤੇ ਰੂਪ ਰੰਗਤ ਦੀ ਨਫਰਤ ਘਟਦੀ ਗਈ, ਤਿਵੇਂ ਤਿਵੇਂ ਜਾਤ-ਪਾਤ ਜ਼ੋਰ ਫੜਦੀ ਗਈ । ਕਮਾਲ ਦੀ ਗੱਲ ਇਹ ਹੈ ਕਿ ਆਰੀਆ ਲੋਕਾਂ ਦੇ ਲਹੂ ਦੀ ਅਖੌਤੀ ਪਵਿਤ੍ਰਤਾ ਨੂੰ ਜਾਤ-ਪਾਤ ਦੀ ਦਰਜਾ-ਬਦੱਰਜੀ ਦਾ ਵੱਡਾ ਆਧਾਰ ਮੰਨਿਆ ਗਿਆ, ਓਦੋਂ ਜਦੋਂ ਨਸਲੀ ਤੌਰ ਉਤੇ ਸ਼ੁਧ ਆਰੀਆ ਭਾਲਿਆਂ ਲੱਭਦੇ ਸਨ । ਜ਼ਿੰਦਗੀ ਦੀ ਅਸਲੀਅਤ (reality) ਦੇ ਉਲਟ ਇਹ ਕਿਵੇਂ ਹੋਇਆ ? ਇਹ ਗੰਗਾ ਤ੍ਰਿਬੇਣੀ ਦਾ ਰੁਖ਼ ਛੱਡ ਕੇ ਰਿਸ਼ੀਕੇਸ਼ ਵਲ ਕਿਵੇਂ ਵਗਣ ਲਗ ਪਈ ? ਇਹ ਵਿਚਾਰ ਅਸੀਂ ਉਦੋਂ ਕਰਾਂਗੇ ਜਦ ਅਸੀਂ ਉਸ ਪੜਾਅ ਉਤੇ ਅਪੜਾਂਗੇ । ਹਾਲਾਂ ਇਹ ਜ਼ਿਕਰ ਕਰ ਦੇਣਾ ਹੀ ਕਾਫੀ ਹੈ ਕਿ ਇਸ ਚਾਲ-ਢਾਲ ਤੇ ਬਣਤਰ ਵਿਚ ਬੇ-ਹਿੱਸ ਸ਼ਕਤੀਆਂ ਦਾ ਹੱਥ ਜੇ ਸੀ ਤਾਂ ਨਾਮ ਧਰੀਕ । ਇਹ ਵਿਉਂਤ ਕੇਵਲ ਬ੍ਰਾਹਮਣ ਵਿਚਾਰਧਾਰਾ ਦੇ ਬੱਲ-ਬੋਤੇ ਰਚੀ ਗਈ ਅਤੇ ਨੇਪਰੇ ਚਾੜ੍ਹੀ ਗਈ । ਜ਼ਾਹਰ ਹੈ ਕਿ ਜ਼ਿੰਦਗੀ ਦੀ ਰੌ ਵਿਚ ਨਸਲੀ ਤੇ ਰੂਪ ਰੰਗ ਦੇ ਤਅੱਸਬ ਵਿਚ ਜ਼ੋਰ ਨਾ ਹੋਣ ਕਾਰਨ, ਇਸ ਦੇ ਅਕਸ (image) ਨੂੰ ਵਰਤ ਕੇ, ਜਾਤ-ਪਾਤ ਦੇ ਅਡੰਬਰ ਹੇਠਾਂ ਮਨੁਖੀ ਵਿਚਾਰਧਾਰਾਂ ਤੇ ਜਜ਼ਬਾਤ ਦੀਆਂ ਬਣਾਵਟੀ (artificial) ਥੰਮੀਆਂ ਦੇ ਕੇ ਹੀ ਇਸ ਨੂੰ ਖੜਿਆਂ ਕੀਤਾ ਜਾ ਸਕਦਾ ਸੀ । ਬੁੱਧ-ਮੱਤ ਦੇ ਗਲਬੇ ਨੂੰ ਵੀ ਅਜੇਹੀ ਕਾਰਗੁਜ਼ਾਰੀ ਬਗ਼ੈਰ ਹਟਾਇਆ ਨਹੀਂ ਸੀ ਜਾ ਸਕਦਾ । ਇਸੇ ਵਾਸਤੇ ਅਸੀਂ ਜਾਤ-ਪਾਤ ਸਬੰਧੀ ਇਸ ਲੇਖ-ਲੜੀ ਦੇ ਸਿਲਸਿਲੇ ਵਿਚ ਮਨੁਖੀ ਵਿਚਾਰਧਾਰਾਂ ਤੇ ਜਜ਼ਬਾਤ ਨਾਲ ਸੰਬੰਧਤ ਸ਼ਕਤੀਆਂ ਉਤੇ ਮੁੜ ਮੁੜ ਜ਼ੋਰ ਦੇਂਦੇ ਹਾਂ । (ਚਲਦਾ)

---

1. Wadia, P.A. : J.R.A.S.B., Vol. xx. 2. Senart E. : Caste in India, p. 114. 3. Hutton J.H. : Caste in India, pp. 65-66. 4. Bodhayana, I. viii, 16, 1-5 : Gautma, iv, 16. 5. Sir P.S. Siwaswamy Aiyer : Evolution of Hindu Moral Ideals, p. 36. 6. Manu, iii, 13;ii, 210;ii, 238ff. 7. Manu, x. 64 8. Suniti Kumar Chatterji; J.R.A.S.B. (Third Series), Vol. 16. 9. Siwaswamy Aiyer, p. 78. 10. Ibid, p. 37. 11. K.P. Chattopadhay : J & P.A.S.B. (Third Series) Vol. 1. 12. Siwaswamy Aiyer, pp. 81-2. 13. Manava Dh. S., iv, p. 61. 14. Cited by Sikes, J.R.A.S., Vol. 6, No. xii, pp. 324, 331. 15. History of Caste, p. 82. 16. Ghurye, G.S., Caste and Race in India, pp. 119-120. 17. I.A., Vol. 40. 18. Hutton, p. 136. 19. Ghurye, p. 137.

## ਪੰਜਾਬ ਵਿਚ ਮਾਰਕਸਵਾਦ—15 (ਆਖ਼ਰੀ ਕਿਸ਼ਤ)

> Every revolution is preceded by an intense intellectual activity.—Gramsci

**ਭਗਵਾਨ ਸਿੰਘ ਜੋਸ਼**

# ਸਾਮਰਾਜੀ ਜੰਗ ਤੋਂ 'ਪੀਪਲਜ਼ ਵਾਰ' ਤਕ

ਪੰਜਾਬ ਦੀ 'ਜ਼ਿਮੀਂਦਾਰਾ ਸਰਕਾਰ' ਦੇ ਆਗੂ ਸਕੰਦਰ ਹਯਾਤ ਲੜਾਈ ਤੋਂ ਪਹਿਲਾਂ ਹੀ ਜੁਲਾਈ 1938 ਵਿਚ ਸਾਮਰਾਜੀ ਸਰਕਾਰ ਪ੍ਰਤੀ ਬਿਨਾਂ ਸ਼ਰਤ ਆਪਣੀਆਂ ਸੇਵਾਵਾਂ ਦੀ ਸੌਂਹ ਚੁੱਕ ਸਨ ਤੇ ਉਨ੍ਹਾਂ ਇਸ ਗੱਲ ਦਾ ਐਲਾਨ ਕਰ ਦਿੱਤਾ ਸੀ ਕਿ ਸਰਕਾਰ ਕਿਚਲੂ ਅਤੇ ਸੋਹਨ ਸਿੰਘ ਜੋਸ਼ ਦੀ ਅਗਵਾਈ ਹੇਠ ਕਾਂਗਰਸ ਤੇ ਖਾਸ ਕਰ ਇਸ ਦੇ ਖੱਬੇ ਧੜੇ ਵਲੋਂ ਕੀਤੀ ਜਾ ਰਹੀ ਵਿਰੋਧਤਾ ਤੇ ਖੁਨਾਮੀ (embarrassment) ਨੂੰ ਸਹਿਣ ਨਹੀਂ ਕਰੇਗੀ। ਪੁਲਸ ਨੇ ਬਹੁਤ ਹੁਸ਼ਿਆਰੀ ਨਾਲ ਉੱਘੇ ਕਾਂਗਰਸੀ ਅਤੇ ਕਮਿਊਨਿਸਟ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਸਤੰਬਰ 1939 ਵਿਚ ਸਰਕਾਰ ਵਲੋਂ ਇਕ ਐਲਾਨੀਆ ਖ਼ਤ ਜਾਰੀ ਕੀਤਾ ਗਿਆ ਜਿਸ ਵਿਚ ਸਿਆਸੀ ਕਾਰਕੁਨਾਂ ਨੂੰ ਭੜਕਾਊ ਤਕਰੀਰਾਂ (ਖ਼ਾਸ ਕਰ ਜੰਗ-ਵਿਰੋਧੀ) ਕਰਨ ਤੋਂ ਬਾਜ਼ ਆਉਣ ਦੀ ਤਾੜਨਾ ਕੀਤੀ ਗਈ।

ਮਈ 1940 ਵਿਚ ਨਹਿਰੂ ਨੇ ਪੰਜਾਬ ਦਾ ਦੌਰਾ ਕੀਤਾ। ਉਸ ਵਕਤ ਉਹ ਡੂੰਘੀ ਦੁਬਿੱਧਾ ਦੀ ਘੜੀ ਵਿਚੋਂ ਦੀ ਲੰਘ ਰਿਹਾ ਸੀ। ਇਕ ਪਾਸੇ ਤਾਂ ਉਸ ਦਾ ਵਿਚਾਰ ਸੀ ਕਿ ਜੰਗ ਵਿਚ ਭਾਰਤ ਬਰਤਾਨੀਆਂ ਦੀ ਮਦਦ ਨਾ ਕਰੇ, ਪਰ ਦੂਸਰੇ ਪਾਸੇ ਨਾਲ ਹੀ ਉਹ ਉਸ ਵੇਲੇ ਮੌਕਾ ਤਾੜਨ ਤੋਂ ਝਿਜਕਦਾ ਸੀ ਜਿਸ ਵਕਤ ਬਰਤਾਨੀਆਂ ਯੂਰਪ ਵਿਚ ਫ਼ਾਸ਼ੀਵਾਦ ਦੇ ਖਿਲਾਫ਼ ਜੰਗ ਵਿਚ ਡੱਟਿਆ ਹੋਇਆ ਸੀ। ਲਾਹੌਰ ਵਿਚ ਦਿੱਤੀ ਇਕ ਪ੍ਰੈਸ ਇੰਟਰਵਿਊ ਵਿਚ ਉਸ ਨੇ ਇਹ ਸਪਸ਼ਟ ਕੀਤਾ ਕਿ ਕਾਂਗਰਸ ਤੇ ਬਰਤਾਨਵੀ ਸਰਕਾਰ ਵਿਚਲਾ ਪਾੜਾ ਕਿਸੇ ਵੀ ਹਾਲਤ ਵਿਚ ਮੁੰਦਿਆ ਨਹੀਂ ਜਾ ਸਕਦਾ। ਭਾਰਤ ਵਿਚ ਬੀਮਾਰੀ ਦੀ ਅਸਲ ਜੜ੍ਹ ਤਾਂ ਸਾਮਰਾਜਵਾਦ ਹੀ ਹੈ ਤੇ ਇਸ ਬੀਮਾਰੀ ਦਾ ਇਲਾਜ ਇਸ ਨੂੰ ਮੁਢੋਂ ਉਖਾੜ ਕੇ ਹੀ ਕੀਤਾ ਜਾ ਸਕਦਾ ਸੀ। ਲਾਹੌਰ ਵਿਚ 10,000 ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਉਸ ਕਿਹਾ ਕਿ ਲੜਾਈ ਦਾ ਨਤੀਜਾ ਭਾਵੇਂ ਕੁਝ ਵੀ ਨਿਕਲੇ ਪਰ ਬਰਤਾਨਵੀ ਸਾਮਰਾਜਵਾਦ ਦਾ ਅੰਤ ਹੋ ਜਾਏਗਾ ਤੇ ਇਨਕਲਾਬੀ ਤਾਕਤਾਂ ਅੱਗੇ ਵਧਣਗੀਆਂ।



ਨਹਿਰੂ ਦੀ ਇਸ ਦੁਬਿੱਧਾ ਦੇ ਮੁਕਾਬਲੇ ਪੰਜਾਬ ਦੇ ਸੋਸ਼ਲਿਸਟਾਂ (ਕਮਿਊਨਿਸਟਾਂ) ਦਾ ਇਹ ਵਿਚਾਰ ਸੀ ਕਿ ਉਸ ਵੇਲੇ ਜਦੋਂ ਅੰਗ੍ਰੇਜ਼ ਸਾਮਰਾਜ ਯੂਰਪੀਨ ਜੰਗ ਵਿਚ ਉਲਝਿਆ ਹੋਇਆ ਹੈ, ਇਸ ਮੌਕੇ ਨੂੰ ਦੇਸ਼ ਨੂੰ ਮੁਕਤੀ ਦਿਵਾਉਣ ਲਈ ਹਥੋਂ ਨਹੀਂ ਨਿਕਲਣ ਦੇਣਾ ਚਾਹੀਦਾ। ਇਸ ਸਮੇਂ ਪੰਜਾਬ ਵਿਚ ਹੋ ਰਹੇ ਸਤਿਆਗ੍ਰਹਿ ਕੈਂਪ ਵਿਖੇ, ਜਿਸ ਦਾ ਉਦਘਾਟਨ ਨਹਿਰੂ ਨੇ ਕੀਤਾ ਸੀ, ਕਮਿਊਨਿਸਟਾਂ ਦੇ ਇਨ੍ਹਾਂ ਵਿਚਾਰਾਂ ਦਾ ਬਾਕੀਆਂ ਉਪਰ ਹੋਇਆ ਪ੍ਰਭਾਵ ਉਸ ਵੇਲੇ ਪ੍ਰਗਟ ਹੋਇਆ ਜਦ ਬਹੁਤ ਸਾਰੇ ਕਾਰਕੁਨਾਂ ਨੇ ਇਹ ਤਜਵੀਜ਼ ਰਖੀ ਕਿ ਜੰਗ ਦੀ ਪੂਰੇ ਜ਼ੋਰ ਨਾਲ ਵਿਰੋਧਤਾ ਹੋਣੀ ਚਾਹੀਦੀ ਹੈ; ਇਕ ਪਾਸੇ ਠੇਕਾ ਨਾ ਦੇਣ (no-rent) ਤੇ ਟੈਕਸ ਨਾ ਦੇਣ (no-tax) ਦੀ ਮੁਹਿੰਮ ਛੇੜ ਕੇ ਤੇ ਦੂਜੇ ਪਾਸੇ ਫੌਜ ਨੂੰ ਕੌਮੀ ਲਹਿਰ ਵਿਚ ਖਿੱਚ ਕੇ ਦੇਸ਼ ਨੂੰ ਜਨਤਕ ਇਨਕਲਾਬ ਲਈ ਤਿਆਰ ਕਰਨਾ ਚਾਹੀਦਾ ਹੈ। ਜੂਨ 1940 ਵਿਚ ਪੰਜਾਬ ਸਰਕਾਰ ਇਸ ਨਤੀਜੇ 'ਤੇ ਪਹੁੰਚੀ : ''ਸੂਬੇ ਦੀ ਅੰਦਰੂਨੀ ਸ਼ਾਂਤੀ ਬਣਾਈ ਰੱਖਣ ਲਈ ਤੇ ਲੜਾਈ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਿਰੇ ਚੜ੍ਹਾਉਣ ਲਈ ਇਹ ਜ਼ਰੂਰੀ ਹੈ ਕਿ ਕਮਿਊਨਿਸਟਾਂ ਦੀਆਂ ਇਨ੍ਹਾਂ ਦੇ ਖਿਲਾਫ਼ ਵਧ ਰਹੀਆਂ ਸਰਗਰਮੀਆਂ ਨੂੰ ਠਲ੍ਹ ਪਾਉਣ ਲਈ ਭਾਰਤੀ ਰੱਖਿਆ ਨਿਯਮਾਂ (Defence of India Rules) ਦੀ ਧਾਰਾ 26 ਦੇ ਤਹਿਤ ਸੂਬੇ ਦੇ ਵਧੇਰੇ ਖ਼ਤਰਨਾਕ 84 ਕਮਿਊਨਿਸਟਾਂ ਦੀ ਬੰਦੀ ਦੇ ਹੁਕਮ ਜਾਰੀ ਕੀਤੇ ਜਾਣ ਜਿਨ੍ਹਾਂ ਵਿਚ ਸੂਬਾਈ ਅਸੈਂਬਲੀ ਦੇ ਪੰਜ ਮੈਂਬਰ ਵੀ ਸ਼ਾਮਿਲ ਹਨ। ਇਨ੍ਹਾਂ 84 ਵਿਚੋਂ ਲਗਭਗ 40 ਨੇ ਮਾਸਕੋ ਦੇ ਸਕੂਲਾਂ ਤੋਂ ਟਰੇਨਿੰਗ ਲਈ ਹੋਈ ਹੈ। ਇਨ੍ਹਾਂ ਸਾਰਿਆਂ ਦਾ ਨਿਸ਼ਾਨਾ ਸਾਂਝਾ ਹੈ ਤੇ ਉਹ ਹੈ ਜਨਤਕ ਇਨਕਲਾਬ ਰਾਹੀਂ ਮੌਜੂਦਾ ਢਾਂਚੇ ਨੂੰ ਢਾਹ ਕੇ ਕਿਸੇ ਨਾ ਕਿਸੇ ਰੂਪ ਦੀ ਸੋਵੀਅਤ ਸੱਤਾ ਕਾਇਮ ਕਰਨਾ। ਇਸ ਮੰਤਵ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਹੋਰਾਂ ਢੰਗਾਂ ਤੋਂ ਇਲਾਵਾ ਲੜਾਈ ਦੀ ਵਿਰੋਧਤਾ, ਫ਼ੌਜੀ ਭਾਰਤੀ ਵਿਰੁਧ ਪ੍ਰਾਪੇਗੰਡਾ ਕਰਨ ਤੇ ਫੌਜਾਂ ਉਕਸਾਉਣ ਜਿਹੇ ਢੰਗ ਵੀ ਅਪਣਾਏ ਹਨ।''

ਭਾਰਤੀ ਰੱਖਿਆ ਨਿਯਮਾਂ ਦੇ ਤਹਿਤ ਜੂਨ ਅਤੇ ਜੁਲਾਈ 1940 ਵਿਚ ਸਾਰੇ ਸੂਬੇ ਵਿਚੋਂ ਲਗਭਗ 40 ਸੋਸ਼ਲਿਸਟਾਂ (ਕਮਿਊਨਿਸਟਾਂ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਵਿਚ ਸੂਬਾ ਕਾਂਗਰਸ ਕਮੇਟੀ ਦੇ ਉੱਘੇ ਆਗੂ ਸੋਹਨ ਸਿੰਘ ਜੋਸ਼ ਤੇ ਮਾਸਟਰ ਕਾਬਲ ਸਿੰਘ ਹੋਰੀਂ ਵੀ ਸ਼ਾਮਿਲ ਸਨ। 15 ਜੁਲਾਈ 1940 ਨੂੰ ਸਿਕੰਦਰ ਹਯਾਤ ਖਾਨ ਨੇ ਪੰਜਾਬ ਅਸੈਂਬਲੀ ਦਾ ਇਕ ਗੁਪਤ ਸੈਸ਼ਨ ਬੁਲਾਇਆ ਜੋ ਪਿੱਛੋਂ 'ਪਰਦਾ ਸੈਸ਼ਨ' ਦੇ ਨਾਂ ਨਾਲ ਮਸ਼ਹੂਰ ਹੋਇਆ। ਇਸ ਗੁਪਤ ਸੈਸ਼ਨ ਵਿਚ ਭਾਗ ਲੈਣ ਜਾਂ ਨਾ ਲੈਣ ਬਾਰੇ ਅਸੈਂਬਲੀ ਦੇ ਕਾਂਗਰਸੀ ਮੈਂਬਰਾਂ ਵਿਚ ਮਤ-ਭੇਦ ਸੀ। ਪੰਜਾਬ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਮੀਆਂ ਇਫ਼ਤਖਾਰੋਦੀਨ ਦਾ ਵਿਚਾਰ ਸੀ ਕਿ ਕਾਂਗਰਸ ਮੈਂਬਰ ਸਰਕਾਰ ਦੇ ਅਜਿਹੇ ਵਤੀਰੇ ਵਿਰੁਧ ਰੋਸ ਵਜੋਂ ਬਾਹਰ ਆ ਜਾਣ (walk out), ਜਦੋਂ ਕਿ ਕੁਝ ਕੁ ਹੋਰਾਂ ਦਾ ਖਿਆਲ ਸੀ ਕਿ ਉਨ੍ਹਾਂ ਨੂੰ ਪ੍ਰੀਮੀਅਰ ਨੂੰ ਸੁਣਨਾ ਚਾਹੀਦਾ ਸੀ। ਇਸ ਗੁਪਤ ਸੈਸ਼ਨ ਵਿਚ 'ਸਾਜ਼ਿਸ਼' ਦਾ ਇਨਕਸ਼ਾਫ਼ ਕਰਦੇ ਹੋਏ ਸਿਕੰਦਰ ਹਯਾਤ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਕਾਰਕੁਨ ਕੇਵਲ 'ਐਰੇ-ਗੈਰੇ ਲਫੰਗੇ' (fifth columnists) ਹੀ ਸਨ ਤੇ ਉਨ੍ਹਾਂ ਦਾ ਕਾਂਗਰਸ ਨਾਲ ਕੋਈ ਤੱਅਲੁਕ ਨਹੀਂ ਸੀ। ਹਾਲ ਦੀ ਘੜੀ ਕੇਵਲ ਕਮਿਊਨਿਸਟ ਹੀ 'ਗੁਨਾਹਗਾਰ' ਸਨ ਜੋ ਸਰਕਾਰ ਦਾ ਤਖਤਾ ਪਲਟਣਾ ਚਾਹੁੰਦੇ ਸਨ। ਉਸ ਨੇ ਕਮਿਊਨਿਸਟਾਂ ਦੀਆਂ ਲਿਖਤਾਂ ਵਿਚੋਂ ਅਤੇ ਜੀਵਨ-ਸਰਗਰਮੀਆਂ ਵਿਚੋਂ ਵੇਰਵਾ ਦਿੰਦੇ ਹੋਏ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਰੂਸ ਦੇ ਏਜੰਟ ਸਨ ਤੇ ਭਾਰਤ ਉਪਰ ਰੂਸੀ ਹਮਲਾ ਕਰਵਾਉਣ ਲਈ ਯਤਨਸ਼ੀਲ ਸਨ। ਇਹ

'ਮੇਰਠ ਸਾਜ਼ਿਸ਼ ਕੇਸ' ਵਿਚ ਸਾਮਰਾਜ ਸਰਕਾਰ ਵਲੋਂ ਲਿਆਂਦੇ ਗਏ ਦੋਸ਼ਾਂ ਦੀ ਘਟੀਆ ਨਕਲ ਸੀ। ਉਸ ਵੇਲੇ ਇਹ ਦਲੀਲ ਇਸ ਕਰਕੇ ਅੰਗ੍ਰੇਜ਼ਾਂ ਦੇ ਰਾਸ ਆ ਗਈ ਸੀ ਕਿਉਂਕਿ ਐਨ ਉਸ ਵੇਲੇ ਹੀ ਜਿਵੇਂ ਕਿ ਅਸੀਂ ਪਿੱਛੇ ਦੱਸਿਆ ਸੀ, 1929 ਵਿਚ ਤੀਜੀ ਕੌਮਾਂਤਰੀ ਦੀ ਸਿਆਸਤ ਵਿਚ ਖੱਬਾ ਮੋੜ ਆਇਆ ਜਿਸ ਦੀ ਵੇਖਾ ਵੇਖੀ ਭਾਰਤੀ ਕਮਿਊਨਿਸਟਾਂ ਨੇ ਵੀ ਆਪਣੀ ਲਾਈਨ ਬਦਲ ਕੇ, ਕੌਮਵਾਦ ਅਤੇ ਕਾਂਗਰਸ ਦੇ ਵਿਰੋਧ ਦਾ ਰਾਹ ਅਖਤਿਆਰ ਕਰ ਲਿਆ ਸੀ। ਇਸ ਕਾਰਨ ਉਨ੍ਹਾਂ ਨਾ ਤਾਂ 1930-32 ਦੇ ਉਭਾਰ ਵਿਚ ਭਾਗ ਲਿਆ ਤੇ ਇਸੇ ਕਾਰਨ ਉਹ ਸਮੁੱਚੀ ਕੌਮ ਦੇ ਮਾਣ ਇੱਜ਼ਤ ਤੇ ਖਾੜਕੂ ਸੰਘਰਸ਼ ਦਾ ਚਿੰਨ੍ਹ ਨਾ ਬਣ ਸਕੇ। ਸਾਮਰਾਜ ਉਨ੍ਹਾਂ ਨੂੰ ਕੌਮੀ ਲਹਿਰ ਤੋਂ ਨਿਖੇੜ ਕੇ ਗੁੱਠੇ ਲਾਉਣ ਵਿਚ ਕਾਮਯਾਬ ਹੋ ਗਿਆ।

ਪਰ ਹੁਣ ਹਾਲਾਤ ਹੋਰ ਸਨ। ਕੌਮੀ ਮੋਰਚੇ ਵਿਚ ਸਾਮਰਾਜ ਦੇ ਖਿਲਾਫ਼ ਕਮਿਊਨਿਸਟ ਸਭ ਤੋਂ ਵਧ ਖਾੜਕੂ ਸ਼ਕਤੀ ਸਨ। ਤੇ ਉਹ ਦੇਸ਼ ਦੀ ਆਜ਼ਾਦੀ ਵਾਸਤੇ ਜਨਤਕ ਲਹਿਰਾਂ ਸ਼ੁਰੂ ਕਰਨ ਉਪਰ ਜ਼ੋਰ ਦੇ ਰਹੇ ਸਨ। ਕਾਂਗਰਸ ਨੇਤਾ ਚੌਧਰੀ ਕ੍ਰਿਸ਼ਨ ਗੁਪਾਲ ਦੱਤ ਨੇ ਕਿਹਾ ਕਿ ਜੇਕਰ ਸਰਕਾਰ ਕਾਂਗਰਸੀ ਕਾਰਕੁਨਾਂ ਨੂੰ ਰਿਹਾ ਕਰ ਦੇਵੇ ਤਾਂ ਕਮਿਊਨਿਸਟਾਂ ਦੀਆਂ ਗ੍ਰਿਫਤਾਰੀਆਂ ਬਾਰੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਦੇ ਉਲਟ ਸੂਬਾ ਕਾਂਗਰਸ ਦੇ ਪ੍ਰਧਾਨ ਮੀਆਂ ਇਫ਼ਤਖਾਰੋਦੀਨ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਪੰਜਾਬ ਸਰਕਾਰ ਦੇ ਮੂਰਖ ਦੋਸ਼ਾਂ ਦਾ ਖੰਡਨ ਕੀਤਾ। ਉਸ ਨੇ ਕਿਹਾ ਕਿ ਕਮਿਊਨਿਸਟਾਂ ਦਾ ਕੇਵਲ ਇਕ ਹੀ ਦੋਸ਼ ਸੀ ਤੇ ਉਹ ਦੋਸ਼ ਇਹ ਸੀ ਕਿ ਉਹ ਸਾਮਰਾਜ ਤੋਂ ਦੇਸ਼ ਨੂੰ ਮੁਕਤੀ ਦਿਵਾਉਣ ਲਈ ਉਸ ਵੇਲੇ ਤੋਂ ਲੜਦੇ ਆ ਰਹੇ ਸਨ ਜਦੋਂ ਅਜੇ ਰੂਸੀ ਇਨਕਲਾਬ ਵੀ ਨਹੀਂ ਸੀ ਹੋਇਆ। ਦੇਸ਼ ਭਗਤ ਗ਼ਦਰੀਆਂ ਉਪਰ ਅਜਿਹਾ ਇਲਜ਼ਾਮ ਲਾ ਕੇ ਸਾਮਰਾਜ ਦੀ ਪਿਠੂ ਸਰਕਾਰ ਕਮੀਨਗੀ ਦੀਆਂ ਸੱਭ ਹੱਦਾਂ ਟੱਪ ਰਹੀ ਸੀ। ਕਮਿਊਨਿਸਟ ਕੈਦੀਆਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਕਾਂਗਰਸੀ ਸੋਸ਼ਲਿਸਟਾਂ ਨੇ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿਚ ਕਮਿਊਨਿਸਟਾਂ ਦੀ ਰਿਹਾਈ ਦੀ ਮੰਗ ਰੱਖੀ। 13 ਦਸੰਬਰ 1940 ਨੂੰ ਤਿੰਨ ਹੋਰ ਕਮਿਊਨਿਸਟਾਂ ਨਵਾਬਜ਼ਾਦਾ ਮੁਹੰਮਦ ਅਲੀ, ਕਰਮ ਸਿਘ ਮਾਨ ਅਤੇ ਹਰਕਿਸ਼ਨ ਸਿੰਘ ਸੁਰਜੀਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਪਿਛਲੇ ਛੇ ਮਹੀਨਿਆਂ ਤੋਂ ਗੁਪਤ ਰਹਿ ਕੇ ਕਮਿਊਨਿਸਟ ਸਾਹਿਤ ਛਾਪਣ ਤੇ ਵੰਡਣ ਦਾ ਫ਼ਰਜ਼ ਨਿਭਾ ਰਹੇ ਸਨ। ਉਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਲਹਿਰ ਦੀਆਂ ਸਰਗਰਮੀਆਂ ਨੂੰ ਕਾਫੀ ਧੱਕਾ ਲੱਗਾ। ਫਰਵਰੀ 1940 ਵਿਚ ਮੀਆਂ ਇਫ਼ਤਖਾਰੋਦੀਨ ਨੂੰ ਸਾਲ 1941 ਲਈ ਸਰਬਸੰਮਤੀ ਨਾਲ ਸੂਬਾ ਕਾਂਗਰਸ ਦਾ ਪ੍ਰਧਾਨ ਚੁਣ ਲਿਆ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਜਨਰਲ ਸਕੱਤਰ ਚੁਣੇ ਗਏ।

ਦੇਸ਼ ਭਰ ਵਿਚ ਹੋਈਆਂ 1940 ਦੀਆਂ ਕਾਂਗਰਸੀ ਚੋਣਾਂ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਜਿਥੋਂ ਤਕ ਸੂਬਾਈ ਕਾਂਗਰਸ ਕਮੇਟੀਆਂ ਦਾ ਸੰਬੰਧ ਸੀ, ਬੰਬਈ ਪ੍ਰੈਜ਼ੀਡੈਂਸੀ ਦੇ ਕਾਰਨਾਟਕ ਇਲਾਕੇ ਤੇ ਮਦਰਾਸ ਪ੍ਰੈਜ਼ੀਡੈਂਸੀ ਦੇ ਕੇਰਾਲਾ ਇਲਾਕੇ ਦੀਆਂ ਕਾਂਗਰਸ ਕਮੇਟੀਆਂ ਹੀ ਕੇਵਲ ਅਜਿਹੀਆਂ ਜਥੇਬੰਦੀਆਂ ਸਨ ਜਿਨ੍ਹਾਂ ਵਿਚ ਸਪਸ਼ਟ ਤੌਰ 'ਤੇ ਖਬੇ-ਪੱਖ ਦੀ ਬਹੁ-ਸੰਮਤੀ ਸੀ। ਪੰਜਾਬ ਸੂਬਾ ਕਮੇਟੀ ਵਿਚ ਭਾਵੇਂ ਕਾਂਗਰਸ ਦਾ ਸੱਜਾ ਧੜਾ ਭਾਰੂ ਸੀ ਪਰ ਤਾਂ ਵੀ ਵਿਰੋਧ ਵਿਚ ਖੜੀ ਘੱਟ-ਸੰਮਤੀ ਕਾਫ਼ੀ ਮਹੱਤਵਪੂਰਨ ਸੀ। ਪਰ ਅੰਦਰੂਨੀ ਝਗੜਿਆਂ ਕਾਰਨ ਇਸ ਸੂਬੇ ਵਿਚ ਮੈਂਬਰ ਵਿਚਾਰ ਧਾਰਾ ਤੇ ਜਥੇਬੰਦੀਆਂ ਦੀਆਂ ਹੱਦਾਂ ਨੂੰ ਅੱਖੋਂ ਪਰੋਖੇ ਕਰ ਦਿੰਦੇ ਸਨ। ਤਾਂ ਵੀ ਮੋਟੇ ਤੌਰ 'ਤੇ ਮੈਂਬਰਾਂ ਦੀ ਵੰਡ ਹੇਠ ਲਿਖੇ ਅਨੁਸਾਰ ਸੀ:



ਭਾਰੂ ਗਰੁਪ : ਡਾ. ਗੋਪੀ ਚੰਦ ਦਾ ਗਰੁਪ—52; ਅਕਾਲੀ ਪਾਰਟੀ—68; ਜੋਸ਼ ਗਰੁੱਪ--17

ਵਿਰੋਧੀ ਗਰੁਪ : ਡਾ: ਸਤਿਆਪਾਲ ਦਾ ਗਰੁੱਪ—42; ਸ੍ਰੀ ਰਾਮ ਸ਼ਰਮਾ ਦਾ ਗਰੁੱਪ—14; ਕਿਰਤੀ ਗਰੁੱਪ—7; ਕਾਂਗਰਸ ਸੋਸ਼ਲਿਸਟ—5

ਇਹਨਾਂ ਤੋਂ ਇਲਾਵਾ ਆਜ਼ਾਦ ਸਨ 25 ਅਤੇ ਹੋਰ ਸਨ 41; ਕੁਲ ਜੋੜ ਸੀ—234.

ਕਿਰਤੀ ਗਰੁੱਪ ਤੇ ਕਾਂਗਰਸ ਸੋਸ਼ਲਿਸਟ ਪਾਰਟੀ, ਜੋਸ਼ ਗਰੁੱਪ ਦੇ ਡਾ: ਗੋਪੀ ਚੰਦ ਅਤੇ ਆਕਾਲੀਆਂ ਨਾਲ ਹੱਥ ਮਿਲਾਣ ਉਪਰ ਕਾਫ਼ੀ ਨਾਰਾਜ਼ ਸਨ। ਕਾਂਗਰਸ ਸੋਸ਼ਲਿਸਟਾਂ ਨੇ ਇਕ ਪੈਂਫਲਿਟ 'ਜੋਸ਼ ਗਰੁੱਪ ਦਾ ਦੁਖਾਂਤ' ਵਿਚ ਸੋਹਨ ਸਿੰਘ ਜੋਸ਼ ਦੀ ਸਿਆਸਤ ਦੀ ਤਿੱਖੀ ਆਲੋਚਨਾ ਕੀਤੀ। ਨਵੰਬਰ 1940 ਦੇ ਪਹਿਲੇ ਅੱਧ ਵਿਚ ਇਫ਼ਤਖਾਰੋਦੀਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲੜਾਈ ਦਾ ਵਿਰੋਧ ਕਰਨ, ਫ਼ੌਜ ਵਿਚ ਭਰਤੀ ਨਾ ਹੋਣ ਦਾ ਪ੍ਰਾਪੇਗੰਡਾ ਕਰਨ ਅਤੇ ਮਾਮਲਾ ਨਾ ਦੇਣ ਲਈ ਗ੍ਰਿਫਤਾਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਦਸੰਬਰ 1940 ਦੇ ਦੂਸਰੇ ਅੱਧ ਵਿਚ ਪੰਜਾਬ ਵਿਚ ਗਾਂਧੀ ਦੇ ਹੁਕਮ ਅਨੁਸਾਰ ਸਤਿਆਗ੍ਰਹਿ ਭੰਗ ਕਰ ਦਿੱਤਾ ਗਿਆ। ਹੁਣ ਸਿਵਲ-ਨਾ-ਫੁਰਮਾਨੀ ਕੇਵਲ ਮੁਕੰਮਲ ਅਹਿੰਸਾ, ਕਾਂਗਰਸ ਦਾ ਉਸਾਰੂ ਪ੍ਰੋਗਰਾਮ ਤੇ ਖਾਦੀ ਕੱਤਣ ਜਿਹੀਆਂ ਸ਼ਰਤਾਂ ਹੇਠ ਹੀ ਜਾਰੀ ਰੱਖੀ ਜਾ ਸਕਦੀ ਸੀ। ਆਕਾਲੀਆਂ ਨੇ ਵੀ ਆਪਣੀ ਸ਼ਰਤ ਸਪੱਸ਼ਟ ਕਰ ਦਿੱਤੀ ਕਿ ਫ਼ੌਜੀ ਭਰਤੀ ਦੇ ਮਾਮਲੇ ਵਿਚ ਜੇਕਰ ਉਨ੍ਹਾਂ ਨੂੰ ਆਪਣੀ ਆਜ਼ਾਦ ਪਾਲਿਸੀ ਅਖਤਿਆਰ ਕਰਨ ਦਿੱਤੀ ਜਾਵੇ ਤਾਂ ਉਹ ਸਿਵਲ-ਨਾ-ਫੁਰਮਾਨੀ ਦੀ ਲਹਿਰ ਵਿਚ ਸ਼ਾਮਲ ਹੋਣ ਲਈ ਤਿਆਰ ਸਨ। ਯਾਦ ਰਹੇ ਆਕਾਲੀਆਂ ਦਾ ਫ਼ੌਜੀ ਭਰਤੀ ਸੰਬੰਧੀ ਸਟੈਂਡ ਉਹੀ ਸੀ ਜੋ ਸਿਕੰਦਰ ਹਯਾਤ ਖ਼ਾਨ ਦਾ ਸੀ। ਡਾਕਟਰ ਸਤਿਆਪਾਲ ਨੇ ਆਕਾਲੀਆ ਦੀ ਲੀਡਰਸ਼ਿਪ ਦੀ ਫਿਰਕਾਪ੍ਰਸਤ ਕਹਿ ਕੇ ਨਿੰਦਿਆ ਕੀਤੀ ਤੇ ਡਾਕਟਰ ਗੋਪੀ ਚੰਦ ਦੀ ਉਨ੍ਹਾਂ ਨਾਲ ਤਾਲ-ਮੇਲ ਦੀ ਨੀਤੀ ਦੀ ਤਿੱਖੀ ਆਲੋਚਨਾ ਕੀਤੀ। ਸਤਿਆਗ੍ਰਹਿ ਭੰਗ ਕੀਤੇ ਜਾਣ ਤੋਂ ਪਹਿਲਾਂ ਹੀ ਬਹੁਤ ਸਾਰੇ ਉੱਘੇ ਕਾਂਗਰਸੀ ਜਿਨ੍ਹਾਂ ਵਿਚ ਪ੍ਰਤਾਪ ਸਿੰਘ ਕੈਰੋਂ (ਐਮ. ਐਲ. ਏ), ਮੰਗਲ ਸਿੰਘ (ਐਮ. ਐਲ. ਏ. ਸੈਂਟਰਲ), ਰਘਬੀਰ ਕੌਰ (ਐਮ. ਐਲ. ਏ), ਮਾਸਟਰ ਨੰਦ ਲਾਲ, ਸ੍ਰੀਮਤੀ ਦੂਨੀ ਚੰਦ (ਐਮ. ਐਲ. ਏ), ਪੰਡਤ ਨੇਕੀ ਰਾਮ ਸ਼ਰਮਾ ਤੇ ਦੇਵ ਰਾਜ ਸੇਠੀ (ਐਮ. ਐਲ. ਏ) ਸ਼ਾਮਿਲ ਸਨ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸਾਰਾ ਸਾਲ 1941 ਵਿਚ ਗ੍ਰਿਫਤਾਰੀਆਂ ਦਾ ਸਿਲਸਿਲਾ ਜਾਰੀ ਰਿਹਾ। ਮਈ 1941 ਦੇ ਪਹਿਲੇ ਅੱਧ ਤੱਕ ਲੜਾਈ ਦਾ ਵਿਰੋਧ ਕਰਨ ਤੇ ਸਿਆਸੀ ਵਿਚਾਰਾਂ ਦਾ ਪ੍ਰਚਾਰ ਕਰਨ ਕਾਰਨ 1879 ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ। ਸੋਸ਼ਲਿਸਟਾਂ (ਕਮਿਊਨਿਸਟਾਂ) ਵਲੋਂ ਮਈ ਦਿਨ ਮਨਾਇਆ ਗਿਆ ਪਰ ਰੈਲੀਆਂ ਵਿਚ ਹਾਜ਼ਰੀ ਬੜੀ ਘੱਟ ਸੀ। 1941 ਵਿਚ ਪੰਜਾਬ ਕਾਂਗਰਸ ਸੋਸ਼ਲਿਸਟ ਪਾਰਟੀ ਨੇ ਆਪਣਾ ਸਾਲਾਨਾ ਇਜਲਾਸ ਗੁਜਰਾਂਵਾਲੇ ਵਿਚ ਕੀਤਾ ਜਿਸ ਵਿਚ ਲੜਾਈ ਵਿਚ ਗ੍ਰਸੇ ਸਾਮਰਾਜ ਨੂੰ ਕਿਸੇ ਵੀ ਕਿਸਮ ਦੀ ਮਦਦ ਦੇਣ ਦੇ ਵਿਚਾਰ ਦਾ ਵਿਰੋਧ ਕੀਤਾ ਗਿਆ ਤੇ ਕਾਂਗਰਸ ਹਾਈ-ਕਮਾਂਡ ਤੋਂ ਮੰਗ ਕੀਤੀ ਕਿ ਅੰਗ੍ਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਲਈ ਵਿਅਕਤੀਗਤ ਸਤਿਆਗ੍ਰਹਿ ਦੀ ਥਾਂ ਜਨਤਕ ਲਹਿਰ ਵਿਕਸਤ ਕੀਤੀ ਜਾਵੇ। ਇਸ ਕਾਨਫਰੰਸ ਵਿਚ ਵੀ ਕੋਈ ਖ਼ਾਸ ਹਾਜ਼ਰੀ ਨਹੀਂ ਸੀ।

ਕਮਿਊਨਿਸਟਾਂ ਨੇ ਅਜੇ ਆਪਣੀ ਨਵੀਂ ਪਾਲਸੀ, ਪੀਪਲਜ਼ ਵਾਰ ਦੀ ਪਾਲਿਸੀ ਨਹੀਂ ਸੀ ਅਪਣਾਈ ਤੇ ਉਹ 'ਦੋ ਫਰੰਟਾਂ ਉਪਰ ਜੰਗ' ਕਰਨ ਦੇ ਵਿਚਾਰ ਉਪਰ ਡਟੇ ਹੋਏ ਸਨ : ਬਸਤੀਵਾਦੀ ਸਾਮਰਾਜ ਦੇ ਖਿਲਾਫ਼ ਮੁਕਤੀ ਲਈ ਜੰਗ ਤੇ ਸੋਵੀਅਤ ਰੂਸ ਉਪਰ ਹੋਏ ਨਾਜ਼ੀ ਹਮਲੇ ਵਿਰੁਧ ਜੰਗ

(ਫ਼ਾਸੀਵਾਦ ਵਿਰੁਧ ਚੇਤਨਤਾ ਉਭਾਰ ਕੇ) । ਕਮਿਊਨਿਸਟ ਪਾਰਟੀ ਨਾਲ ਸੰਬੰਧਤ ਪੰਜਾਬ ਸਟੂਡੈਂਟ ਫੈਡਰੇਸ਼ਨ ਦੇ ਵਿਦਿਆਰਥੀ ਆਗੂ ਲਾਹੌਰ ਵਿਚ ਕਾਫ਼ੀ ਸਰਗਰਮ ਸਨ । ਰਮੇਸ਼ ਚੰਦਰਾ (ਅਜ ਕਲ੍ਹ ਸੰਸਾਰ ਅਮਨ ਕੌਂਸਿਲ ਦੇ ਸਕੱਤਰ), ਦਾਨੀਆਲ ਲਾਤੀਫ਼ੀ, ਇੰਦਰ ਗੁਜਰਾਲ (ਮਾਸਕੋ ਵਿਖੇ ਭਾਰਤ ਦੇ ਰਾਜਦੂਤ), ਸ਼ੀਲਾ ਭਾਟੀਆ, ਰਮੇਸ਼ ਚਾਰਲੀ, ਖੁਰਸ਼ੀਦ ਮਿੰਟੋ, ਜਗਜੀਤ ਸਿੰਘ ਆਨੰਦ, ਰਣਧੀਰ ਸਿੰਘ, ਰਾਜਬੰਸ ਖੰਨਾ ਅਤੇ ਸਤਪਾਲ ਡਾਂਗ ਸਟੂਡੈਂਟ ਫੈਡਰੇਸ਼ਨ ਦੇ ਉੱਘੇ ਆਗੂ ਸਨ । ਉਨ੍ਹਾਂ ਵਿਚੋਂ ਕਈ ਡਾ: ਮੁਲਕ ਰਾਜ ਆਨੰਦ ਦੇ ਪ੍ਰਭਾਵ ਹੇਠ ਪਾਰਟੀ ਵਲ ਖਿੱਚੇ ਗਏ ਸਨ । ਇਸ ਮਾਹੌਲ ਵਿਚ ਪੰਜਾਬ ਸਟੂਡੈਂਟ ਫੈਡਰੇਸ਼ਨ ਦੇ ਨਵੰਬਰ 1941 ਵਿਚ ਹੋਏ ਸਾਲਾਨਾ ਇਜਲਾਸ ਵਿਚ ਬੁਲਾਰਿਆਂ ਨੇ ਫਿਰ 'ਦੋਹਾਂ ਫਰੰਟਾਂ ਉਪਰ ਜੰਗ' ਲੜਨ ਦੇ ਵਿਚਾਰ ਨੂੰ ਦ੍ਰਿੜਾਇਆ । ਉਨ੍ਹਾਂ ਨੇ ਇਹ ਗੱਲ ਸਪੱਸ਼ਟ ਤੌਰ 'ਤੇ ਆਖੀ ਕਿ ਅਜੋਕੇ ਹਾਲਾਤ ਵਿਚ ਜਦ ਹਿਟਲਰੀ ਫ਼ੌਜਾਂ ਨੇ ਰੂਸ ਉਪਰ ਧਾਵਾ ਬੋਲਿਆ ਹੋਇਆ ਸੀ, ਸੋਵੀਅਤ ਯੂਨੀਅਨ ਦੀ ਮਦਦ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹੋ ਸੀ ਕਿ ਭਾਰਤ ਉਪਰ ਬਰਤਾਨਵੀ ਸਾਮਰਾਜ ਦੇ ਗਲਬੇ ਨੂੰ ਖ਼ਤਮ ਕੀਤਾ ਜਾਵੇ । ਜੇਲ੍ਹੋਂ ਬਾਹਰ ਅੰਡਰਗਰਾਊਂਡ ਪੀ. ਸੀ. ਜੋਸ਼ੀ ਦੀ ਅਗਵਾਈ ਹੇਠ ਕੰਮ ਕਰ ਰਹੀ ਕਮਿਊਨਿਸਟ ਪਾਰਟੀ ਦੇ ਪੋਲਿਟ ਬਿਊਰੋ ਨੇ ਜੁਲਾਈ 1941 ਵਿਚ ਹੇਠਲਾ ਐਲਾਨ ਜਾਰੀ ਕੀਤਾ :

"The Communist Party declares that the only way in which the Indian people can help in the just war which the Soviet Union is waging, is by fighting all the more vigorously for their own emancipation from the imperialist yoke. Our attitude towards the British Government and its imperialist war remains what it was. We must continue nay intensify our struggle against both. There can be no change in our policy until a real People's Government which unequivocally renounces imperialist aims in this war as well as in India and in the colonies, comes to power. We can render really effective aid to the Soviet Union only as a free people." (This quotation is in Narendra Deva : Socialism and National Revolution, Bombay, 1946, pp. 152-53)

ਅਸਲ ਵਿਚ ਉਸ ਵੇਲੇ ਪਾਰਟੀ ਦੋ ਪੱਧਰਾਂ ਉਪਰ ਵਿਚਰ ਰਹੀ ਸੀ ਜੇਲ੍ਹ ਦੇ ਅੰਦਰ ਤੇ ਬਾਹਰ । ਲੀਡਰਸ਼ਿਪ ਦਾ ਬਹੁਤਾ ਭਾਗ ਦਿਉਲੀ ਜੇਲ੍ਹ ਕੈਂਪ ਵਿਚ ਬੰਦ ਸੀ । ਇਨ੍ਹਾਂ ਆਗੂਆਂ ਵਿਚ ਡਾਂਗੇ, ਮੁਜ਼ਫ਼ਰ ਅਹਿਮਦ, ਮੀਰਾਜਕਰ, ਰੰਧੀਵੇ ਅਤੇ ਅਜੈ ਘੋਸ਼ ਸਨ । ਹਿਟਲਰੀ ਫ਼ੌਜਾਂ ਦੇ ਰੂਸ ਉਪਰ ਹਮਲੇ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਦੀ ਕੀ ਲਾਈਨ ਹੋਵੇ ? ਇਸ ਬਾਰੇ ਦੋ ਲਾਈਨਾਂ ਉਭਰ ਕੇ ਸਾਹਮਣੇ ਆਈਆਂ : ਦਿਉਲੀ ਕੈਂਪ ਥੀਸਸ ਦੀ ਲਾਈਨ ਜਿਸ ਅਨੁਸਾਰ ਕਮਿਊਨਿਸਟਾਂ ਨੂੰ ਭਾਰਤ ਵਿਚ ਅੰਗਰੇਜ਼ ਸਾਮਰਾਜ ਦਾ ਵਿਰੋਧ ਕਰਨ ਦੀ ਬਜਾਏ ਉਸ ਦੀ ਮਦਦ ਵਿਚ ਡੱਟਣਾ ਤੇ ਉਸ ਦੇ ਲੜਾਈ ਦੇ ਯਤਨਾਂ ਵਿਚ ਹੱਥ ਵਟਾਉਣਾ ਚਾਹੀਦਾ ਸੀ । ਦੂਸਰੇ ਪਾਸੇ ਪੀ. ਸੀ. ਜੋਸ਼ੀ ਦੀ ਅਗਵਾਈ ਹੇਠ ਪਹਿਲਾਂ ਵਾਲੀ ਦੋ ਫਰੰਟਾਂ ਉਪਰ ਜੰਗ ਦੀ ਲਾਈਨ ਮੁੜ ਦੁਹਰਾਈ ਗਈ ਤੇ ਦਿਉਲੀ ਥੀਸਸ ਦੀ ਲਾਈਨ ਦੀ ਤਿੱਖੀ ਨੁਕਤਾਚੀਨੀ ਕੀਤੀ ਗਈ :

"Reliance on the people, on the working class and not on the imperialists, this is the core of a truly internationalist policy...They



are false internationalists and the deceivers of people who say that we can side (with) the Soviet Union or win the war for the people by aiding the British Government's war efforts." (Narendra Deva : Socialism and National Revolution, p. 153.)

ਜਿਵੇਂ ਕਿ ਹਰ ਵੇਲੇ ਲਾਈਨ ਤਬਦੀਲ ਕਰਨ ਵੇਲੇ ਵਾਪਰਦਾ ਰਿਹਾ ਸੀ (ਜਿਵੇਂ 1929
ਵਿਚ ਤੇ ਫੇਰ 1934 ਵਿਚ) ਇਸ ਵੇਰ ਫੇਰ ਕਾਂਟਾ ਬਦਲਦਿਆਂ ਬਦਲਦਿਆਂ ਤੇ ਆਪਣੀ ਸੋਚ ਛੱਡ
ਦੂਸਰਿਆਂ ਦੇ ਮਗਰ ਲੱਗਣ ਦਾ ਰਾਹ ਅਪਣਾਉਣ ਵਿਚ ਲਗਭਗ ਛੇ ਮਹੀਨੇ ਦੀ ਦੇਰੀ ਹੋ ਗਈ ।
ਪਹਿਲਾਂ ਕਿਹਾ ਗਿਆ ਸੀ ਕਿ ਰੂਸ ਦੀ ਅਸਲ ਮਦਦ ਭਾਰਤ ਵਿਚ ਅੰਗ੍ਰੇਜ਼ਾਂ ਦੇ ਖਿਲਾਫ਼ ਲੜ ਕੇ
ਹੀ ਹੋ ਸਕਦੀ ਹੈ ਹੋਰ ਕੋਈ ਰਾਹ ਨਹੀਂ । ਹੁਣ ਕਿਹਾ ਗਿਆ ਕਿ ਰੂਸ ਦੀ ਮਦਦ ਕੇਵਲ ਅੰਗ੍ਰੇਜ਼ਾਂ
ਦਾ ਸਾਥ ਦੇ ਕੇ ਹੀ ਹੋ ਸਕਦੀ ਹੈ, ਹੋਰ ਕੋਈ ਰਾਹ ਨਹੀਂ । ਰੂਸ ਉਪਰ ਹਿਟਲਰੀ ਹਮਲੇ ਦੇ ਛੇ ਮਹੀਨੇ
ਬਾਅਦ ਤੱਕ ਕਮਿਊਨਿਸਟਾਂ ਦੀ ਲਾਈਨ 'ਦੋ ਫਰੰਟਾਂ ਉਪਰ ਜੰਗ' ਵਾਲੀ ਹੀ ਰਹੀ । ਪਰ ਦਸੰਬਰ
1941 ਵਿਚ ਪਾਰਟੀ ਨੂੰ ਬਰਤਾਨੀਆਂ ਦੀ ਕਮਿਊਨਿਸਟ ਪਾਰਟੀ ਵਲੋਂ ਦੋ 'ਮਹੱਤਵਪੂਰਨ' ਦਸਤਾਵੇਜ਼
ਪ੍ਰਾਪਤ ਹੋਏ । ਇਹ ਦਸਤਾਵੇਜ਼ ਪੜ੍ਹਨ ਨਾਲ ਪਾਰਟੀ ਦੀਆਂ 'ਯਕਦਮ ਅੱਖਾਂ ਖੁਲ੍ਹ ਗਈਆਂ !'
ਲੰਡੀਂਦੀ 'ਆਪਾ-ਦੁਰਕਾਰ' (ਸ਼ਬਦਾਂ ਵਿਚ 'ਆਪਾ-ਪੜਚੋਲ') ਕਰਨ ਤੋਂ ਬਾਅਦ ਹੁਣ ਪਹਿਲੀ
ਲਾਈਨ ਬਦਲ ਕੇ ਜੰਗ ਵਿਚ ਅੰਗ੍ਰੇਜ਼ਾਂ ਦੀ ਹਿਮਾਇਤ ਦੀ ਲਾਈਨ ਵੀ ਉਨੇ ਜ਼ੋਰ ਨਾਲ ਚਲਾਈ ਗਈ
ਜਿੰਨੇ ਜ਼ੋਰ ਨਾਲ ਪਹਿਲੀ ਲਾਈਨ ਚਲਾਈ ਜਾ ਰਹੀ ਸੀ । ਰਾਤੋ ਰਾਤ ਨਾਹਰੇ ਬਦਲ ਗਏ । ਇਕ
ਪੁਰਾਣੇ ਮੈਂਬਰ ਨੇ ਮੈਨੂੰ ਦਸਿਆ ਕਿ ਉਹ ਉਸ ਵੇਲੇ ਇਕ ਜਥੇ ਵਿਚ ਪੰਜਾਬ ਤੋਂ ਪਟਨੇ ਜਾ ਰਹੇ
ਸਨ । ਰਾਹ ਵਿਚ ਪਤਾ ਲੱਗਾ ਕਿ ਪਾਰਟੀ ਦੀ ਲਾਈਨ ਬਦਲ ਗਈ ਹੈ । ਸੋ ਸਟੇਸ਼ਨ 'ਤੇ ਉਤਰਨ
ਸਮੇਂ ਉਹ ਸਭ ਨਾਹਰੇ ਬਦਲਣੇ ਪਏ ਜੋ ਚੜ੍ਹਨ ਸਮੇਂ ਜੋਸ਼-ਖਰੋਸ਼ ਨਾਲ ਲਾਏ ਜਾ ਰਹੇ ਸਨ । ਇਸ
ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਿੰਨਾ ਦੁੱਖ
ਪਹੁੰਚਿਆ ਹੋਵੇਗਾ । ਆਖਰ, ਕਮਿਊਨਿਸਟ ਪਾਰਟੀ ਵਿਚ ਸ਼ਾਮਿਲ ਹੋ ਜਾਣ ਨਾਲ ਮਨੁੱਖ ਕੋਈ ਤੋਤਾ
ਤਾਂ ਨਹੀਂ ਬਣ ਜਾਂਦਾ ਜਿਸ ਨੂੰ ਜੋ ਬੋਲੀ ਚਾਹੋ ਰਟਾ ਦਿਉ ! ਅਜੇ ਵੀ ਕੇਂਦਰ ਵਿਚ ਤੇ ਪੰਜਾਬ
ਵਿਚ ਕੁਝ ਕਮਿਊਨਿਸਟ ਇਸ ਤਬਦੀਲੀ ਨਾਲ ਸਹਿਮਤ ਨਹੀਂ ਸਨ ।

ਇਥੇ ਇਕ ਤੱਥ ਦੱਸਣਾ ਮੈਂ ਬਹਤ ਜ਼ਰੂਰੀ ਸਮਝਦਾ ਹਾਂ । ਕਈ ਵੇਰ ਅਸੀਂ ਆਪਣੇ
ਦੁਸ਼ਮਣ ਦੀਆਂ ਅੱਖਾਂ ਵਿਚ ਆਪਣੀ ਵੁੱਕਤ ਨੂੰ ਸਮਝ ਕੇ ਆਪਣੇ ਆਪ ਬਾਰੇ ਬਹੁਤ ਕੁਝ ਜਾਣ
ਸਕਦੇ ਸਾਂ । ਲਾਈਨ ਦੀ ਤਬਦੀਲੀ ਨਾਲ ਜਦ ਸਰਕਾਰ ਕਮਿਊਨਿਸਟਾਂ ਨੂੰ ਰਿਹਾ ਕਰਨ ਬਾਰੇ
ਸੋਚਣ ਲੱਗੀ ਤਾਂ ਪੁਲਸ ਵਿਭਾਗ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਕਮਿਊਨਿਸਟ ਵੀ ਅਜਿਹੀ
ਲਾਈਨ ਅਪਣਾ ਸਕਦੇ ਹਨ । ਉਸ ਨੇ ਸਰਕਾਰ ਨੂੰ ਕਮਿਊਨਿਸਟਾਂ ਦੀ ਇਸ 'ਚਾਲ' ਪ੍ਰਤੀ
ਹੁਸ਼ਿਆਰ ਰਹਿਣ ਦੀ ਹਿਦਾਇਤ ਕੀਤੀ । ਕਮਿਊਨਿਸਟਾਂ ਨੂੰ ਰਿਹਾ ਕਰਨ ਲਈ ਬਣੀ ਰੀਵੀਊ
ਕਮੇਟੀ ਨੂੰ ਆਪਣੀ ਰਾਏ ਦਸਦੇ ਹੋਏ ਗੁਪਤ ਪੁਲਸ ਨੇ ਲਿਖਿਆ :

"In the general political field it would be futile to expect that by placating the Communist Party we shall be building up a nucleus of progressive opposition to Congress and other anti-war elements. Communists cannot afford to break with Congress; in pursuance of their time-honoured and fixed policy they must work through and with Congress and its allied organisations or perish."

ਪਹਿਲੀ ਮਈ 1942 ਨੂੰ ਪੰਜਾਬ ਸਰਕਾਰ ਨੇ 8 ਉੱਘੇ ਕਮਿਊਨਿਸਟ ਆਗੂਆਂ ਨੂੰ ਰਿਹਾ ਕਰਨ ਦਾ ਫੈਸਲਾ ਕਰ ਲਿਆ ਕਿਉਂਕਿ ਉਨ੍ਹਾਂ ਨੇ ਅੰਗ੍ਰੇਜ਼ਾਂ ਦੇ ਹੱਕ ਵਿਚ ਕਾਫ਼ੀ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਪਰ ਸਿਆਸੀ ਸੂਝ ਰੱਖਣ ਵਾਲੇ ਆਮ ਲੋਕਾਂ ਉਪਰ ਕਮਿਊਨਿਸਟਾਂ ਦੀ ਅਪੀਲ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। 'ਮਈ ਦਿਨ' ਤੇ 'ਜਾਪਾਨ ਵਿਰੋਧੀ ਦਿਨ' ਦੇ ਸੰਬੰਧ ਵਿਚ ਕੀਤੀਆਂ ਰੈਲੀਆਂ ਵਿਚ ਹਾਜ਼ਰੀ ਬਿਲਕੁਲ ਥੋੜੀ ਸੀ। ਕਾਂਗਰਸ, ਅਕਾਲੀਆਂ ਤੇ ਕਾਂਗਰਸ ਸੋਸ਼ਲਿਸਟਾਂ ਵਲੋਂ ਉਨ੍ਹਾਂ ਦਾ ਡਟ ਕੇ ਵਿਰੋਧ ਹੋ ਰਿਹਾ ਸੀ। ਪਰ ਉੱਘੇ ਕਾਂਗਰਸੀ ਨੇਤਾ ਅਤੇ ਸੂਬਾ ਕਾਂਗਰਸ ਦੇ ਰਹਿ ਚੁੱਕੇ ਪ੍ਰਧਾਨ ਡਾ: ਸਤਿਆਪਾਲ ਨੇ ਨਿਰਾਸਤਾ-ਭਰੇ ਇਕ ਖ਼ਤ ਰਾਹੀਂ ਸਰਕਾਰ ਨੂੰ ਆਪਣੀਆਂ ਸੇਵਾਵਾਂ ਭੇਟ ਕੀਤੀਆਂ। ਉਨ੍ਹਾਂ ਲਿਖਿਆ :

"I have no faith in the Satyagraha movement which has produced practically no effect on Indians or on the Government; in the Punjab the movement has miserably failed and humiliated the Congress in the eyes of the Government and the public."

20 ਅਤੇ 21 ਮਈ 1942 ਨੂੰ ਲਾਹੌਰ ਵਿਚ ਪੰਜਾਬ ਕਿਸਾਨ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ 450 ਕਾਰਕੁਨਾਂ ਨੇ ਭਾਗ ਲਿਆ। ਇਸ ਮੀਟਿੰਗ ਵਿਚ ਸੂਬੇ ਦੇ ਸਾਰੇ ਕਾਰਕੁਨਾਂ ਨੂੰ ਹਿਦਾਇਤ ਕੀਤੀ ਗਈ ਕਿ ਉਹ ਜੰਗ ਵਿਚ ਅੰਗ੍ਰੇਜ਼ਾਂ ਦੀ ਸਹਾਇਤਾ ਕਰਨ, ਸਾਰੇ ਕੈਦੀ ਰਿਹਾ ਕਰਨ ਅਤੇ ਕੌਮੀ ਸਰਕਾਰ ਬਣਾਉਣ ਦੀ ਮੰਗ ਉਪਰ ਜ਼ੋਰ ਦੇਣ। ਜੁਲਾਈ 1942 ਵਿਚ ਕਮਿਊਨਿਸਟ ਕਾਫ਼ੀ ਸਰਗਰਮ ਸਨ ਤੇ ਪਿੰਡਾਂ ਵਿਚ ਉਨ੍ਹਾਂ ਨੇ 7 ਵੱਡੀਆਂ ਮੀਟਿੰਗਾਂ ਕੀਤੀਆਂ। ਇਸ ਮੌਕੇ ਦੇ ਦੌਰਾਨ ਹੀ ਕਿਰਤੀ-ਗਰੁੱਪ ਅਤੇ ਜੋਸ਼ ਗਰੁੱਪ ਵਿਚ 'ਏਕਤਾ' ਹੋ ਗਈ ਜੋ ਕੇਵਲ ਉਪਰੋਂ ਉਪਰੋਂ ਹੀ ਸੀ ਜਿਵੇਂ ਕਿ ਬਾਅਦ ਵਿਚ ਬਣੀ 'ਲਾਲ ਕਮਿਊਨਿਸਟ ਪਾਰਟੀ' ਤੋਂ ਸਪਸ਼ਟ ਹੁੰਦਾ ਹੈ। 23 ਜੁਲਾਈ 1942 ਨੂੰ ਪਾਰਟੀ ਨੂੰ ਕਾਨੂੰਨੀ ਕਰਾਰ ਦੇ ਦਿੱਤਾ ਗਿਆ। ਕਾਨੂੰਨੀ ਹੋ ਜਾਣ ਨਾਲ ਕਮਿਊਨਿਸਟਾਂ ਦੀਆਂ ਸਰਗਰਮੀਆਂ ਤੇਜ਼ੀ ਨਾਲ ਵਧੀਆਂ, ਉਨ੍ਹਾਂ ਦੀ ਗਿਣਤੀ ਵਿਚ ਵਾਧਾ ਹੋਇਆ ਤੇ ਉਹ ਵਧੇਰੇ ਕਿਸਾਨਾਂ ਨੂੰ ਵੀ ਜਥੇਬੰਦ ਕਰ ਸਕੇ। ਪਰ ਇਸ ਸਭ ਕਾਸੇ ਦੇ ਦੌਰਾਨ ਉਹ ਆਪਣੀ ਸਾਮਰਾਜ ਦੇ ਕੱਟੜ ਦੁਸ਼ਮਣ ਹੋਣ ਦੀ ਪਿਛਲੇ ਸਾਲਾਂ ਵਿਚ ਕਮਾਈ ਭੱਲ ਗੁਆ ਬੈਠੇ। ਜੇਕਰ ਇਹ ਛੋਟੀਆਂ ਪ੍ਰਾਪਤੀਆਂ ਹੋਈਆਂ ਵੀ ਤਾਂ ਇਹ ਸਾਮਰਾਜ ਵਲੋਂ ਮਦਦ ਪ੍ਰਾਪਤ ਕਰਨ ਲਈ ਰਿਆਇਤਾਂ ਸਨ ਜੋ ਉਸ ਲਈ ਸੰਕਟ ਦੀ ਘੜੀ ਵਿਚ ਬਹੁਤ ਜ਼ਰੂਰੀ ਸੀ। ਸੰਕਟ ਦੀ ਘੜੀ ਹਰ ਸਰਕਾਰ ਆਪਣਾ ਸੰਕਟ ਰਿਆਇਤਾਂ ਨਾਲ ਟਾਲਣਾ ਚਾਹੁੰਦੀ ਹੈ। ਕਮਿਊਨਿਸਟਾਂ ਦੀਆਂ ਇਹ 'ਛੋਟੀਆਂ ਪ੍ਰਾਪਤੀਆਂ' ਦਾ ਕਾਰਨ ਇਹ ਸੀ ਕਿ ਉਸ ਵੇਲੇ ਕਾਂਗਰਸ 'ਤੇ ਤਸ਼ੱਦਦ ਹੋ ਰਿਹਾ ਸੀ ਤੇ ਉਹ ਗੈਰ ਕਾਨੂੰਨੀ ਪਾਰਟੀ ਸੀ ਜਦੋਂ ਕਿ ਕਮਿਊਨਿਸਟ ਕਾਨੂੰਨੀ ਸਨ, ਸ਼ਰ੍ਹੇਆਮ ਲੋਕਾਂ ਨੂੰ ਜਥੇਬੰਦ ਕਰ ਸਕਦੇ ਸਨ। ਪਰ ਇਹ ਜਥੇਬੰਦੀ ਕਿਸ ਨਿਸ਼ਾਨੇ ਵਾਸਤੇ? ਇਨਕਲਾਬ ਵਾਸਤੇ? ਕਿਸ ਦੇ ਖ਼ਿਲਾਫ਼? ਕਿਉਂਕਿ ਕਾਂਗਰਸ ਪਾਰਟੀ ਮੁਕਾਬਲਾ ਨਹੀਂ ਸੀ ਕਰ ਰਹੀ ਇਸ ਲਈ ਕਮਿਊਨਿਸਟਾਂ ਦੀਆਂ ਜਨਤਕ ਜਥੇਬੰਦੀਆਂ ਵਿਚ ਵਾਧਾ ਹੋਇਆ। ਪਰ ਲੰਮੇ ਦ੍ਰਿਸ਼ਟੀਕੋਣ ਤੋਂ ਸੋਚਦਿਆਂ ਕੀ ਜਥੇਬੰਦੀਆਂ ਵਿਚ ਐਨੇ ਕੁ ਵਾਧੇ ਲਈ ਤਸ਼ੱਦਦ ਸਹਿ ਸਹਿ ਐਨੀ ਮੁਸ਼ਕਲ ਨਾਲ ਖੱਟੀ ਭੱਲ ਗੁਆ ਲੈਣਾ ਸਿਆਣਪ ਸੀ? ਭਲਾ ਜੇਕਰ ਇਸ ਮੌਕੇ 'ਤੇ ਕਮਿਊਨਿਸਟ ਸਰਕਾਰ ਵਿਰੁਧ ਡਟੇ ਰਹਿੰਦੇ ਤਾਂ ਸਿਰਫ਼ ਐਨਾ ਤਾਂ ਕੀ, ਇਸ ਤੋਂ ਵੀ ਵਧੇਰੇ ਵਾਧਾ ਨਾ ਹੁੰਦਾ?



ਸਿਆਸੀ ਲਾਈਨ ਦੀ ਸਪਸ਼ਟਤਾ ਨੂੰ ਗੰਧਲਾ ਕਰ ਕੇ ਜਥੇਬੰਦੀ ਖ਼ਾਤਰ ਜਥੇਬੰਦੀ ਖੜ੍ਹਿਆਂ ਕਰਨ ਲਈ ਆਸਾਨ ਤਰੀਕੇ ਵਰਤਣ (short-cuts) ਦੀ ਇਹ ਪਾਲਿਸੀ ਸੀ.ਪੀ. ਆਈ. ਵਲੋਂ ਐਮਰਜੈਂਸੀ ਦੇ ਦੌਰਾਨ ਫਿਰ ਦੁਹਰਾਈ ਗਈ। ਜਦ ਦੂਸਰੀਆਂ ਪਾਰਟੀਆਂ ਉਪਰ ਡੰਡਾ ਵਰ੍ਹ ਰਿਹਾ ਸੀ ਤੇ ਉਹ ਮੈਦਾਨ ਵਿਚ ਮੁਕਾਬਲੇ ਵਿਚ ਨਹੀਂ ਸਨ ਤਾਂ ਪੱਦ-ਯਾਤਰਾਵਾਂ ਕਰ ਕੇ ਜਨਤਕ ਜਥੇਬੰਦੀਆਂ ਤੇ ਪਾਰਟੀ ਮੈਂਬਰਾਂ ਵਿਚ ਹਜ਼ਾਰਾਂ ਦਾ ਵਾਧਾ ਕੀਤਾ ਗਿਆ। ਮੈਂਬਰ-ਸ਼ਿਪ ਤਾਂ ਵਧੀ ਪਰ ਪਾਰਟੀ ਦੀ ਭੱਲ ਦੀਆਂ ਧੱਜੀਆਂ ਉੱਡ ਗਈਆਂ। ਸੀ. ਪੀ. ਆਈ. ਦਾ ਹੇਠਲੇ ਪੱਧਰ ਦਾ ਲੜਾਕੂ ਕਾਡਰ ਲੀਡਰਸ਼ਿਪ ਤੋਂ ਅਗਵਾਈ ਲਈ ਤਿਲਮਿਲਾ ਰਿਹਾ ਸੀ, ਪਰ ਲੀਡਰ-ਸ਼ਿਪ ਟੱਸ ਤੋਂ ਮੱਸ ਨਾ ਹੋਈ। ਕਿਉਂ ਅਜਿਹਾ ਹੋਇਆ? ਪਾਰਟੀ ਖੜੀ ਕਰਨ ਦੀ ਗਲਤ ਲਾਈਨ ਅਪਣਾਉਣ ਕਾਰਨ। ਕਿਸੇ ਵੀ ਦੇਸ਼ ਦੀ ਕਮਿਊਨਿਸਟ ਪਾਰਟੀ ਦਾ ਮੁੱਖ ਉਦੇਸ਼ ਹਮੇਸ਼ਾ ਜਨਤਾ ਵਿਚ ਪਾਰਟੀ ਦੀਆਂ ਆਪਣੀਆਂ ਠੀਕ ਸਿਆਸੀ ਪੁਜ਼ੀਸ਼ਨਾਂ ਲਈ ਮਾਣ, ਇੱਜ਼ਤ ਤੇ ਭੱਲ ਖੱਟਣਾ ਹੁੰਦਾ ਹੈ, ਨਾ ਕਿ ਇਸ ਗੱਲ ਨੂੰ ਅੱਖੋਂ ਪਰੋਖੇ ਕਰ ਕੇ ਪਾਰਟੀ ਮੈਂਬਰਸ਼ਿਪ ਵਧਾਉਣਾ। ਜਦ ਠੀਕ ਸਿਆਸੀ ਪੁਜ਼ੀਸ਼ਨਾਂ (ਜਿਨ੍ਹਾਂ ਨੂੰ ਵਿਕਸਤ ਕਰਨ ਲਈ ਠੋਸ ਹਾਲਤਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ) ਕਾਰਨ ਪਾਰਟੀ ਦਾ ਲੋਕਾਂ ਵਿਚ ਮਾਣ, ਇੱਜ਼ਤ ਤੇ ਭੱਲ ਵਧਦੀ ਹੈ ਤਾਂ ਨਤੀਜੇ ਵਜੋਂ ਵਧੇਰੇ ਲੋਕ ਪਾਰਟੀ ਵਲ ਖਿੱਚੇ ਜਾਂਦੇ ਹਨ ਤੇ ਇਨ੍ਹਾਂ ਵਿਚੋਂ ਅੱਗੋਂ ਪਾਰਟੀ ਹਮਦਰਦਾਂ ਤੇ ਪਾਰਟੀ ਮੈਂਬਰਾਂ ਵਿਚ ਵਾਧਾ ਹੁੰਦਾ ਹੈ। ਪਾਰਟੀ ਖੜੀ ਕਰਨ ਦੇ ਇਸ ਦਰੁਸਤ ਰਾਹ ਨੂੰ ਅਸੀਂ Hegemonic Method ਆਖ ਸਕਦੇ ਹਾਂ। ਦੂਸਰੇ ਪਾਸੇ ਜੇਕਰ ਨਿਸ਼ਾਨਾ ਜਥੇਬੰਦੀ ਵਿਚ ਮੈਂਬਰ ਭਰਤੀ ਕਰ ਕੇ ਜਥੇਬੰਦੀ ਨੂੰ ਵਧਾਉਣਾ ਬਣ ਜਾਵੇ ਤਾਂ ਹਾਲਾਤ ਇਸ ਹੱਦ ਤੱਕ ਪੁੱਜ ਸਕਦੇ ਹਨ ਜਿਥੇ ਜਾ ਕੇ ਇਹ ਲਾਭ ਖੱਟਣ ਦੀ ਲਾਲਸਾ ਲਈ ਪਾਰਟੀ ਦਾ ਮਾਣ, ਇੱਜ਼ਤ ਤੇ ਭੱਲ ਕੁਰਬਾਨ ਹੋ ਜਾਂਦੇ ਹਨ। ਪਾਰਟੀ ਖੜੀ ਕਰਨ ਦੇ ਇਸ ਢੰਗ ਨੂੰ ਅਸੀਂ Organisational Method ਆਖ ਸਕਦੇ ਹਾਂ। ਇਥੇ ਜਿਸ ਗੱਲ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ ਉਹ ਇਹ ਨਹੀਂ ਕਿ ਮੈਂਬਰ-ਭਰਤੀ ਉਪਰ ਜ਼ੋਰ ਹੀ ਨਾ ਦਿੱਤਾ ਜਾਵੇ ਸਗੋਂ ਜ਼ੋਰ ਇਸ ਗੱਲ ਉਪਰ ਹੈ ਕਿ ਅਜਿਹੇ ਯਤਨਾਂ ਲਈ ਕਿਹੜੀ ਵਿਧੀ ਅਪਣਾਈ ਜਾਵੇ। ਪਹਿਲੀ ਵਿਧੀ ਅਪਣਾਉਣ ਨਾਲ ਦੂਸਰੀ ਦੀ ਪ੍ਰਾਪਤੀ ਆਪਣੇ ਆਪ, ਨਾਲ ਨਾਲ ਹੁੰਦੀ ਰਹਿੰਦੀ ਹੈ ਪਰ ਦੂਸਰਾ ਰਾਹ ਅਖਤਿਆਰ ਕਰਨ ਨਾਲ ਇਹ ਜ਼ਰੂਰੀ ਨਹੀਂ ਕਿ ਪਹਿਲੀ ਦੀ ਪ੍ਰਾਪਤੀ ਹੋਵੇ। ਇੰਜ 'ਭਰਤੀ' ਤੇ 'ਭੱਲ' ਵਿਚ ਸੰਕਟ ਦੀ ਘੜੀ ਆ ਸਕਦੀ ਹੈ ਜਦੋਂ ਕਿ ਪਹਿਲੀ ਵਿਧੀ ਵਿਚ ਇਸ ਵਿਰੋਧ ਲਈ ਕੋਈ ਥਾਂ ਨਹੀਂ ਹੈ।

ਜੋਸ਼ ਗਰੁੱਪ ਦੇ ਮੁਕਾਬਲੇ ਕਿਰਤੀ ਗਰੁੱਪ ਦਾ ਅਸਰ ਰਸੂਖ ਤੇ ਜਥੇਬੰਦਕ ਤਾਕਤ ਵਧੇਰੇ ਸੀ ਪਰ ਏਕਤਾ ਕਾਰਨ ਤੇ 'ਪੀਪਲਜ਼ ਵਾਰ' ਦੀ ਲਾਈਨ ਅਪਣਾਉਣ ਕਾਰਨ ਇਸ ਦੇ ਪ੍ਰਭਾਵ ਨੂੰ ਵੀ ਸੱਟ ਵੱਜੀ : ਇਕ ਪੰਜਾਬ ਪੁਲਸ ਦੀ ਰਿਪੋਰਟ ਅਨੁਸਾਰ :

"The American authorities are keeping a close watch on its (Gadar Party) activities in the USA and its counter-part in the Punjab. The Kirti Kisan movement is more or less dead. Its leaders are in alliance with the CPI and are for the present at least "pro-war" although the Gadar Party proper is not."

8 ਅਗਸਤ 1942 ਨੂੰ ਆਲ ਇੰਡੀਆ ਕਾਂਗਰਸ ਕਮੇਟੀ ਨੇ 'ਭਾਰਤ ਛੱਡੋ' ਦਾ ਮਤਾ

ਪਾਸ ਕਰ ਦਿੱਤਾ । ਕਮਿਊਨਿਸਟ ਪਾਰਟੀ ਨੇ ਇਸ ਮਤੇ ਦੀ ਤਿੱਖੀ ਨੁਕਤਾਚੀਨੀ ਕੀਤੀ, ਪਰ ਲੋਕਾਂ ਨੇ ਇਸ ਨੂੰ ਜੀ-ਆਇਆਂ ਆਖਿਆ ਤੇ ਸਾਰੇ ਦੇਸ਼ ਵਿਚ ਸਾਮਰਾਜ-ਵਿਰੋਧੀ ਲਹਿਰ ਫੁੱਟ ਪਈ। ਦਸਾਂ ਸਾਲਾਂ ਦੇ ਅੰਦਰ ਇਹ ਦੂਸਰੀ ਵੇਰ ਸੀ ਕਿ ਪਾਰਟੀ ਲੋਕ ਲਹਿਰ ਦੇ ਵਹਾ ਉਲਟ ਖੜੀ ਸੀ। ਕਮਿਊਨਿਸਟ ਭਾਵੇਂ ਆਪਣੇ ਆਪ ਨੂੰ ਕੁਝ ਪਏ ਸਮਝਦੇ ਹੋਣ, ਜਨਤਾ ਦੀਆਂ ਨਜ਼ਰਾਂ ਵਿਚ ਉਹ ਸਾਮਰਾਜ ਦੇ ਸਾਥੀ ਸਨ । ਕਮਿਊਨਿਸਟਾਂ ਦੀ ਅਜਿਹੀ ਸਿਆਸੀ ਲਾਈਨ ਨੇ ਕੇਵਲ ਕਾਂਗਰਸ ਦੇ ਖੱਬੇ ਵਿੰਗ ਨੂੰ ਹੀ ਸੱਜੇ ਦੀ ਝੋਲੀ ਨਹੀਂ ਪਾਇਆ ਸਗੋਂ ਸਮੁੱਚੀ ਕੌਮੀ ਲਹਿਰ ਦੀ ਵਾਗ-ਡੋਰ ਕਾਂਗਰਸ ਪਾਰਟੀ ਦੇ ਸੱਜੇ ਧੜੇ ਦੇ ਹਵਾਲੇ ਕਰ ਦਿੱਤੀ । ਉੱਘੇ ਨੇਤਾ ਕਾਮਰੇਡ ਕੇ. ਦਾਮੋਦਰਨ ਦੇ ਸ਼ਬਦਾਂ ਵਿਚ ''ਉਸ ਵੇਲੇ ਵਹਾ ਦੇ ਉਲਟ ਪਾਸੇ ਤੈਰਨ ਦਾ ਸਿੱਟਾ, ਜਦੋਂ ਵਹਾ ਠੀਕ ਦਿਸ਼ਾ ਵਲ ਸੀ, ਇਹ ਨਿਕਲਿਆ ਕਿ ਸਹੀ ਕਿਸਮ ਦੀ ਆਜ਼ਾਦੀ ਤੇ ਸਮਾਜਵਾਦੀ ਤਬਦੀਲੀ ਵਿਚੇ ਹੀ ਡੁੱਬ ਗਈਆਂ।'' (ਕੇ. ਦਾਮੋਦਰਨ ਦੀ ਪੁਸਤਕਾ 'ਭਾਰਤ ਵਿਚ ਕਮਿਊਨਿਸਟ ਲਹਿਰ' — **ਸੇਧ** ਸੀਰੀਜ਼-ਨੰਬਰ 1) ਪੰਜਾਬ ਵਿਚ ਥਾਂ ਥਾਂ ਹੜਤਾਲਾਂ ਹੋਈਆਂ ਤੇ ਕਈ ਥਾਈਂ ਟੈਲੀਫ਼ੋਨਾਂ ਦੀਆਂ ਤਾਰਾਂ ਕੱਟੀਆਂ ਗਈਆਂ । 1915 ਦੇ ਗ਼ਦਰ ਤੋਂ ਪਿੱਛੋਂ ਲਗਾਤਾਰ '**ਕਿਰਤੀ**' ਨਾਲ ਸੰਬੰਧਤ ਕਾਰਕੁਨ ਕੌਮੀ ਲਹਿਰ ਵਿਚ ਫ਼ੌਜ ਨੂੰ ਖਿਚਣ ਉਪਰ ਜ਼ੋਰ ਦਿੰਦੇ ਆ ਰਹੇ ਸਨ, ਪਰ ਸਮੇਂ ਦੇ ਰੰਗ ਵੇਖੋ ਹੁਣ ਜਦੋਂ ਫਰੰਟ ਦੀਆਂ ਤੰਗੀਆਂ ਤੋਂ ਦੁੱਖੀ ਹੋ ਕੇ ਪੰਜਾਬੀ ਸਿਪਾਹੀ ਘਰ ਭੱਜ ਰਹੇ ਸਨ ਤਾਂ ਉਨ੍ਹਾਂ ਨੂੰ ਭਰਤੀ ਹੋ ਕੇ ਅੰਗ੍ਰੇਜ਼ਾਂ ਦੀ ਕਮਾਂਡ ਹੇਠ ਲੜਨ ਲਈ ਪਰੇਰਿਆ ਜਾ ਰਿਹਾ ਸੀ । 30 ਜੂਨ 1942 ਤੱਕ ਇਕੱਲੇ ਪੰਜਾਬ ਦੇ ਹੀ 15,442 ਸਿਪਾਹੀ ਭਗੌੜੇ ਹੋ ਗਏ ਸਨ । ਸੰਕਟ ਦੌਰਾਨ ਕਮਿਊਨਿਸਟਾਂ ਦੀ ਮਦਦ ਦਾ ਜ਼ਿਕਰ ਕਰਦਿਆਂ ਤੇ ਹੁਣ ਉਨ੍ਹਾਂ ਨੂੰ ਫੇਰ 'ਸਬਕ ਸਿਖਾਉਣ' ਬਾਰੇ ਵਿਚਾਰ ਕਰਦਿਆਂ, ਇਕ ਪੁਲਸ ਰੀਪੋਰਟ ਦਸਦੀ ਹੈ :

''Communist influence was undoubtedly helpful in exercising a moderate effect on the Congress campaign during its critical phases; it now remains to be seen whether or not communists have outlived their usefulness.''

ਜੰਗ ਤੋਂ ਪਿਛੋਂ ਦੇ ਉਭਾਰ ਵਿਚ ਕਮਿਊਨਿਸਟ ਕਾਰਕੁਨਾਂ ਨੇ ਲੋਕ-ਲਹਿਰਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਪਰ 1942 ਤੋਂ 48 ਤਕ ਦੇ ਅਰਸੇ ਵਿਚ ਉਨ੍ਹਾਂ ਨੇ ਦੋ ਹੋਰ ਵੱਡੀਆਂ ਗ਼ਲਤੀਆਂ ਕੀਤੀਆਂ । ਉਨ੍ਹਾਂ ਨੇ ਫ਼ਿਰਕਾ ਪ੍ਰਸਤ ਜਥੇਬੰਦੀ ਮੁਸਲਿਮ-ਲੀਗ ਦੀ ਡੱਟ ਕੇ ਮਦਦ ਕਰਨੀ ਸ਼ੁਰੂ ਦਿੱਤੀ ਤੇ ਇਸ ਬੇਸਮਝੀ ਨੇ ਆਖ਼ਰ ਉਨ੍ਹਾਂ ਨੂੰ ਧਰਮ ਦੇ ਆਧਾਰ 'ਤੇ ਦੋ ਕੌਮਾਂ ਦੇ ਝੂਠੇ ਸਿਧਾਂਤ ਤਕ ਪਹੁੰਚਾ ਦਿੱਤਾ । ਪੰਜਾਬ ਵਿਚ ਮੁਸਲਿਮ ਲੀਗ ਨਾਲ ਮਿਲ ਕੇ ਸਾਂਝੀਆਂ ਕਾਨਫਰੰਸਾਂ ਕੀਤੀਆਂ ਗਈਆਂ, ਕਮਿਊਨਿਸਟ ਪਲੇਟਫਾਰਮ ਤੋਂ ਕੁਰਾਨ ਦੀਆਂ ਆਇਤਾਂ ਪੜ੍ਹੀਆਂ ਗਈਆਂ ਤੇ ਕਮਿਊਨਿਸਟਾਂ ਵਲੋਂ 'ਪਾਕਿਸਤਾਨ ਜ਼ਿੰਦਾਬਾਦ !' ਦੇ ਨਾਹਰੇ ਲਾਏ ਗਏ । ਇਥੋਂ ਤਕ ਕਿ ਪਾਕਿਸਤਾਨ ਦੇ ਨਕਸ਼ੇ ਬਣਾਉਣ ਵਿਚ ਉਨ੍ਹਾਂ ਨੇ ਮੁਸਲਿਮ ਲੀਗ ਨੂੰ ਵੀ ਮਾਤ ਪਾ ਦਿੱਤੀ ।

ਅਗਲੀ ਗ਼ਲਤੀ ਫੇਰ 1946-48 ਦੀ ਅੱਤ-ਖੱਬੇ ਪੱਖੀ ਰੰਧੀਵੇ ਲਾਈਨ ਸੀ ਜਿਸ ਨੇ ਪਾਰਟੀ ਨੂੰ ਗੋਡਿਆਂ ਪਰਨੇ ਸਿੱਟ ਦਿੱਤਾ । ਪਾਰਟੀ ਦੇ ਮੈਂਬਰਾਂ ਦੀ ਗਿਣਤੀ 89,000 ਤੋਂ ਘੱਟ ਕੇ 20,000 ਤਕ ਪਹੁੰਚ ਗਈ । ਇਸ ਵੇਲੇ ਪੰਜਾਬ ਵਿਚ 'ਲਾਲ-ਕਮਿਊਨਿਸਟ ਪਾਰਟੀ' ਦੀ ਅਗਵਾਈ ਹੇਠ ਪੈਪਸੂ ਦੇ ਇਲਾਕੇ ਦਾ ਮੁਜ਼ਾਰਾ ਘੋਲ ਲੜਿਆ ਗਿਆ ਜੋ ਇਸ ਪਾਰਟੀ ਦਾ ਕਿਸਾਨੀ ਨੂੰ ਜਥੇਬੰਦ



ਕਰਨ ਵਿਚ ਮਹੱਤਵਪੂਰਨ ਤਜਰਬਾ ਹੈ । ਇਸ ਤਜਰਬੇ ਬਾਰੇ, ਲਾਲ-ਕਮਿਊਨਿਸਟ ਪਾਰਟੀ ਬਣਨ ਬਾਰੇ, ਤੇ ਕਮਿਊਨਿਸਟ ਪਾਰਟੀ ਵਲੋਂ ਮੁਜ਼ਾਰਾ ਘੋਲ ਦੀ ਵਿਰੋਧਤਾ ਬਾਰੇ ਤੇ ਅੰਤ ਇਸ ਪਾਰਟੀ ਦੇ ਖਿੰਡਾ ਬਾਰੇ ਮੇਰੇ ਪਾਸ ਸਮੱਗਰੀ ਨਹੀਂ ਹੈ । ਕਿੰਨਾ ਚੰਗਾ ਹੋਵੇ ਜੇਕਰ ਇਸ ਘੋਲ ਵਿਚ ਭਾਗ ਲੈਣ ਵਾਲੇ ਸੱਜਣ ਕਿਸਾਨ ਆਗੂ ਛੱਜੂ ਰਾਮ ਵੈਦ ਆਪ ਹੀ ਇਨ੍ਹਾਂ ਸਵਾਲਾਂ ਦੇ ਜਵਾਬ ਪੰਜਾਬ ਦੇ ਅੱਗੇ-ਵਧੂ ਲੋਕਾਂ ਅਗੇ ਰਖਣ ਤਾਕਿ ਵਰਤਮਾਨ ਵਿਚ ਭੂਤ ਦੇ ਤਜਰਬੇ ਤੋਂ ਸਬਕ ਸਿਖ ਕੇ ਭਵਿਖ ਵਲ ਵਧਿਆ ਜਾ ਸਕੇ ।

ਹੁਣ ਜਦ ਪਾਠਕ ਇਨ੍ਹਾਂ ਆਖਰੀ ਸਤਰਾਂ 'ਤੇ ਪੁੱਜਾ ਹੈ ਤੇ ਭੂਤ ਵਿਚ ਲੀਡਰਸ਼ਿਪ ਦੀਆਂ ਇਕ ਤੋਂ ਬਾਅਦ ਕੀਤੀ ਦੂਸਰੀ ਤੇ ਇੰਜ ਗਲਤੀਆਂ ਦੀ ਅਟੁੱਟ ਲੜੀ ਬਾਰੇ ਸੋਚਦਾ ਹੈ ਤਾਂ ਉਹ ਜ਼ਰੂਰ ਹੈਰਾਨ ਹੋ ਕੇ ਇਹ ਪੁੱਛੇਗਾ : ਇਸ ਸਭ ਕਾਸੇ ਦੇ ਬਾਵਜੂਦ ਵੀ ਪਾਰਟੀ ਕਿਵੇਂ ਤੁਰਦੀ ਆਈ ? ਆਜ਼ਾਦੀ ਤੋਂ ਬਾਅਦ ਹੋਣ ਵਾਲੀਆਂ ਚੋਣਾਂ ਵਿਚ ਪਾਰਟੀ ਕਾਂਗਰਸ ਤੋਂ ਬਾਅਦ ਦੂਸਰੀ ਵੱਡੀ ਪਾਰਟੀ ਉਭਰ ਕੇ ਸਾਹਮਣੇ ਕਿਵੇਂ ਆਈ ? ਇਸ ਦਾ ਜੁਆਬ ਇਕੋ ਹੈ : ਪਾਰਟੀ ਦਾ ਹੇਠਲਾ ਕਾਡਰ ਉਸ ਵੇਲੇ ਲੋਕ-ਲਹਿਰਾਂ ਨਾਲ ਜੁੜਿਆ ਹੋਇਆ ਸੀ ਤੇ ਲੋਕਾਂ ਵਿਚ ਰਹਿ ਕੇ ਉਨ੍ਹਾਂ ਨਾਲ ਗੁਥਿਆ ਹੋਇਆ ਸੀ । ਇਹ ਕਾਡਰ ਜਨਤਕ ਜਥੇਬੰਦੀਆਂ ਵਿਚ ਹੌਸਲੇ ਤੇ ਈਮਾਨਦਾਰੀ ਕਾਰਨ ਸਤਕਾਰਿਆ ਜਾਂਦਾ ਸੀ । ਠੀਕ ਹੈ ਗ਼ਲਤ ਲਾਈਨ ਤਾਂ ਲੀਡਰਸ਼ਿਪ ਵਲੋਂ ਠੋਸੀ ਜਾਂਦੀ ਸੀ ਪਰ ਉਹ ਹਮੇਸ਼ਾਂ ਇਸ ਨੂੰ ਲੋਕਾਂ ਦੀ ਭਲੇ ਦੀ ਸਮਝ ਕੇ ਲਾਗੂ ਕਰਦੇ ਸਨ । ਅਜਿਹਾ ਕਾਡਰ ਜਦ ਲੀਡਰਸ਼ਿਪ ਠੀਕ ਹੋਵੇ ਤਾਂ ਲਗਾਤਾਰ ਕਾਮਯਾਬੀਆਂ ਵਲ ਵੱਧਦਾ ਜ ਦਾ ਹੈ, ਪਰ ਜਦ ਲੀਡਰਸ਼ਿਪ ਹੀ ਪਾਰਟੀ ਨੂੰ ਕੁਰਾਹੇ ਪਾ ਦੇਵੇ ਤਾਂ ਇਹ ਲੀਡਰਸ਼ਿਪ ਦੇ ਰਹਿਮ 'ਤੇ ਹੀ ਹੋ ਜਾਂਦਾ ਹੈ । ਸਪਸ਼ਟ ਹੈ ਗ਼ਲਤੀਆਂ ਦੇ ਬਾਵਜੂਦ ਪਾਰਟੀ ਹੇਠਲੇ ਕਾਡਰ ਦੀਆਂ ਕੁਰਬਾਨੀਆਂ ਤੇ ਅਣਥੱਕ ਯਤਨਾਂ ਕਾਰਨ ਜੀਉਂਦੀ ਤਾਂ ਰਹਿ ਸਕਦੀ ਹੈ ਪਰ ਜਿਥੋਂ ਤਕ ਇਨਕਲਾਬ ਦਾ ਸਵਾਲ ਹੈ, ਇਹ ਸੋਚਣ ਵਾਲੀ ਗੱਲ ਹੈ ।

(ਸਮਾਪਤ)

•

* ਰਿਆਇਤ ਦਾ ਐਲਾਨ

ਵੀਹ ਰੁਪੈ ਮਨੀ ਆਰਡਰ ਦੁਆਰਾ ਭੇਜ ਕੇ ਤੁਸੀਂ ਸਾਲ ਭਰ ਲਈ ਘਰ ਬੈਠੇ ਸੇਧ ਵੀ ਪ੍ਰਾਪਤ ਕਰੋ—ਅਤੇ ਇਹਨਾਂ ਦੋਹਾਂ ਕਿਤਾਬਾਂ ਵਿਚੋਂ ਇਕ ਕਿਤਾਬ ਵੀ (ਜਿਹੜੀ ਤੁਸੀਂ ਚਾਹੋ) ਹਾਸਿਲ ਕਰੋ—

**ਮਾਂ-ਬੋਲੀ ਪੰਜਾਬੀ ਅਜੋਕੀ ਸਥਿਤੀ ਅਤੇ ਸਮਸਿਆਵਾਂ** ਅਤੇ ਜਾਂ

**ਗੁਰਬਾਣੀ ਦਾ ਸੱਚ** (ਲੇਖਕ ਕਿਸ਼ਨ ਸਿੰਘ)

(ਇਹਨਾਂ ਦੋਹਾਂ ਕਿਤਾਬਾਂ ਦਾ ਮੁੱਲ ਵੈਸੇ ਦਸ ਦਸ ਰੁਪੈ ਹੈ । ਕਿਤਾਬ ਭੇਜਣ ਦਾ ਡਾਕ-ਖ਼ਰਚ ਸਾਡਾ ਹੋਵੇਗਾ ।)

* ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ; ਮੁਲ : ਪੰਦਰਾਂ ਰੁਪੈ ।

ਸੁੱਚਾ ਸਿੰਘ ਗਿੱਲ

# ਸਾਮਰਾਜਵਾਦ, ਨਵਸਾਮਰਾਜਵਾਦ ਅਤੇ ਭਾਰਤ—1

ਅਜੋਕੇ ਸਾਮਰਾਜਵਾਦ ਦੀ ਵਿਆਖਿਆ ਲੈਨਿਨ ਨੇ ਆਪਣੇ ਪੈਂਮਫਲਿਟ **ਸਾਮਰਾਜਵਾਦ, ਸਰਮਾਏਦਾਰੀ ਦੇ ਵਿਕਾਸ ਦੀ ਉਚਤਮ ਸਟੇਜ** (Imperialism, the Highest Stage of Capitalism), ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਕੀਤੀ। ਇਸ ਵਿਚ ਉਸ ਨੇ ਸਾਮਰਾਜਵਾਦ ਨੂੰ ਸਰਮਾਏਦਾਰੀ ਦੇ ਵਿਕਾਸ ਦੀ ਇਕ ਖਾਸ ਸਟੇਜ ਦਸਿਆ। ਲੈਨਿਨ ਦੀ ਵਿਆਖਿਆ ਸਰਮਾਏਦਾਰੀ ਦੀ ਇਜਾਰੇਦਾਰ ਸਟੇਜ ਨਾਲ ਸਬੰਧਤ ਹੈ।

ਸਰਮਾਏਦਾਰੀ ਸਾਮਰਾਜਵਾਦ ਤੋਂ ਪਹਿਲਾਂ ਵੀ ਬਸਤੀਵਾਦੀ ਨੀਤੀਆਂ ਅਤੇ ਸਾਮਰਾਜਵਾਦ ਦੀ ਹੋਂਦ ਕਾਇਮ ਹੋ ਚੁਕੀ ਹੈ। ਮਿਸਾਲ ਦੇ ਤੌਰ 'ਤੇ ਰੋਮ, ਜਿਸ ਦਾ ਆਧਾਰ ਗੁਲਾਮ ਸਮਾਜ (slave society) ਸੀ, ਨੇ ਬਸਤੀਵਾਦੀ ਨੀਤੀਆਂ ਅਤੇ ਸਾਮਰਾਜਵਾਦ ਨੂੰ ਅਪਣਾਇਆ। ਸਰਮਾਏਦਾਰੀ ਸਾਮਰਾਜਵਾਦ ਦੀਆਂ ਵੱਖ ਵੱਖ ਸਟੇਜਾਂ ਹਨ।

ਜਦ ਸਰਮਾਏਦਾਰੀ ਦਾ ਵਿਕਾਸ ਯੂਰਪ ਵਿਚ ਹੋਇਆ ਤਾਂ ਇਸ ਨਾਲ ਵਿਦੇਸ਼ੀ ਤਿਜਾਰਤ ਦਾ ਵੀ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ। ਯੂਰਪ ਨੇ ਮੰਡੀਆਂ ਦੀ ਭਾਲ ਵਿਚ ਬਹੁਤ ਸਾਰੇ ਦੇਸ਼ਾਂ ਨਾਲ ਪਹਿਲਾਂ ਤਜਾਰਤੀ ਸਬੰਧ ਬਣਾਏ ਅਤੇ ਹੌਲੀ ਹੌਲੀ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੂੰ ਆਪਣੀਆਂ ਬਸਤੀਆਂ ਬਣਾ ਲਿਆ। ਉਸ ਸਮੇਂ ਸਰਮਾਏਦਾਰੀ ਸਮਾਜ ਆਪਣੀ ਮੁਕਾਬਲੇ ਵਾਲੀ ਸਟੇਜ (competitive capitalism) ਵਿਚ ਸੀ। ਪਰ 19ਵੀਂ ਸਦੀ ਦੇ ਅੰਤ ਤਕ ਸਰਮਾਏਦਾਰੀ ਆਪਣੀ ਇਜਾਰੇਦਾਰੀ ਦੀ ਸਟੇਜ ਵਿਚ ਪਹੁੰਚ ਗਈ। ਸਰਮਾਏਦਾਰੀ ਸਮਾਜ ਦੀ ਇਜਾਰੇਦਾਰੀ ਸਟੇਜ ਵਿਚ ਲੈਨਿਨ ਨੇ ਸਾਮਰਾਜਵਾਦ ਦਾ ਵਿਸ਼ਲੇਸ਼ਣ ਕੀਤਾ। ਉਸ ਅਨੁਸਾਰ ਇਹ ਇਜਾਰੇਦਾਰੀ, ਸਰਮਾਏਦਾਰੀ ਦੇ ਵਿਦੇਸ਼ੀ ਪੱਖ ਦਾ ਅਮਲ ਹੈ। ਇਸ ਵਿਦੇਸ਼ੀ ਪੱਖ ਦਾ ਆਧਾਰ ਇਜਾਰੇਦਾਰੀ ਸਰਮਾਏਦਾਰੀ ਹੈ। ਸਾਮਰਾਜੀ ਮੁਲਕਾਂ ਵਿਚ ਇਜਾਰੇਦਾਰੀ ਦਾ ਆਰਥਕਤਾ ਅਤੇ ਸਟੇਟ ਉਪਰ ਕਬਜ਼ਾ ਪੂਰੀ ਤਰ੍ਹਾਂ ਕਾਇਮ ਹੁੰਦਾ ਹੈ। ਇਜਾਰੇਦਾਰ ਸਰਮਾਏਦਾਰ ਸ਼ਕਤੀਸਾਲੀ ਪੁਜ਼ੀਸ਼ਨ ਤੋਂ ਜਦ ਹੋਰਨਾਂ ਦੇਸ਼ਾਂ ਵਿਚ ਕਾਰਵਾਈ ਕਰਦੇ ਹਨ ਤਾਂ ਉਹ ਆਪਣੇ ਸਰਮਾਏ ਅਤੇ ਸਟੇਟ ਦੀ ਤਾਕਤ ਨੂੰ ਹੀ ਇਸਤੇਮਾਲ ਕਰਦੇ ਹਨ। ਸਰਮਾਏਦਾਰ ਮੁਲਕ ਆਪਣੇ ਤੋਂ ਕਮਜ਼ੋਰ ਮੁਲਕਾਂ ਨੂੰ ਆਪਣੀਆਂ ਬਸਤੀਆਂ ਵਿਚ ਤਬਦੀਲ ਕਰ ਲੈਂਦੇ ਹਨ।

ਸਾਮਰਾਜ ਜੋ ਕਿ ਇਜਾਰੇਦਾਰ ਸਰਮਾਏਦਾਰੀ ਦਾ ਕੌਮਾਂਤਰੀ ਪੱਖ ਹੈ, ਲੈਨਿਨ ਅਨੁਸਾਰ ਇਸ



ਦੇ ਹੇਠ ਲਿਖੇ ਪੰਜ ਬੁਨਿਆਦੀ ਲੱਛਣ ਹਨ :
ਉਤਪਤੀ : ਸਰਮਾਏਦਾਰੀ
**1. ਉਤਪਾਦਨ ਦਾ ਇਕਤਰੀਕਰਨ ਅਤੇ ਇਜਾਰੇਦਾਰੀ ਦੀ ਉਤਪਤੀ :** ਸਰਮਾਏਦਾਰੀ
ਦੇ ਮੂਲ ਨਿਯਮ ਅਨੁਸਾਰ ਸਰਮਾਏਦਾਰੀ ਦੇ ਵਿਕਾਸ ਨਾਲ ਇਸ ਦਾ ਕੇਂਦਰੀਕਰਨ ਹੁੰਦਾ ਜਾਂਦਾ
ਹੈ। ਆਰਥਕ ਮੁਕਾਬਲੇ ਵਿਚ ਕਮਜ਼ੋਰ ਸਰਮਾਏਦਾਰ ਖ਼ਤਮ ਹੁੰਦੇ ਜਾਂਦੇ ਹਨ ਅਤੇ ਉਨ੍ਹਾਂ ਦੇ
ਸਰਮਾਏ ਉਪਰ ਵੱਡੇ ਅਤੇ ਤਾਕਤਵਰ ਸਰਮਾਏਦਾਰ ਕਬਜ਼ਾ ਕਰ ਲੈਂਦੇ ਹਨ। ਇਸ ਤਰ੍ਹਾਂ ਥੋੜੇ
ਜਿਹੇ ਸਰਮਾਏਦਾਰਾਂ ਦਾ ਸਰਮਾਏ ਉਪਰ ਨਿਜੀ ਅਧਿਕਾਰ ਬਣ ਜਾਂਦਾ ਹੈ। ਉਤਪਾਦਨ ਦਾ ਰੂਪ
ਤਾਂ ਸਮਾਜਕ ਬਣ ਜਾਂਦਾ ਹੈ ਪਰ ਉਸ ਉਪਰ ਕੰਟਰੋਲ ਨਿੱਜੀ ਰਹਿੰਦਾ ਹੈ। ਸਰਮਾਏ ਦੇ ਇਕਤਰੀ-
ਕਰਨ ਨਾਲ ਇਜਾਰੇਦਾਰੀ ਦਾ ਆਰੰਭ ਹੁੰਦਾ ਹੈ। ਸਰਮਾਏ ਦੀ ਇਜਾਰੇਦਾਰੀ ਉਤਪਾਦਨ ਦੀ
ਇਜਾਰੇਦਾਰੀ ਵਿਚ ਬਦਲ ਜਾਂਦੀ ਹੈ। ਸਰਮਾਏ ਅਤੇ ਉਤਪਾਦਨ (ਜੋ ਕੇ ਮਜ਼ਦੂਰ ਕਰਦੇ ਹਨ)
ਉਪਰ ਥੋੜੇ ਜਿਹੇ ਆਦਮੀਆਂ ਦਾ ਕੰਟਰੋਲ ਵਧਦਾ ਜਾਂਦਾ ਹੈ। ਇਸ ਦਾ ਨਤੀਜਾ ਇਹ ਨਿਕਲਦਾ
ਹੈ ਕਿ ਇਹ ਥੋੜੇ ਜਿਹੇ ਸਰਮਾਏਦਾਰ ਆਪਣੇ ਫੈਸਲੇ ਨਾਲ ਦੇਸ ਦੀ ਸਾਰੀ ਆਰਥਕਤਾ ਉਪਰ
ਅਸਰ ਪਾ ਸਕਦੇ ਹਨ, ਬਲਕਿ ਇਜਾਰੇਦਾਰੀ ਸਾਮਰਾਜੀ ਦੇਸ਼ਾਂ ਦੀ ਆਰਥਕਤਾ ਵਿਚ ਫੈਸਲਾਕੁਨ
ਰੋਲ ਅਦਾ ਕਰਦੀ ਹੈ।

**2. ਬੈਂਕ ਸਰਮਾਇਆ ਅਤੇ ਉਦਯੋਗਿਕ ਸਰਮਾਇਆ** ਮਿਲ ਕੇ ਵਿਤ ਸਰਮਾਏ ਦੇ
ਆਧਾਰ 'ਤੇ ਵਿਤ ਜੁੰਡੀ ਰਾਜ ਪੈਦਾ ਹੋ ਜਾਂਦੇ ਹਨ। (The merging of bank capital
with industrial capital and creation on the basis of this, of finance
capital, of a financial oligarchy.

ਬੈਂਕ ਮੁਖ ਰੂਪ ਵਿਚ ਵਿਹਲੇ ਪਏ ਪੈਸੇ ਨੂੰ ਹਰਕਤ ਵਿਚ ਲਿਆ ਕੇ ਅਤੇ ਇਸ ਨੂੰ ਸਰਮਾਏ ਵਿਚ
ਬਦਲ ਕੇ ਇਕ ਵਿਚੋਲੇ ਦਾ ਕੰਮ ਕਰਦੇ ਹਨ। ਜਦ ਬੈਂਕਾਂ ਦਾ ਵਿਕਾਸ ਹੁੰਦਾ ਹੈ ਤਾਂ ਉਤਪਾਦਨ
ਦੀ ਤਰ੍ਹਾਂ ਇਨ੍ਹਾਂ ਦਾ ਵੀ ਇਕਤਰੀਕਰਨ ਅਤੇ ਕੰਟਰੋਲ ਥੋੜੀਆਂ ਜਿਹੀਆਂ ਸੰਸਥਾਵਾਂ ਪਾਸ ਰਹਿ
ਜਾਂਦਾ ਹੈ, ਜਿਸ ਨਾਲ ਬੈਂਕ ਇਕ ਵਿਚੋਲੇ ਤੋਂ ਤਾਕਤਵਾਰ ਇਜਾਰੇਦਾਰੀ ਵਿਚ ਬਦਲ ਜਾਂਦੇ ਹਨ।
ਇਨ੍ਹਾਂ ਦੀ ਕਮਾਂਡ ਹੇਠਾਂ ਬਹੁਤ ਸਾਰਾ ਸਰਮਾਇਆ ਆ ਜਾਂਦਾ ਹੈ। ਬੈਂਕ ਕਈ ਛੋਟੇ ਵੱਡੇ
ਸਰਮਾਏਦਾਰਾਂ ਦਾ ਸਰਮਾਇਆ ਇਕੱਠਾ ਕਰ ਦਿੰਦੇ ਹਨ, ਜਿਸ ਨਾਲ ਇਹਨਾਂ ਦਾ ਉਤਪਾਦਨ ਦੇ
ਸਾਧਨਾਂ ਉਪਰ ਕੰਟਰੋਲ ਕਾਫੀ ਵਧ ਜਾਂਦਾ ਹੈ। ਵੱਡੇ ਬੈਂਕ ਛੋਟੇ ਬੈਂਕਾਂ ਨੂੰ ਕਈ ਤਰੀਕੇ ਵਰਤ ਕੇ
ਆਪਣੇ ਕੰਟਰੋਲ ਹੇਠਾਂ ਕਰ ਕੇ ਆਪਣੇ ਵਿਚ ਮਿਲਾ ਲੈਂਦੇ ਹਨ, ਜਿਸ ਨਾਲ ਵੱਡੇ ਬੈਂਕਾਂ ਦਾ
ਸਰਮਾਇਆ ਬਹੁਤ ਜ਼ਿਆਦਾ ਹੋ ਜਾਂਦਾ ਹੈ। ਅਸਲ ਵਿਚ ਬੈਂਕ ਖਿੰਡੇ ਪੁੰਡੇ ਸਰਮਾਏਦਾਰਾਂ ਨੂੰ
ਇਕੱਠਾ ਕਰ ਕੇ ਇਕ ਸਮੂਹਿਕ (collective) ਸਰਮਾਏਦਾਰ ਵਿਚ ਬਦਲ ਦਿੰਦੇ ਹਨ। ਜਦ ਇਨ੍ਹਾਂ
ਬੈਂਕਾਂ ਦੇ ਕੰਮ ਦਾ ਖੇਤਰ ਵਧਦਾ ਜਾਂਦਾ ਹੈ ਤਾਂ ਇਨ੍ਹਾਂ ਦੀ ਮਹੱਤਤਾ ਵੀ ਵਧਦੀ ਜਾਂਦੀ ਹੈ।

ਥੋੜੇ ਜਿਹੇ ਸਰਮਾਏਦਾਰ ਬੈਂਕਾਂ ਉਪਰ ਆਪਣਾ ਕੰਟਰੋਲ ਕਰ ਕੇ ਇਨ੍ਹਾਂ ਦੀਆਂ ਕਰਜ਼ਾ ਨੀਤੀਆਂ
ਰਾਹੀਂ ਸਾਰੀ ਆਰਥਕਤਾ ਉਪਰ ਆਪਣਾ ਕੰਟਰੋਲ ਵਧਾ ਲੈਂਦੇ ਹਨ। ਬੈਂਕ ਸਰਮਾਏ ਦੇ
ਇਕਤਰੀਕਰਨ ਦੀ ਵਿਧੀ ਨੂੰ ਤੇਜ਼ ਕਰ ਦਿੰਦੇ ਹਨ ਅਤੇ ਇਸ ਤਰ੍ਹਾਂ ਇਜਾਰੇਦਾਰੀ ਦਾ ਵਿਕਾਸ
ਹੋਰ ਵੀ ਤੇਜ਼ ਹੋ ਜਾਂਦਾ ਹੈ।

ਆਰਥਕ ਵਿਕਾਸ ਨਾਲ ਬੈਂਕਾਂ ਅਤੇ ਉਦਯੋਗਿਕ ਸਰਮਾਏ ਵਿਚ ਨੇੜੇ ਦੇ ਸਬੰਧ ਪੈਦਾ ਹੋ ਜਾਂਦੇ
ਹਨ। ਬੈਂਕ ਉਦਯੋਗਿਕ ਸੰਸਥਾਵਾਂ ਦੇ ਬਿੱਲਾਂ ਦਾ ਭੁਗਤਾਨ ਕਰਦੇ ਹਨ ਅਤੇ ਉਨ੍ਹਾਂ ਦੀ ਤਰਫ਼

ਦੇ ਬਿੱਲ ਲੇ ਲੈਂਦੇ ਹਨ । ਇਸ ਤਰ੍ਹਾਂ ਇਕ ਬੈਂਕ ਨੂੰ ਉਦਯੋਗਿਕ ਸੰਸਥਾ ਦੇ ਸਾਰੇ ਗਾਹਕਾਂ ਅਤੇ ਕੰਮਾਂ ਕਾਰਾਂ ਦਾ ਪਤਾ ਚਲ ਜਾਂਦਾ ਹੈ । ਕਿਉਂਕਿ ਇਕ ਬੈਂਕ ਦੀਆਂ ਕਈ ਉਦਯੋਗਿਕ ਸੰਸਥਾਵਾਂ ਗਾਹਕ ਹੁੰਦੀਆਂ ਹਨ, ਇਸ ਕਰਕੇ ਬੈਂਕ ਦਾ ਉਨ੍ਹਾਂ ਸਾਰੀਆਂ ਸੰਸਥਾਵਾਂ ਨਾਲ ਗਹਿਰਾ ਸਬੰਧ ਅਤੇ ਜਾਣਕਾਰੀ ਪੈਦਾ ਹੋ ਜਾਂਦੀ ਹੈ । ਇਸ ਤਰ੍ਹਾਂ ਇਕ ਬੈਂਕ ਆਪਣੇ ਕਿਸੇ ਫੈਸਲੇ ਨਾਲ ਕਈਆਂ ਉਦਯੋਗਿਕ ਸੰਸਥਾਵਾਂ ਦੇ ਕੰਮ ਕਾਰ 'ਤੇ ਅਸਰ ਪਾ ਸਕਦਾ ਹੈ । ਇਸ ਤਰ੍ਹਾਂ ਸਨਅਤੀ ਸਰਮਾਏਦਾਰ ਪੂਰੀ ਤਰ੍ਹਾਂ ਬੈਂਕਾਂ ਦਾ ਮੁਥਾਜ ਬਣ ਜਾਂਦੇ ਹਨ ।

ਇਸ ਦੇ ਨਾਲ ਹੀ ਬੈਂਕਾਂ ਵਿਚ ਅਤੇ ਉਦਯੋਗਿਕ ਅਤੇ ਵਪਾਰਕ ਸੰਸਥਾਵਾਂ ਵਿਚ ਨੇੜੇ ਦੇ ਸਬੰਧ ਪੈਦਾ ਹੋ ਜਾਂਦੇ ਹਨ ਅਤੇ ਅੰਤ ਵਿਚ ਆਪਸ ਵਿਚ ਮਿਲ ਜਾਂਦੇ ਹਨ । ਇਹ ਇਕ ਦੂਜੇ ਦੇ ਹਿੱਸੇ ਖ਼ਰੀਦ ਕੇ ਇਕ ਦੂਜੇ ਦੇ ਡਾਇਰੈਕਟਰਾਂ ਦੇ ਬੋਰਡ ਵਿਚ ਆਪਣੇ ਆਦਮੀ ਲਗਵਾ ਦਿੰਦੇ ਹਨ । ਇਸ ਤਰ੍ਹਾਂ ਬੈਂਕ ਉਦਯੋਗਿਕ ਅਤੇ ਵਪਾਰਕ ਸੰਸਥਾਵਾਂ ਵਿਚ ਅਤੇ ਉਦਯੋਗਿਕ ਤੇ ਵਪਾਰਕ ਸੰਸਥਾਵਾਂ, ਬੈਂਕਾਂ ਦੇ ਪ੍ਰਬੰਧਕੀ ਬੋਰਡਾਂ ਵਿਚ ਆਪਣਾ ਅਸਰ ਵਧਾ ਲੈਂਦੇ ਹਨ । ਹੌਲੀ ਹੌਲੀ ਇਨ੍ਹਾਂ ਸਬੰਧਾਂ ਵਿਚ ਸਰਕਾਰੀ ਨੌਕਰਸ਼ਾਹੀ ਵੀ ਆ ਜਾਂਦੀ ਹੈ ।

ਜਦ ਇਜਾਰੇਦਾਰੀ ਦਾ ਵਿਕਾਸ ਪੂਰੇ ਜ਼ੋਰਾਂ ਨਾਲ ਵਧਦਾ ਹੈ ਤਾਂ ਵਿਤ ਪ੍ਰਬੰਧਕਾਂ ਵਿਚ ਇਕ ਤਰ੍ਹਾਂ ਕੰਮ ਕਾਰ ਦੀ ਵੰਡ ਹੋ ਜਾਂਦੀ ਹੈ । ਬੈਂਕਾਂ ਦੇ ਪ੍ਰਾਂਤਕ ਮੈਨੇਜਰਾਂ ਨੂੰ ਨਿਸ਼ਚਤ ਸਨਅਤੀ ਇਲਾਕਿਆਂ ਵਿਚ ਵੰਡ ਦੇਣ ਨਾਲ, ਵੱਡੇ ਵੱਡੇ ਬੈਂਕਾਂ ਦੇ ਡਾਇਰੈਕਟਰ ਵੱਖ ਵੱਖ ਖੇਤਰਾਂ ਦੇ ਮਾਹਰ ਬਣ ਜਾਂਦੇ ਹਨ । ਕੰਮ ਦੀ ਵੰਡ ਦੋ ਸੇਧਾਂ ਵਿਚ ਹੁੰਦੀ ਹੈ : ਇਕ ਪਾਸੇ ਸਨਅਤਾਂ ਨਾਲ ਸਬੰਧ ਦਾ ਪੂਰਾ ਖੇਤਰ ਉਸ ਦੇ ਕਿਸੇ ਇਕ ਡਾਇਰੈਕਟਰ ਨੂੰ ਸੌਂਪ ਦਿਤਾ ਜਾਂਦਾ ਹੈ; ਦੂਜੇ ਪਾਸੇ ਹਰ ਡਾਇਰੈਕਟਰ ਲਈ ਵਖ ਵਖ ਕਾਰੋਬਾਰਾਂ ਜਾਂ ਸਨਅਤ ਦੀ ਕਿਸੇ ਇਕ ਸ਼ਾਖ ਵਿਚ ਕਾਰੋਬਾਰਾਂ ਦੇ ਕਿਸੇ ਇਕ ਗਰੁਪ ਦੀ ਦੇਖ ਭਾਲ ਦਾ ਕੰਮ ਸੌਂਪ ਦਿਤਾ ਜਾਂਦਾ ਹੈ । ਇਸ ਕੰਮ ਨੂੰ ਸਿਰੇ ਚੜ੍ਹਾਉਣ ਵਾਸਤੇ ਉਨ੍ਹਾਂ ਆਦਮੀਆਂ ਨੂੰ ਡਾਇਰੈਕਟਰ ਲਾਇਆ ਜਾਂਦਾ ਹੈ ਜੋ ਸਨਅਤੀ ਸਮੱਸਿਆਵਾਂ ਦੇ ਮਾਹਰ ਹੋਣ ਜਿਵੇਂ ਸਨਅਤਕਾਰ, ਸਾਬਕ ਅਫ਼ਸਰ ਆਦਿ ।

ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਕ ਪਾਸੇ ਬੈਂਕਾਂ ਅਤੇ ਸਨਅਤਾਂ ਦਾ ਸਰਮਾਇਆ ਆਪਸ ਵਿਚ ਰਲ ਮਿਲ ਜਾਂਦਾ ਹੈ ਅਤੇ ਦੂਜੇ ਪਾਸੇ ਬੈਂਕ ਸੱਚਮੁਚ ਹੀ "ਸਰਬ ਵਿਆਪੀ" ਸੰਸਥਾਵਾਂ ਦਾ ਰੂਪ ਧਾਰਨ ਕਰ ਲੈਂਦੇ ਹਨ । ਇਹ ਸਰਬ-ਵਿਆਪੀ ਸੰਸਥਾਵਾਂ ਸਨਅਤਾਂ ਅਤੇ ਖ਼ਾਸ ਕਰਕੇ ਛੋਟੀਆਂ ਸਨਅਤਾਂ ਉਪਰ ਹੁਕਮ ਚਲਾਉਂਦੇ ਹਨ । ਇਨ੍ਹਾਂ ਤੋਂ ਫਾਇਦਾ ਇਨ੍ਹਾਂ ਨਾਲ ਸਬੰਧਤ ਸਨਅਤਾਂ ਨੂੰ ਹੀ ਹੁੰਦਾ ਹੈ ।

ਬੈਂਕਾਂ ਦੇ ਅਤੇ ਸਨਅਤਾਂ ਦੇ ਸਰਮਾਏ ਦੇ ਇਕਮਿਕ ਹੋਣ ਨਾਲ, ਉਤਪਾਦਨ ਦੇ ਇਕਤਰੀਕਰਨ ਨਾਲ ਉਸ ਤੋਂ ਜੋ ਇਜਾਰੇਦਾਰੀ ਪੈਦਾ ਹੁੰਦੀ ਹੈ ਉਸ ਨਾਲ ਵਿਤ ਸਰਮਾਏ ਦੀ ਸਿਰਜਨਾ ਹੁੰਦੀ ਹੈ ।

ਜਿਨਸ ਦੀ ਪੈਦਾਵਾਰ ਅਤੇ ਨਿੱਜੀ ਮਾਲਕੀ ਦੀਆਂ ਆਮ ਹਾਲਤਾਂ ਅੰਦਰ, ਸਰਮਾਏਦਾਰ ਇਜਾਰੇਦਾਰੀਆਂ ਦਾ ਵਿਹਾਰਕ ਕੰਮ ਕਾਰ ਅਵੱਸ਼ ਤੌਰ 'ਤੇ ਮਾਲੀ ਜੁੰਡੀ ਦੇ ਰਾਜ ਦੇ ਦਾਬੇ ਦਾ ਰੂਪ ਧਾਰਨ ਕਰ ਲੈਂਦਾ ਹੈ । ਇਸ ਸਬੰਧ ਵਿਚ "ਹੋਲਡਿੰਗ ਸਿਸਟਮ" ਦਾ ਵਰਨਣ ਜ਼ਰੂਰੀ ਹੈ । ਕਾਰੋਬਾਰ ਦਾ ਮੁਖੀਆ, ਮੁਖ ਕੰਪਨੀ ਉਤੇ ਕੰਟਰੋਲ ਰਖਦਾ ਹੈ ਅਤੇ ਮੁਖ ਕੰਪਨੀ ਮਾਤਹਿਤ ਕੰਪਨੀਆਂ ਉਪਰ ਕੰਟਰੋਲ ਰਖਦੀ ਹੈ, ਜੋ ਕਿ ਹੋਰ ਮਾਤਹਿਤ ਕੰਪਨੀਆਂ ਉਪਰ ਆਪਣਾ ਕੰਟਰੋਲ ਰਖਦੀਆਂ ਹਨ । ਇਸ ਤਰ੍ਹਾਂ ਮੁਕਾਬਲਤਨ ਥੋੜ੍ਹੇ ਸਰਮਾਏ ਨਾਲ ਉਤਪਾਦਨ ਦੇ ਵੱਡੇ ਖੇਤਰ ਉਪਰ



ਵਾਧਾ ਰੱਖਣਾ ਸੌਖਾ ਹੋ ਜਾਂਦਾ ਹੈ । ਜੇ ਮੁਖੀ ਕੰਪਨੀ ਦਾ 51 ਫੀ ਸਦੀ ਸਰਮਾਏ ਉਪਰ ਕੰਟਰੋਲ ਹੋਵੇ ਤਾਂ ਇਸ ਨਾਲ ਕਈ ਮਾਤਹਿਤ ਅਤੇ ਦੂਜੇ ਦਰਜੇ ਦੀਆਂ ਕੰਪਨੀਆਂ ਉਪਰ ਕੰਟਰੋਲ ਕੀਤਾ ਜਾ ਸਕਦਾ ਹੈ ।

"ਹੋਲਡਿੰਗ ਪ੍ਰਬੰਧ" ਨਾਲ ਇਜਾਰੇਦਾਰਾਂ ਦੀ ਬੇਹਦ ਸ਼ਕਤੀ ਹੀ ਨਹੀਂ ਵਧਦੀ ਸਗੋਂ ਇਸ ਨਾਲ ਉਹਨਾਂ ਦੀ ਹੇਰਾਫੇਰੀ ਅਤੇ ਜਨਤਾ ਨੂੰ ਧੋਖਾ ਦੇਣ ਦੀ ਯੋਗਤਾ ਵੀ ਬਹੁਤ ਵਧ ਜਾਂਦੀ ਹੈ । ਇਜਾਰੇਦਾਰ ਆਪਣੀ ਇਸ ਸ਼ਕਤੀ ਅਤੇ ਯੋਗਤਾ ਨਾਲ ਹੋਰ ਵੀ ਮਜ਼ਬੂਤ ਹੋ ਜਾਂਦੇ ਹਨ । ਇਸ ਨਾਲ ਵਿਤ ਸਰਮਾਏ ਦਾ ਵਿਕਾਸ ਹੁੰਦਾ ਹੈ ਅਤੇ ਵਿਤ ਜੁੰਡੀਰਾਜ ਦਾ ਦਾਬਾ ਵਧਦਾ ਜਾਂਦਾ ਹੈ ।

ਜਦ ਬੈਂਕਾਂ ਅਤੇ ਸਨਅਤਾਂ ਦੇ ਸਰਮਾਏ ਦੇ ਮਿਲਣ ਨਾਲ ਇਜਾਰੇਦਾਰਾਂ ਦੀ ਤਾਕਤ ਵਧਦੀ ਹੈ ਤਾਂ ਇਸ ਨਾਲ ਵਿੱਤ ਜੁੰਡੀਰਾਜ ਪੈਦਾ ਹੁੰਦਾ ਹੈ ਜਿਸ ਨਾਲ ਵਿਤ ਸਰਮਾਏ ਦਾ ਵਿਕਾਸ ਬਹੁਤ ਵਧਦਾ ਜਾਂਦਾ ਹੈ । ਇਜਾਰੇਦਾਰੀ ਦੀ ਸ਼ਕਲ ਟਰੱਸਟਾਂ, ਕਾਰਟਲਾਂ ਅਤੇ ਸਿੰਡੀਕੇਟਾਂ ਦੇ ਰੂਪ ਵਿਚ ਵਧਦੀ ਜਾਂਦੀ ਹੈ । ਵਿੱਤ ਸਰਮਾਏ ਦੀ ਨੀਂਹ ਉਪਰ ਇਜਾਰੇਦਾਰੀ ਮਜ਼ਬੂਤ ਹੁੰਦੀ ਜਾਂਦੀ ਹੈ । ਇਸ ਨਾਲ ਥੋੜ੍ਹੇ ਇਜਾਰੇਦਾਰਾਂ ਪਾਸ ਤਾਕਤ ਬਹੁਤ ਜ਼ਿਆਦਾ ਇਕੱਠੀ ਹੋ ਜਾਂਦੀ ਹੈ ।

(3) ਸਰਮਾਏ ਦੀ ਬਰਾਮਦ (export of capital) : ਸਰਮਾਏਦਾਰੀ ਦੀ ਪਹਿਲੀ ਸਟੇਜ ਵਿਚ ਜਿਨਸਾਂ ਦੀ ਬਰਾਮਦ ਦਾ ਅਹਿਮ ਰੋਲ ਸੀ । ਪਰ ਇਜਾਰੇਦਾਰ ਸਰਮਾਏਦਾਰੀ ਦੇ ਹਾਲਾਤ ਵਿਚ ਅਹਿਮ ਰੋਲ ਸਰਮਾਏ ਦੀ ਬਰਾਮਦ ਦਾ ਬਣ ਜਾਂਦਾ ਹੈ । ਸਾਮਰਾਜਵਾਦੀ ਦੇਸ਼ਾਂ ਤੋਂ ਪਛੜੇ ਦੇਸ਼ਾਂ ਨੂੰ ਸਰਮਾਇਆ ਬਰਾਮਦ ਕੀਤਾ ਜਾਂਦਾ ਹੈ । ਇਹਨਾਂ ਪਛੜੇ ਦੇਸ਼ਾਂ ਵਿਚ ਮੁਨਾਫ਼ੇ ਦੀ ਦਰ ਬਹੁਤ ਜ਼ਿਆਦਾ ਹੁੰਦੀ ਹੈ । ਪਰ ਸਾਮਰਾਜੀ ਦੇਸ਼ਾਂ ਵਿਚ ਇਜ਼ਾਰੇਦਾਰੀ ਕਾਰਨ ਸਰਮਾਏ ਦੀ ਬਹੁਲਤਾ ਪੈਦਾ ਹੋ ਜਾਂਦੀ ਹੈ, ਜਿਸ ਨਾਲ ਇਹਨਾਂ ਦੇਸ਼ਾਂ ਵਿਚ ਮੁਨਾਫ਼ੇ ਦੀ ਦਰ ਘਟ ਜਾਂਦੀ ਹੈ ਤਾਂ ਇਸ ਹਾਲਤ ਵਿਚ ਸਰਮਾਇਆ ਪਛੜੇ ਦੇਸ਼ਾਂ ਨੂੰ ਬਰਾਮਦ ਕੀਤਾ ਜਾਂਦਾ ਹੈ । ਸਰਮਾਏ ਦੀ ਬਰਾਮਦ ਦਾ ਮੰਤਵ ਵਧ ਮੁਨਾਫ਼ਾ ਕਮਾਉਣਾ ਹੁੰਦਾ ਹੈ ।

ਜਦ ਸਰਮਾਏ ਦੀ ਬਰਾਮਦ ਪਛੜੇ (ਬਸਤੀਵਾਦੀ) ਦੇਸ਼ਾਂ ਵਿਚ ਹੁੰਦੀ ਹੈ ਤਾਂ ਸਾਮਰਾਜਵਾਦੀ ਦੇਸ਼ ਇਸ ਤੋਂ ਹੋਰ ਵੀ ਕਈ ਫਾਇਦੇ ਉਠਾਉਂਦੇ ਹਨ । ਬਸਤੀਆਂ ਨੂੰ ਪਕੇ ਮਾਲ ਦੀ ਮੰਡੀ ਅਤੇ ਕੱਚੇ ਮਾਲ ਦੇ ਸੋਮੇਂ ਦੇ ਰੂਪ ਵਿਚ ਵਿਕਸਤ ਕਰਦੇ ਹਨ । ਇਸ ਦੇ ਇਲਾਵਾ ਇਨ੍ਹਾਂ ਦੇਸ਼ਾਂ ਦੇ ਮੁੱਖ ਆਰਥਕ ਅਦਾਰਿਆਂ ਉਪਰ ਵੀ ਸਾਮਰਾਜੀ ਇਜਾਰੇਦਾਰ ਆਪਣਾ ਕੰਟਰੋਲ ਵਧਾ ਲੈਂਦੇ ਹਨ ਜਿਸ ਨਾਲ ਇਨ੍ਹਾਂ ਦੇਸ਼ਾਂ ਦੇ ਆਰਥਕ ਜੀਵਨ ਉਪਰ ਉਨ੍ਹਾਂ ਦੀ ਜਕੜ ਵਧ ਜਾਂਦੀ ਹੈ ।

**4. ਸਰਮਾਏਦਾਰ ਜੁਟਾਂ ਵਿਚ ਸੰਸਾਰ ਦੀ ਵੰਡ (Division of the World among Capitalist Associations)** : ਇਜਾਰੇਦਾਰ ਜੁਟ, ਟਰੱਸਟ, ਕਾਰਟਲ ਅਤੇ ਸਿੰਡੀਕੇਟ ਬਣਾ ਕੇ ਪਹਿਲਾਂ ਘਰੇਲੂ ਮੰਡੀ ਨੂੰ ਆਪਸ ਵਿਚ ਵੰਡ ਲੈਂਦੇ ਹਨ ਅਤੇ ਉਸ ਤੋਂ ਬਾਅਦ ਵਿਦੇਸ਼ੀ ਮੰਡੀਆਂ ਦੀ ਵੰਡ ਵੀ ਕਰ ਲੈਂਦੇ ਹਨ । ਇਸ ਕੰਮ ਵਿਚ ਸਰਮਾਏ ਦੀ ਬਰਾਮਦ ਦਾ ਇਕ ਅਹਿਮ ਰੋਲ ਹੈ । ਸਰਮਾਏ ਦੀ ਬਰਾਮਦ ਨਾਲ ਬਸਤੀਵਾਦੀ ਸਬੰਧ ਅਤੇ ਪ੍ਰਭਾਵ ਦਾ ਖੇਤਰ ਦੋਵੇਂ ਹੀ ਵਧ ਜਾਂਦੇ ਹਨ । ਇਸ ਦੇ ਨਾਲ ਹੀ ਸੰਸਾਰ ਮੰਡੀ ਹੋਂਦ ਵਿਚ ਆ ਜਾਂਦੀ ਹੈ । ਇਸ ਹਾਲਤ ਵਿਚ ਅੰਤਰ-ਰਾਸ਼ਟਰੀ ਕਾਰਟਲ ਅਤੇ ਟਰਸਟਾਂ ਬਣ ਜਾਂਦੀਆਂ ਹਨ ਅਤੇ ਕੌਮਾਂਤਰੀ ਸਮਝੌਤੇ ਹੋ ਜਾਂਦੇ ਹਨ । ਇਨ੍ਹਾਂ ਸਮਝੌਤਿਆਂ ਦੇ ਤਹਿਤ ਹੀ ਸੰਸਾਰ ਮੰਡੀ ਦੀ ਵੰਡ ਹੋ ਜਾਂਦੀ ਹੈ । ਇਹ ਵੰਡ ਮੁਨਾਫ਼ਾ ਕਮਾਉਣ ਵਾਸਤੇ ਹੁੰਦੀ ਹੈ ਅਤੇ ਇਸ ਦਾ ਆਧਾਰ ਸਰਮਾਏ ਦੇ ਹਿੱਸੇ ਦੀ ਤਾਕਤ ਹੁੰਦੀ ਹੈ ਜੋ ਕਿ

ਆਰਥਕ ਅਤੇ ਸਿਆਸੀ ਵਿਕਾਸ ਨਾਲ ਬਦਲਦੀ ਰਹਿੰਦੀ ਹੈ।

**5. ਵੱਡੀਆਂ ਤਾਕਤਾਂ ਵਿਚਕਾਰ ਦੁਨੀਆਂ ਦੀ ਵੰਡ (Division of the World among the Great Powers)** ਸਾਮਰਾਜੀ ਤਾਕਤਾਂ ਦੁਨੀਆਂ ਨੂੰ ਆਪਸ ਵਿਚ ਵੰਡ ਲੈਂਦੀਆਂ ਹਨ। ਭਾਵੇਂ ਸਰਮਾਏਦਾਰੀ ਦੀ ਇਜਾਰੇਦਾਰ ਸਟੇਜ ਤੋਂ ਪਹਿਲਾਂ ਵੀ ਬਸਤੀਆਂ ਦੀ ਹੋਂਦ ਸੀ, ਪਰ ਇਸ ਸਟੇਜ ਵਿਚ ਪਹਿਲਾਂ ਨਾਲੋਂ ਬੁਨਿਆਦੀ ਫਰਕ ਹੈ। ਇਸ ਸਟੇਜ ਵਿਚ ਇਜਾਰੇਦਾਰ ਪੂਰੀ ਕੋਸ਼ਿਸ਼ ਕਰਦੇ ਹਨ ਕਿ ਆਪਣੇ ਵਿਰੋਧੀਆਂ ਤੋਂ ਹਰ ਮੌਕਾ ਖੋਹਿਆ ਜਾਵੇ। ਬਸਤੀਆਂ ਉਪਰ ਕਬਜ਼ਾ ਹੋਣ ਨਾਲ ਇਜਾਰੇਦਾਰੀਆਂ ਨੂੰ ਆਪਣੇ ਵਿਰੋਧੀਆਂ ਨਾਲ ਮੁਕਾਬਲੇ ਵਿਚ ਹਰ ਖੇਤਰ ਦੀ ਗਰੰਟੀ ਮਿਲਦੀ ਹੈ। ਜਿੰਨਾਂ ਜ਼ਿਆਦਾ ਸਰਮਾਏਦਾਰੀ ਦਾ ਵਿਕਾਸ ਹੁੰਦਾ ਹੈ ਉਨਾਂ ਹੀ ਜ਼ਿਆਦਾ ਕੱਚੇ ਮਾਲ ਦੀ ਘਾਟ ਮਹਿਸੂਸ ਹੁੰਦੀ ਹੈ ਅਤੇ ਉਨਾਂ ਹੀ ਵਧੇਰੇ ਬਸਤੀਆਂ ਨੂੰ ਹਥਿਆਉਣ ਦਾ ਘੋਲ ਤਿੱਖਾ ਹੁੰਦਾ ਹੈ।

ਵਿੱਤ ਸਰਮਾਏ ਦੀ ਦਿਲਚਸਪੀ ਕੱਚੇ ਮਾਲ ਦੇ ਸਿਰਫ਼ ਜਾਣੂ ਸੋਮਿਆਂ ਵਿਚ ਹੀ ਨਹੀਂ, ਸਗੋਂ ਛਪੇ ਹੋਏ ਸੋਮਿਆਂ ਵਿਚ ਵੀ ਹੁੰਦੀ ਹੈ। ਸਰਮਾਏ ਦੀ ਬਰਾਮਦ ਇਸ ਦਿਲਚਸਪੀ ਨੂੰ ਹੋਰ ਵਧਾ ਦਿੰਦੀ ਹੈ ਅਤੇ ਬਸਤੀਆਂ ਨੂੰ ਜਿੱਤਣ ਵਿਚ ਸਹਾਇਤਾ ਦਿੰਦੀ ਹੈ। ਇਸ ਨਾਲ ਬਸਤੀਆਂ ਵਿਚ ਇਜਾਰੇਦਾਰੀ ਢੰਗ ਵਰਤ ਕੇ ਵਿਰੋਧੀਆਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਅਤੇ ਮਾਲ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

ਵਿੱਤ ਸਰਮਾਏ ਦੇ ਆਧਾਰ ਉਪਰ ਜੋ ਅਨ-ਆਰਥਕ ਢਾਂਚਾ ਪੈਦਾ ਹੁੰਦਾ ਹੈ ਉਸ ਦੀ ਸਿਆਸਤ ਅਤੇ ਵਿਚਾਰਧਾਰਾ ਬਸਤੀਆਂ ਦੀ ਜਿੱਤ ਵਾਸਤੇ ਹੋਰ ਵੀ ਉਤਸ਼ਾਹ ਪੈਦਾ ਕਰਦੇ ਹਨ। ਵਿਤ ਸਰਮਾਏ ਨੂੰ ਆਜ਼ਾਦੀ ਵਾਲੀ ਨਹੀਂ, ਸਗੋਂ ਦਬਾਅ ਵਾਲੀ ਪੁਜ਼ੀਸ਼ਨ ਦੀ ਲੋੜ ਹੁੰਦੀ ਹੈ।

ਸਰਮਾਏਦਾਰੀ ਸਾਮਰਾਜਵਾਦ ਦੀ ਵਿਤ ਸਰਮਾਏ ਦੀ ਨੀਤੀ ਸੰਸਾਰ ਮੰਡੀ ਦੀ ਆਰਥਕ ਅਤੇ ਸਿਆਸੀ ਵੰਡ ਦੀ ਜਦੋ-ਜਹਿਦ ਦੀ ਨੀਤੀ ਹੁੰਦੀ ਹੈ। ਇਸ ਨਾਲ ਸਿਰਫ਼ ਬਸਤੀਆਂ ਹੀ ਨਹੀਂ ਸਗੋਂ ਕਈ ਤਰ੍ਹਾਂ ਦੀਆਂ ਆਰਜ਼ੀ ਕਿਸਮ ਦੀਆਂ ਰਿਆਸਤਾਂ ਪੈਦਾ ਹੋ ਜਾਂਦੀਆਂ ਹਨ ਜੋ ਰਸਮੀ ਤੌਰ 'ਤੇ ਆਜ਼ਾਦ ਹੁੰਦੀਆਂ ਹਨ, ਪਰ ਵਿੱਤ ਅਤੇ ਰਾਜਨੀਤਕ ਤੌਰ 'ਤੇ ਸਾਮਰਾਜ ਉਪਰ ਨਿਰਭਰ ਹੁੰਦੀਆਂ ਹਨ।

ਅਜੋਕੇ ਸਾਮਰਾਜਵਾਦ ਨੂੰ ਸਮਝਣ ਵਿਚ ਦੋ ਨੁਕਤੇ ਬਹੁਤ ਮਹੱਤਵਪੂਰਣ ਹਨ। **ਪਹਿਲੀ ਗੱਲ** ਇਹ ਹੈ ਕਿ ਸਾਮਰਾਜੀ ਦੇਸ਼ ਵਿਚ ਅੰਦਰੂਨੀ ਸਮਾਜਕ ਆਰਥਕ ਢਾਂਚੇ ਉਪਰ ਇਜਾਰੇਦਾਰੀ ਦਾ ਪੂਰਾ ਕੰਟਰੋਲ ਹੁੰਦਾ ਹੈ ਅਤੇ ਇਜਾਰੇਦਾਰੀ ਦੀ ਹਾਲਤ ਵਿਚ ਸਨਅਤੀ ਅਤੇ ਬੈਂਕਾਂ ਦੇ ਸਰਮਾਏ ਦੇ ਮਿਲ ਜਾਣ ਨਾਲ ਵਿੱਤ ਜੁੰਡੀ ਰਾਜ ਬਹੁਤ ਪ੍ਰਭਾਵਸ਼ਾਲੀ ਹੋ ਜਾਂਦੇ ਹਨ ਅਤੇ ਜੀਵਨ ਦੇ ਹਰ ਪਹਿਲੂ ਵਿਚ ਫ਼ੈਸਲਾਕੁਨ ਰੋਲ ਅਦਾ ਕਰਦੇ ਹਨ। **ਦੂਸਰੀ ਗੱਲ** ਹੈ ਸਾਮਰਾਜਵਾਦ ਦਾ ਵਿਦੇਸ਼ੀ ਪੱਖ। ਸਾਮਰਾਜੀ ਦੇਸ਼ਾਂ ਦੇ ਇਜਾਰੇਦਾਰ ਨਾ ਸਿਰਫ਼ ਆਪਣੇ ਦੇਸ਼ਾਂ ਦੀਆਂ ਮੰਡੀਆਂ ਨੂੰ ਹੀ ਆਪਸ ਵਿਚ ਵੰਡ ਕੇ ਉਨ੍ਹਾਂ ਨੂੰ ਇਜਾਰੇਦਾਰੀ ਢੰਗ ਨਾਲ ਲੁਟਦੇ ਹਨ, ਸਗੋਂ ਉਨ੍ਹਾਂ ਦਾ ਧਿਆਨ ਘਟ ਵਿਕਸਤ ਅਤੇ ਪਛੜੇ ਦੇਸ਼ਾਂ ਦੀਆਂ ਮੰਡੀਆਂ ਵਲ ਵੀ ਬਹੁਤ ਵਧ ਜਾਂਦਾ ਹੈ। ਉਨ੍ਹਾਂ ਦੇਸ਼ਾਂ ਵਿਚ ਆਪਣੇ ਸਰਮਾਏ ਦੀ ਬਰਾਮਦ ਕਰਦੇ ਹਨ। ਇਸ ਦੇ ਪਿਛੇ ਮੁਖ ਗੱਲ ਮੁਨਾਫ਼ੇ ਨੂੰ ਵਧਾਉਣ ਦੀ ਹੁੰਦੀ ਹੈ। ਉਹ ਇਨ੍ਹਾਂ ਦੇਸ਼ਾਂ ਦੀਆਂ ਮੰਡੀਆਂ ਉਪਰ ਕਬਜ਼ਾ ਕਰ ਕੇ ਆਪਣੇ ਮਾਲ ਨੂੰ ਵੇਚਦੇ ਹਨ ਅਤੇ ਇਨ੍ਹਾਂ ਨੂੰ ਕੱਚੇ ਮਾਲ ਦਾ ਸੋਮਾਂ ਬਣਾਉਂਦੇ ਹਨ। ਇਸ ਮਕਸਦ ਦੀ ਪੂਰਤੀ ਵਾਸਤੇ ਸਾਮਰਾਜੀ ਦੇਸ਼ ਘਟ



ਵਿਕਸਤ ਦੇਸ਼ਾਂ ਉਪਰ ਕਬਜ਼ਾ ਕਰ ਕੇ ਇਨ੍ਹਾਂ ਨੂੰ ਬਸਤੀਆਂ ਬਣਾ ਲੈਂਦੇ ਹਨ। ਕਿਉਂਕਿ ਸੰਸਾਰ ਪੱਧਰ 'ਤੇ ਕਈ ਸਾਮਰਾਜੀ ਦੇਸ਼ ਇਨ੍ਹਾਂ ਮੰਡੀਆਂ ਉਪਰ ਕਬਜ਼ਾ ਚਾਹੁੰਦੇ ਹਨ ਇਸ ਵਾਸਤੇ ਕੌਮਾਂਤਰੀ ਟਰਸਟਾਂ, ਸਿੰਡੀਕੇਟਾਂ ਅਤੇ ਕਾਰਟਲਾਂ ਵਿਚ ਕਈ ਤਰ੍ਹਾਂ ਦੇ ਸਮਝੌਤੇ ਹੁੰਦੇ ਹਨ ਜਿਨ੍ਹਾਂ ਦੇ ਤਹਿਤ ਇਨ੍ਹਾਂ ਦੇਸ਼ਾਂ ਦੀਆਂ ਮੰਡੀਆਂ ਅਤੇ ਹੱਦਾਂ ਦੀ ਵੰਡ ਹੋ ਜਾਂਦੀ ਹੈ। ਇਹ ਵੰਡ ਇਨ੍ਹਾਂ ਦੇਸ਼ਾਂ ਦੀ ਆਰਥਕ ਅਤੇ ਸਿਆਸੀ ਤਾਕਤ ਦੇ ਆਧਾਰ 'ਤੇ ਹੁੰਦੀ ਹੈ! ਇਸ ਦੇ ਬਦਲਣ ਨਾਲ ਦੁਬਾਰਾ ਵੰਡ ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਸੰਸਾਰ ਪੱਧਰ ਤੇ ਇਨ੍ਹਾਂ ਦੇਸ਼ਾਂ ਵਿਚ ਜਦੋ-ਜਹਿਦ ਚਲਦੀ ਹੈ। ਪਹਿਲੀ ਅਤੇ ਦੂਜੀ ਸੰਸਾਰ ਜੰਗ ਮੁਖ ਤੌਰ 'ਤੇ ਇਨ੍ਹਾਂ ਮੰਡੀਆਂ ਦੀ ਦੁਬਾਰਾ ਵੰਡ ਵਾਸਤੇ ਹੀ ਹੋਈ ਸੀ।

**ਸਾਮਰਾਜਵਾਦ ਤੋਂ ਨਵਸਾਮਰਾਜਵਾਦ**: ਪਹਿਲੀ ਸੰਸਾਰ ਜੰਗ ਸਮੇਂ ਰੂਸ ਵਿਚ 1917 ਵਿਚ ਸਮਾਜਵਾਦੀ ਇਨਕਲਾਬ ਆ ਗਿਆ ਜਿਸ ਨਾਲ ਰੂਸ ਸਰਮਾਏਦਾਰੀ ਢਾਂਚੇ ਤੋਂ ਕੱਟਿਆ ਗਿਆ। ਜਦ ਦੂਸਰੀ ਸੰਸਾਰ ਜੰਗ ਹੋਈ ਤਾਂ ਇਸ ਦਾ ਅਸਰ ਸਾਮਰਾਜਵਾਦ ਵਾਸਤੇ ਹੋਰ ਵੀ ਮਾੜਾ ਸਾਬਤ ਹੋਇਆ। ਇਸ ਤੋਂ ਨਾ ਸਿਰਫ਼ ਪੂਰਬੀ ਯੂਰਪ ਦੇ ਦੇਸ਼ ਹੀ ਸਗੋਂ ਚੀਨ ਵੀ ਇਨਕਲਾਬ (1949) ਕਾਰਨ ਸਰਮਾਏਦਾਰੀ ਢਾਂਚੇ ਤੋਂ ਕੱਟਿਆ ਗਿਆ। ਦੂਜੀ ਸੰਸਾਰ ਜੰਗ ਵਿਚ ਜਾਪਾਨੀ ਅਤੇ ਜਰਮਨ ਸਾਮਰਾਜਵਾਦ ਦੀ ਹਾਰ ਹੋਈ ਅਤੇ ਬਰਤਾਨੀਆਂ, ਫ਼ਰਾਂਸ ਆਦਿ ਸਾਮਰਾਜੀ ਤਾਕਤਾਂ ਵੀ ਕਮਜ਼ੋਰ ਹੋ ਗਈਆਂ। ਇਸ ਕਰਕੇ ਪਹਿਲੀਆਂ ਸਾਮਰਾਜੀ ਤਾਕਤਾਂ ਜੋ ਕਿ ਕਮਜ਼ੋਰ ਹੋ ਚੁਕੀਆਂ ਸਨ, ਵਾਸਤੇ ਆਪਣੀਆਂ ਬਸਤੀਆਂ ਨੂੰ ਕੰਟਰੋਲ ਕਰਨਾ ਔਖਾ ਹੋ ਗਿਆ। ਦੂਜੀ ਸੰਸਾਰ ਜੰਗ ਤੋਂ ਬਾਅਦ ਸਰਮਾਏਦਾਰੀ ਦੇਸ਼ਾਂ ਵਿਚੋਂ ਅਮਰੀਕਾ ਸਭ ਤੋਂ ਵੱਧ ਤਾਕਤਵਰ ਬਣ ਕੇ ਸਾਹਮਣੇ ਆਇਆ।

ਇਸ ਨਾਲ ਹੀ ਸਮਾਜਵਾਦੀ ਦੇਸ਼ਾਂ ਦੀ ਗਿਣਤੀ ਅਤੇ ਤਾਕਤ ਵੀ ਵਧ ਗਈ ਅਤੇ ਸਾਮਰਾਜ-ਵਾਦੀ ਦੇਸ਼ਾਂ ਦੇ ਕਾਰੋਬਾਰ ਦਾ ਕਾਫ਼ੀ ਹਿੱਸਾ ਕਟਿਆ ਗਿਆ। ਸਮਾਜਵਾਦੀ ਦੇਸ਼ਾਂ ਦੇ ਫਰੰਟ ਦੀ ਵਧਦੀ ਤਾਕਤ ਸਾਮਰਾਜਵਾਦੀ ਤਾਕਤਾਂ ਦੇ ਮੁਕਾਬਲੇ ਲਈ ਕੌਮਾਂਤਰੀ ਪੱਧਰ 'ਤੇ ਇਕ ਬਦਲ ਅਤੇ ਇਕ ਖ਼ਤਰਾ ਬਣ ਗਈ।

ਇਸ ਦੇ ਨਾਲ ਹੀ ਬਸਤੀਆਂ ਵਿਚ ਕੌਮੀ ਆਜ਼ਾਦੀ ਦੀਆਂ ਲਹਿਰਾਂ ਜ਼ੋਰ ਫੜ ਗਈਆਂ। ਇਨ੍ਹਾਂ ਲਹਿਰਾਂ ਕਾਰਨ ਬਹੁਤ ਬਾਰੇ ਦੇਸ਼ਾਂ ਨੇ ਜੋ ਪਹਿਲਾਂ ਸਾਮਰਾਜ ਦੀਆਂ ਬਸਤੀਆਂ ਸਨ, ਸਿਆਸੀ ਆਜ਼ਾਦੀ ਹਾਸਲ ਕਰ ਲਈ। ਇਹਨਾਂ ਨੂੰ ਤੀਜੀ ਦੁਨੀਆਂ ਦੇ ਦੇਸ਼ ਵੀ ਕਿਹਾ ਜਾਂਦਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਕਰਕੇ ਸਾਮਰਾਜ ਦੀ ਪਹਿਲੇ ਵਾਲੀ ਪੁਜ਼ੀਸ਼ਨ ਨਹੀਂ ਰਹੀ। ਇਸ ਪਾਸ ਪਹਿਲੇ ਦੀ ਤਰ੍ਹਾਂ ਸਿਧੇ ਰੂਪ ਵਿਚ ਬਸਤੀਆਂ ਨਹੀਂ ਰਹੀਆਂ (ਇਹ ਸਿਆਸੀ ਤੌਰ 'ਤੇ ਆਜ਼ਾਦੀ ਹਾਸਲ ਕਰ ਚੁਕੀਆਂ ਹਨ) ਅਤੇ ਨਾ ਹੀ ਸਿੱਧੇ ਰੂਪ ਵਿਚ ਬਸਤੀਆਂ ਦੀਆਂ ਮੰਡੀਆਂ ਉਪਰ ਇਨ੍ਹਾਂ ਦਾ ਕੰਟਰੋਲ ਰਿਹਾ ਹੈ। ਸਿਧੇ ਰੂਪ ਵਿਚ ਬਸਤੀਆਂ 'ਤੇ ਕਬਜ਼ਾ ਕਰਨਾ ਔਖਾ ਹੀ ਨਹੀਂ, ਹੁਣ ਅਸੰਭਵ ਵੀ ਹੋ ਗਿਆ ਹੈ।

ਇਸ ਬਦਲੀ ਹੋਈ ਹਾਲਤ ਵਿਚ ਸਾਮਰਾਜਵਾਦ ਨੇ ਆਪਣੇ ਢੰਗ ਤਰੀਕੇ ਵੀ ਬਦਲ ਲਏ ਹਨ। ਇਸ ਨਾਲ ਇਸ ਦਾ ਰੂਪ ਵੀ ਬਦਲਿਆ ਨਜ਼ਰ ਆ ਰਿਹਾ ਹੈ। ਇਸ ਬਦਲੀ ਹਾਲਤ ਵਿਚ ਸਾਮਰਾਜਵਾਦ ਦੇ ਬਦਲੇ ਰੂਪ ਨੂੰ ਨਵ-ਸਾਮਰਾਜਵਾਦ ਆਖਦੇ ਹਨ।[1] ਨਵ-ਸਾਮਰਾਜਵਾਦ ਦੀ ਨੀਤੀ ਸਾਮਰਾਜਵਾਦ ਦੀ ਤਰ੍ਹਾਂ ਹੀ ਹੈ। ਇਸ ਦਾ ਮੂਲ ਉਦੇਸ਼ ਘਟ ਵਿਕਸਤ ਦੇਸ਼ਾਂ ਉਪਰ ਆਪਣਾ

ਦਾਬਾ ਵਧਾਉਣਾ ਅਤੇ ਉਨ੍ਹਾਂ ਦੇ ਆਰਥਕ ਸਾਧਨਾਂ ਦੀ ਲੁਟ ਕਰਨਾ ਹੈ। ਕਿਉਂਕਿ ਸਿਧੇ ਢੰਗ ਨਾਲ ਜਾਂ ਸਿਆਸੀ ਰੂਪ ਵਿਚ ਬਸਤੀਆਂ ਉਪਰ ਕੰਟਰੋਲ ਨਹੀਂ ਕੀਤਾ ਜਾ ਸਕਦਾ, ਇਸ ਕਰਕੇ ਅਸਿਧੇ ਢੰਗ ਨਾਲ ਇਨ੍ਹਾਂ ਦੇਸ਼ਾਂ ਉਪਰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨੂੰ ਨਵ-ਬਸਤੀਵਾਦ ਆਖਦੇ ਹਨ।

ਨਵ-ਸਾਮਰਾਜਵਾਦੀ ਦੇਸ਼ਾਂ ਦੇ ਅੰਦਰੂਨੀ ਢਾਂਚੇ ਵਿਚ ਪਹਿਲੇ ਦੀ ਤਰ੍ਹਾਂ ਹੀ ਇਜਾਰੇਦਾਰ ਸਰਮਾਏਦਾਰੀ ਦਾ ਕੰਟਰੋਲ ਹੈ ਅਤੇ ਇਜਾਰੇਦਾਰੀ ਜੀਵਨ ਦੇ ਹਰ ਪੱਖ ਵਿਚ ਫ਼ੈਸਲਾਕੁਨ ਰੋਲ ਅਦਾ ਕਰਦੀ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਇਕ ਅਹਿਮ ਗੱਲ ਇਹ ਹੋਈ ਹੈ ਕਿ ਇਜਾਰੇਦਾਰ ਕੰਪਨੀਆਂ ਜੋ ਕਿ ਕਈਆਂ ਦੇਸ਼ਾਂ ਵਿਚ ਕੰਮ ਕਰਦੀਆਂ ਹਨ, ਇਕ ਤਾਕਤਵਾਰ ਸ਼ਕਤੀ ਬਣ ਕੇ ਸਾਹਮਣੇ ਆਈਆਂ ਹਨ। ਕੌਮਾਂਤਰੀ ਪੱਧਰ 'ਤੇ ਇਕ ਹੀ ਕੰਪਨੀ ਜਾਂ ਥੋਹੜੀਆਂ ਜਿਹੀਆਂ ਕੰਪਨੀਆਂ ਕਈ ਦੇਸ਼ਾਂ ਦੇ ਆਰਥਕ ਢਾਂਚੇ ਉਪਰ ਆਪਣਾ ਕੰਟਰੋਲ ਬਣਾ ਲੈਂਦੀਆਂ ਹਨ। ਇਹਨਾਂ ਕੰਪਨੀਆਂ ਨੂੰ ਬਹੁਕੌਮੀ ਕਾਰਪੋਰੇਸ਼ਨਾਂ (Multinationals) ਵੀ ਆਖਦੇ ਹਨ। ਇਨ੍ਹਾਂ ਕੰਪਨੀਆਂ ਦੀ ਰਚੀ ਸਿਰਫ਼ ਇਕ ਦੇਸ਼ ਵਿਚ ਹੀ ਨਹੀਂ ਸਗੋਂ ਇਕ ਹੀ ਸਮੇਂ ਕਈ ਦੇਸ਼ਾਂ ਵਿਚ ਹੁੰਦੀ ਹੈ। ਇਨ੍ਹਾਂ ਦੇ ਵਿਕਾਸ ਨਾਲ ਕੌਮਾਂਤਰੀ ਪੱਧਰ 'ਤੇ ਸਰਮਾਏ ਦੀ ਇਕੱਤਰਤਾ ਅਤੇ ਕੇਂਦਰੀਕਰਨ ਵਿਚ ਵਾਧਾ ਹੋਇਆ ਹੈ। ਜੀ. ਐਡਮ (G. Adam)[2] ਅਨੁਸਾਰ ਬਹੁਕੌਮੀ ਕਾਰਪੋਰੇਸ਼ਨਾਂ ਦੀਆਂ ਇਹ ਵਿਸ਼ੇਸ਼ਤਾਈਆਂ ਹਨ : (1) ਇਹ ਦੂਜੇ ਦੇਸ਼ਾਂ ਵਿਚ ਆਪਣੀਆਂ ਸਹਾਇਕ ਕੰਪਨੀਆਂ ਬਣਾਉਂਦੀਆਂ ਹਨ, ਜਿੰਨ੍ਹਾਂ ਦਾ ਮੁਖ ਉਦੇਸ਼ ਆਪਣੇ ਪੈਦਾਇਸ਼ੀ ਦੇਸ਼ਾਂ ਵਿਚ ਉਤਪਾਦਨ ਦੀ ਪੂਰਤੀ ਕਰਨਾ ਹੁੰਦਾ ਹੈ। (2) ਇਹ ਆਪਣੇ ਨਾਲ ਸਬੰਧਤ ਕੰਪਨੀਆਂ ਦੇ ਇਕ ਜਟਲ ਅਤੇ ਚਤੁਰ ਤਾਣੇ-ਪੇਟੇ ਨਾਲ ਸਹੀ ਅਰਥਾਂ ਵਿਚ ਆਪਣੇ ਵਪਾਰਕ ਰਾਜ ਦਾ ਸੰਗਠਨ ਕਰਦੀਆਂ ਹਨ। (3) ਇਹ ਆਪਣੇ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਨਾਲ ਸੰਸਾਰਕ ਪੱਧਰ 'ਤੇ ਕੇਂਦਰੀ ਯੋਜਨਾਬੰਦੀ ਦੇ ਢੰਗ ਨਾਲ ਆਪਣੀ ਵਪਾਰਕ ਨੀਤੀ ਲਾਗੂ ਕਰਦੀਆਂ ਹਨ।

ਇਸ ਤਰ੍ਹਾਂ ਅੱਜ ਦੇ ਸਮੇਂ ਵਿਚ ਬਹੁਕੌਮੀ ਕਾਰਪੋਰੇਸ਼ਨਾਂ ਸਾਮਰਾਜਵਾਦ ਦਾ ਪ੍ਰਤੀਕ ਅਤੇ ਹੱਥਠੋਕਾ ਹਨ। ਇਨ੍ਹਾਂ ਕਾਰਪੋਰੇਸ਼ਨਾਂ ਦੇ ਵਿਕਾਸ ਨਾਲ ਕੌਮਾਂਤਰੀ ਵਿੱਤ ਸੰਸਥਾਵਾਂ ਜਿਵੇਂ ਕੌਮਾਂਤਰੀ ਮੁਦਰਾ ਕੋਸ਼ (International Monetary Fund), ਸੰਸਾਰ ਬੈਂਕ (World Bank) ਦਾ ਵਿਕਾਸ ਹੋਇਆ ਹੈ। ਇਨ੍ਹਾਂ ਵਿੱਤ ਸੰਸਥਾਵਾਂ ਦੇ ਕੰਮ ਕਾਰ ਦਾ ਖੇਤਰ ਅਤੇ ਇਨ੍ਹਾਂ ਦਾ ਰੋਲ ਵੀ ਦਿਨ ਬਦਿਨ ਵਧਦਾ ਜਾ ਰਿਹਾ ਹੈ। ਇਨ੍ਹਾਂ ਸੰਸਥਾਵਾਂ ਦੀ ਮਹੱਤਤਾ ਕਈ ਕੌਮੀ ਰਿਆਸਤਾਂ ਨਾਲੋਂ ਵੀ ਜ਼ਿਆਦਾ ਹੈ। ਇਹ ਸੰਸਥਾਵਾਂ ਸੰਸਾਰ ਪੱਧਰ 'ਤੇ ਕੰਮ ਕਾਰ ਕਰਦੀਆਂ ਹਨ ਅਤੇ ਕੌਮਾਂਤਰੀ ਸਰਮਾਏ ਵਲੋਂ ਪਛੜੇ ਤੇ ਘਟ ਵਿਕਸਤ ਦੇਸ਼ਾਂ ਉਪਰ ਦਬਾਅ ਪਾਉਂਦੀਆਂ ਹਨ। ਇਹ ਇਨ੍ਹਾਂ ਦੇਸ਼ਾਂ ਬਾਰੇ ਗੁਪਤ ਰਿਪੋਰਟਾਂ ਤਿਆਰ ਕਰਵਾਉਂਦੀਆਂ ਹਨ ਅਤੇ ਕੌਮਾਂਤਰੀ ਸਰਮਾਏ ਦੇ ਪੱਖ ਵਿਚ ਇਨ੍ਹਾਂ ਨੂੰ ਨਸੀਹਤ ਦੇਂਦੀਆਂ ਹਨ। ਇਨ੍ਹਾਂ ਦੇਸ਼ਾਂ ਨੂੰ ਆਰਥਕ ਸਹਾਇਤਾ ਦੇਂਦੇ ਸਮੇਂ ਕਈ ਕਿਸਮ ਦੀਆਂ ਸ਼ਰਤਾਂ ਲਾਈਆਂ ਜਾਂਦੀਆਂ ਹਨ, ਜੋ ਕਿ ਕੌਮਾਂਤਰੀ ਸਰਮਾਏ ਦੇ ਹੱਕ ਵਿਚ ਹੁੰਦੀਆਂ ਹਨ।[3] ਇਨ੍ਹਾਂ ਕੌਮਾਂਤਰੀ ਵਿੱਤ ਸੰਸਥਾਵਾਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦਾ ਆਪਸ ਵਿਚ ਗਹਿਰਾ ਸਬੰਧ ਹੈ। ਇਨ੍ਹਾਂ ਸੰਸਥਾਵਾਂ ਕੋਲ ਵਿੱਤ ਸਾਧਨਾਂ ਦਾ ਵੱਡਾ ਹਿੱਸਾ ਇਨ੍ਹਾਂ ਕਾਰਪੋਰੇਸ਼ਨਾਂ ਦੇ ਫੰਡ ਹਨ। ਇਸ ਪੈਸੇ ਨਾਲ ਇਹ ਸੰਸਥਾਵਾਂ, ਘਟ-ਵਿਕਸਤ ਦੇਸ਼ਾਂ ਵਿਚ ਨਿਜੀ ਕਾਰਪੋਰੇਸ਼ਨ ਖੇਤਰ ਵਿਚ ਸਰਮਾਏ ਨੂੰ ਉਤਸ਼ਾਹ ਦਿੰਦੀਆਂ ਹਨ। ਇਨ੍ਹਾਂ ਸੰਸਥਾਂਵਾਂ ਦੀਆਂ ਮੁਖ ਕਾਰਜਕਾਰੀ



ਪੁਜ਼ੀਸ਼ਨਾਂ ਉਪਰ ਵੀ ਇਨ੍ਹਾਂ ਕਾਰਪੋਰੇਸ਼ਨਾਂ ਦੇ ਆਦਮੀਆਂ ਦਾ ਬੋਲਬਾਲਾ ਹੈ। ਮਿਸਾਲ ਦੇ ਤੌਰ ਤੇ
ਸੰਸਾਰ ਬੈਂਕ ਜੋ ਕਿ "ਸੰਸਾਰ ਬੈਂਕ ਗਰੁਪ" (ਜਿਸ ਵਿਚ ਸੰਸਾਰ ਬੈਂਕ, ਕੌਮਾਂਤਰੀ ਵਿੱਤ ਕਾਰ-
ਪੋਰੇਸ਼ਨ, ਕੌਮਾਂਤਰੀ ਵਿਕਾਸ ਐਸੋਸੀਏਸ਼ਨ ਹਨ) ਦਾ ਸਰਦਾਰ ਹੈ ਦੇ ਪ੍ਰਧਾਨ ਦਾ ਔਹਦਾ 1949
ਤੋਂ ਲੈ ਕੇ 1968 ਤਕ ਹਮੇਸ਼ਾਂ ਹੀ ਇਨ੍ਹਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਕਾਰਜਕਾਰੀ ਨੁਮਾਇੰ-
ਦਿਆਂ ਕੋਲ ਰਿਹਾ ਹੈ।[4] ਇਸ ਤਰ੍ਹਾਂ ਕੌਮਾਂਤਰੀ ਪੱਧਰ 'ਤੇ ਸਨਅਤੀ ਅਤੇ ਬੈਂਕਾਂ ਦੇ ਸਰਮਾਇਆ ਦੇ
ਮਿਲਣ ਨਾਲ, ਇਜਾਰੇਦਾਰੀਆਂ ਹੋਰ ਵੀ ਮਜ਼ਬੂਤ ਹੋ ਗਈਆਂ ਹਨ। ਇਨ੍ਹਾਂ ਦੇ ਆਧਾਰ ਉਪਰ
ਜੋ ਕੌਮਾਂਤਰੀ ਢਾਂਚਾ ਉਸਰਿਆ ਹੈ, ਉਹ ਪੂਰੀ ਤਰ੍ਹਾਂ ਸਾਮਰਾਜਵਾਦ ਦੇ ਪੱਖ ਵਿਚ ਕੰਮ ਕਰ
ਰਿਹਾ ਹੈ।

(ਚਲਦਾ)

1. Micheal Barrat Brown, Economics of Imperialism, Penguin Books, 1974.
2. Hugo Radice (Ed.), International Firms and Modern Imperialism, Penguin Books, 1975.
3. Teresa Hyter, Aid as Imperialism, Pelican Books, 1971
   Cheryl Payer, The Debt Trap, Penguin Books.
4. Steve Weissman and Others (Ed.), Trojan Horse, Rampart Press 1974.

## ਬੇਨਤੀ

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗ਼ਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ ਸਾਫ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵਖਰੇ ਕਾਗ਼ਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ. ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।
* ਅਗਲੇ ਅੰਕ ਵਿਚ ਜਾਣ ਵਾਲੇ ਲੇਖ, ਚਿੱਠੀਆਂ ਆਦਿ ਸਾਡੇ ਤਕ ਹਰ ਹਾਲਤ ਵਿਚ ਚਾਲੂ ਮਹੀਨੇ ਦੀ ਬਾਰਾਂ ਤਾਰੀਖ਼ ਤਕ ਪੁਜ ਜਾਣੇ ਚਾਹੀਦੇ ਹਨ। ਅਗਲੇ ਅੰਕ ਦਾ ਮੈਟਰ ਤੇਰ੍ਹਾਂ ਤਾਰੀਖ਼ ਨੂੰ ਪ੍ਰੈਸ 'ਚ ਦੇਣਾ ਪੈਂਦਾ ਹੈ। ਪਰਚਾ ਪੰਝੀ ਤਾਰੀਖ਼ ਨੂੰ ਛਪ ਕੇ ਤਿਆਰ ਹੋ ਜਾਂਦਾ ਹੈ ਅਤੇ ਸਤਾਈ ਨੂੰ ਡਾਕੇ ਪਾਇਆ ਜਾਂਦਾ ਹੈ।

ਸੁਜਾਅਲਹੱਕ, ਲਹੌਰੀ

## ਕਹਾਣੀ

ਤੁਸਾਂ ਢੇਰ ਸਾਰੀਆਂ ਕਹਾਣੀਆਂ ਸੁਣੀਆਂ ਤੇ ਪੜ੍ਹੀਆਂ ਹੋਸਨ, ਪਰ ਜਿਹੜੀ ਕਹਾਣੀ ਮੈਂ ਤੁਹਾਨੂੰ ਸੁਣਾਵਣ ਟੁਰਿਆਂ, ਅਜਿਹੀ ਤੁਸੀਂ ਕਦਾਈਂ ਨਾ ਡਿਠੀ ਹੋਸੀ। ਆਪਣੇ ਚੇਤੇ ਵਿਚ ਮੈਨੂੰ ਵੀ ਅਜਿਹੀ ਕਹਾਣੀ ਕਾਈ ਨਹੀਂ ਮਿਲਦੀ, ਇਹ ਉਹਨਾਂ ਕਹਾਣੀਆਂ ਵਿਚੋਂ ਹਿਕ ਕਹਾਣੀ ਹੈ ਜਿਹੜੀਆਂ ਮੁੜ੍ਹਕੇ ਵਾਂਗਣ ਅਸਾਡੇ ਲੂੰ ਲੂੰ ਵਿਚੋਂ ਸਿੰਮਦੀਆਂ ਰਹਿੰਦੀਆਂ ਨੇ ਪਰ ਇਹਨਾਂ ਵਲ ਅਸਾਂ ਕਦਾਈਂ ਭੈੜੀ ਤੱਕਣੀ ਨਾਲ ਵੀ ਨਹੀਂ ਤੱਕਿਆ। ਇਹ ਕਹਾਣੀ ਕਿਸੇ "ਰਹਿਮਦਿਲ ਬਾਦਸ਼ਾਹ" ਅਤੇ ਉਹਦੇ ਤ੍ਰੈ ਚਾਰ ਧੀਆਂ ਪੁਤਰਾਂ ਤੋਂ ਸ਼ੁਰੂ ਨਹੀਂ ਹੋਂਵਦੀ। ਨਾ ਹੀ ਕਿਸੇ ਕੁੜੀ ਮੁੰਡੇ ਦੇ ਇਸ਼ਕ ਦੀ ਕਹਾਣੀ ਹੈ, ਕਿਉਂਜੁ ਬੀਤੀਆਂ ਕਹਾਣੀਆਂ ਇਹੋ ਜਿਹੀਆਂ ਈ ਹੁੰਦੀਆਂ ਨੇ। ਅਸਾਂ ਤੁਸਾਂ ਬਤੇਰੀਆਂ ਸੁਣਦੇ ਤੇ ਪੜ੍ਹਦੇ ਆਏ ਹਾਂ। ਸੱਚ ਪੁਛੋ ਤੇ ਅਜਿਹੀਆਂ ਕਹਾਣੀਆਂ ਅਸਾਨੂੰ ਏਸ ਪਾਰੋਂ ਚੰਗੀਆਂ ਜਾਪਦੀਆਂ ਹਨ ਪਈ ਇਹ ਫੋਕਿਆਂ ਲਾਰਿਆਂ ਨਾਲ ਅਸਾਡਾ ਮਨ ਪਰਚਾਂਦੀਆਂ ਨੇ। ਅਸਾਨੂੰ ਮਨ ਭਾਉਂਦੇ ਸੁਫ਼ਨਿਆਂ ਦੇ ਦੇਸ ਵਿਚ ਪ੍ਰਦੇਸੀਆਂ ਵਾਂਗਣ ਰੋਲਦੀਆਂ ਨੇ। ਇਹਨਾਂ ਨੂੰ ਸੁਣ ਪੜ੍ਹ ਕੇ ਅਸੀਂ ਕਦੀ ਵੀ ਆਪਣੇ ਪੈਰੋਂ ਨਹੀਂ ਥਿੜਕੇ, ਜਿਵੇਂ ਅਸੀਂ ਰਹਿੰਦੇ ਹਾਂ, ਜਿਵੇਂ ਆਪਣਾ ਵੇਲਾ ਹੰਢਾਉਂਦੇ ਹਾਂ, ਉਹਦੇ ਬਾਰੇ ਸੋਚਣ ਯਾ ਸ਼ੱਕ ਕਰਨ ਥੀਂ ਇਹਨਾਂ ਸਦਾ ਵਰਜਿਆ। ਜੋ ਹੋ ਰਿਹਾ ਉਹਨੂੰ ਸੋਲਾਂ ਆਨੇ ਠੀਕ ਜਾਤਾ। ਅਤੇ ਜੋ ਨਹੀਂ ਹੋ ਰਿਹਾ, ਉਹ ਜਾਣਨ ਦੀ ਕਦੀ ਖੇਚਲ ਨਾ ਕੀਤੀ। ਕੁਝ ਗੱਲਾਂ ਇਹ ਕਹਿ ਕੇ ਪਾਸੇ ਕਰ ਛਡੀਆਂ ਪਈ ਜਦ ਦੀ ਦੁਨੀਆਂ ਬਣੀ ਹੈ ਏਸੇ ਤਰ੍ਹਾਂ ਈ ਹੁੰਦਾ ਆਇਆ ਹੈ। ਜਿਹੜੀ ਸਾਨੂੰ ਗੰਢ ਜਾਪੀ ਉਹ ਤਕਦੀਰ ਯਾ ਰੱਬ ਦੇ ਵੱਸ ਪਾ ਛਡੀ। ਬਾਹਰੋਂ ਜੰਦਰੇ ਮਾਰ ਕੇ ਆਪੂੰ ਅੰਦਰ ਬਹਿ ਗਏ। ਜੰਮਣ ਵੇਲੇ ਤੋਂ ਲੈ ਕੇ ਮਾਵਾਂ ਕੁੱਤਿਆਂ, ਬਿੱਲੀਆਂ, ਸੱਪਾਂ ਤੇ ਜਿੰਨਾਂ ਬਘਿਆੜਾਂ ਦਾ ਡਰ ਸਾਡੇ ਕਲੇਜੇ ਵਿਚ ਪਾ ਦਿਤਾ। ਤਦ ਵੀ ਕੰਮ ਨਾ ਹੋਇਆ ਤਾਂ ਖ਼ੁਦਾ ਨੂੰ ਵਰਤ ਛਡਿਆ ਪਈ ਮਾੜੇ ਕੰਮ ਕਰੀਏ ਤਾਂ ਰੱਬ ਅੱਗ ਵਿਚ ਸਾੜ ਦੇਂਦਾ ਹੈ। ਹੋਇਆ ਇਹ ਪਈ ਕੁੱਤੇ ਬਿੱਲੀਆਂ, ਸੱਪ ਤੇ ਬਘਿਆੜ ਸਾਡੇ "ਹੋਵਣ" ਦੇ ਜ਼ਾਮਣ ਬਣ ਗਏ। ਇਹਨਾਂ ਸ਼ੈਵਾਂ ਦੇ ਖ਼ੌਫ਼ ਦਾ ਹਾਰ ਕਚੀ ਉਮਰੇ ਅਸੀਂ ਗਲ ਵਿਚ ਪਾ ਲਿਆ। ਮੁੜ ਮਰਨ ਵੇਲੇ ਤਾਈਂ ਇਹ ਡਰ ਸਾਡੀ ਅੱਖੀਆਂ ਵਿਚ ਰੜਕਦਾ ਰਿਹਾ। ਸਾਡੇ ਜੁੱਸੇ 'ਤੇ ਉਗੇ ਵਾਲਾਂ ਨੂੰ ਚਾਰ ਚੁਫੇਰੇ ਕੁੱਤੇ ਬਿੱਲੀਆਂ, ਸੱਪ, ਤੇ ਬਘਿਆੜ ਅੱਖਾਂ ਅੱਡੀ ਨਜ਼ਰ ਆਉਂਦੇ ਰਹੇ। ਅਤੇ ਅੱਗ ਜਿਸ ਵਿਚੋਂ ਲੰਘ ਕੇ ਅਸਾਂ ਕਾਮਯਾਬ ਹੋਣਾ ਹਾ ਓਸ ਥੀਂ ਅਸਾਂ ਦੁਰਾਡਾ ਨੱਠਣ ਲਗ ਪਏ। ਅੱਗ ਆਦਮੀ ਦੀ ਸਾਰ ਦਾ ਨਾਂ ਹੈ। ਅੱਗ ਬਲਦੀ ਰਹਿਣੀ ਚਾਹੀਦੀ ਹੈ, ਅੰਦਰ ਵੀ ਤੇ ਬਾਹਰ ਵੀ। ਇਹ ਧੁਖ਼ਦੀ ਰਹਵੇ ਤਾਂ ਆਪਣੀ "ਹੋਂਦ" ਦਾ ਪਤਾ ਲਗਦਾ ਰਹਿੰਦਾ ਹੈ। ਮਾਵਾਂ ਨੂੰ ਇਹ ਖ਼ਬਰ ਕਾਈ ਨਾ ਹੋਈ। ਕਮਲੀਆਂ ਨੂੰ ਉਕਾ ਚੇਤੇ ਨਾ ਆਇਆ ਪਈ ਉਹਨਾਂ ਨੇ ਆਪਣੇ ਬਾਲਾਂ ਨਾਲ ਕੇਹ ਹਥ



ਕਰ ਛਡਿਆ ਹੈ। ਏਸ ਥੀਂ ਭੋਰਾ ਵਡੇ ਹੋਏ, ਦੇਹੀਂ ਨਵੀਆਂ ਜੰਮੀਆਂ ਸੋਚਾਂ ਦੀ ਤਾਂਗ ਬਣੀ ਤਾਂ ਮਾਪਿਆਂ ਬਾਦਸ਼ਾਹਵਾਂ, ਵਜ਼ੀਰਾਂ ਤੇ ਉਹਨਾਂ ਦੇ ਧੀਆਂ ਪੁਤਰਾਂ ਦੀਆਂ ਕਹਾਣੀਆਂ ਦੇ ਸਿਹਰੇ ਸਾਡੇ ਕੰਨੀ ਪਾਏ। ਬਾਦਸ਼ਾਹ ਰਹਿਮ ਦਿਲ ਹੋਇਆ ਤਾਂ ਅਸਾਡੀ ਸਾਰੀ ਉਮਰ ਦੀ ਸੱਕ ਬਣ ਗਿਆ, ਜੇ ਜ਼ਾਲਮ ਹੋਇਆ ਤਾਂ ਰੱਬ ਦੀ ਦੋਜ਼ਖ਼ ਨੂੰ ਰਿਝਾ ਗਿਆ।

ਅਸਾਂ ਇਤਨਾ ਜਾਣਦੇ ਹਾਂ ਪਈ ਆਦਿ ਤੋਂ ਹੁਣ ਤਾਈ ਕਲਜੁਗ ਦਾ ਵਿਹਾਰ ਇਹੋ ਈ ਹੈ। ਪਈ ਇਕ ਬਾਦਸ਼ਾਹ ਹੋਂਦਾ ਹੈ, ਇਕ "ਅਕਲਮੰਦ ਵਜ਼ੀਰ" ਤੇ ਬਾਕੀ ਅਧੀਨ ਯਾ "ਰਿਆਇਆ," ਜਿੱਦਾ ਕੰਮ ਬਾਦਸ਼ਾਹ ਦੀ "ਇਤਾਇਤ" ਕਰਨੀ ਤੇ ਖ਼ੁਸ਼ ਰਹਿਣਾ ਹੁੰਦਾ ਹੈ। ਮਸੀਤੀਂ ਮੁਲਾਂ ਨੇ ਕੁਰਾਨ ਦਾ ਦਰਸ ਦੇਣਾ ਤੇ ਇਹੋ ਆਖਣਾ ਕਿ ਬਾਦਸ਼ਾਹ ਦੀ ਮਰਜ਼ੀ ਰੱਬ ਦੀ ਮਰਜ਼ੀ ਹੋਂਦੀ ਹੈ। ਇਹਦੇ ਉਲਟ ਸੋਚਣਾ ਯਾ ਕਰਨਾ ਰੱਬ ਨੂੰ ਰੰਜ ਕਰਨਾ ਹੈ। ਜਿਦਾ ਨਤੀਜਾ ਇਹ ਨਿਕਲਿਆ ਕਿ ਰੱਬ ਰਾਜ਼ੀ ਕਰਨ ਵਾਸਤੇ ਅਸਾਂ ਜੰਮਣ ਵੇਲੇ ਤੋਂ ਲੈ ਕੇ ਐਸੀ ਦੌੜ ਵਿਚ ਰਲ ਗਏ ਜਿਸ ਵਿਚ ਹਰ ਕਿਸੇ ਨੂੰ ਇਹੋ ਭਾਜੜ ਪਈ ਆਹੀ ਕਿ ਕਿਸੇ ਤਰ੍ਹਾਂ ਦੂਜੇ ਨੂੰ ਪਿੱਛੇ ਸਟ ਕੇ ਸਭ ਤੋਂ ਪਹਿਲਾਂ ਮੈਂ ਈ ਰੱਬ ਨੂੰ ਜੱਫਾ ਮਾਰ ਘਤਾਂ। ਕਿਸੇ ਨਾ ਜਾਣਿਆ ਪਈ ਰੱਬ ਨੇ ਜਿਸ ਦਿਹਾੜੇ ਜੱਗ ਉਸਾਰਿਆ ਸੀ ਉਸੇ ਦਿਹਾੜੇ ਉਹ ਅਰਸ਼ ਮਨੱਵਰ ਤੋਂ ਲੱਥ ਕੇ ਲੋਕਾਈ ਵਿਚ ਆ ਬੈਠਾ ਸੀ। ਰੱਬ ਨੂੰ ਸ਼ੋਹ ਨਾ ਜਾਣੀਏ ਤੇ ਔਖੇ ਪੁਆੜੇ ਸਹੇੜਨੇ ਪੈਂਦੇ ਨੇ। ਬੰਦਾ ਘਰ ਵੀ ਨਹੀਂ ਅਪੜਦਾ ਤੇ ਪੈਂਡਾ ਵਾਧੇ ਦਾ ਝਲਣਾ ਪੈਂਦਾ ਹੈ।

ਵਡਿਕਿਆਂ ਕਹਾਣੀ ਸੁਣਾਵਣ ਵੇਲੇ ਇਤਨੀ ਮਿਹਰਬਾਨੀ ਜ਼ਰੂਰ ਕੀਤੀ ਪਈ ਮੁਸਲਮਾਨ ਬਾਦਸ਼ਾਹ ਰਹਿਮਦਿਲ ਹੋਂਦੇ ਹਨ ਤੇ ਦੂਜੇ ਬਾਦਸ਼ਾਹ ਡਾਹਡੇ ਜ਼ਾਲਮ ਤੇ ਜਾਬਰ। ਨਿੱਕੀਆਂ ਜਮਾਤਾਂ ਦੀਆਂ ਤਾਰੀਖ਼ ਦੀਆਂ ਕਿਤਾਬਾਂ ਨੇ ਇਹਨਾਂ ਕਹਾਣੀਆਂ ਨੂੰ ਹੋਰ ਪਕਿਆਂ ਕੀਤਾ, ਇਹਨਾਂ ਵਿਚ ਲਿਖਿਆ ਗਿਆ ਹੈ ਪਈ ਸਾਡੀ ਧਰਤੀ ਦੇ ਬਾਹਰੋਂ ਕੁਝ "ਨੇਕਦਿਲ" ਬਾਦਸ਼ਾਹਵਾਂ ਨੂੰ ਖ਼ਿਆਲ ਆਇਆ ਪਈ ਹਿੰਦੁਸਤਾਨ ਵੰਜ ਕੇ ਰੱਬ ਰਾਜ਼ੀ ਕਰਨਾ ਚਾਹੀਦਾ ਹੈ। ਏਸ ਸਿਲਸਿਲੇ ਵਿਚ ਉਹਨਾਂ ਚੋਖੇ ਫੇਰੇ ਲਾਏ, ਰੱਬ ਵੀ ਰਾਜ਼ੀ ਕਰ ਗਏ ਅਤੇ ਜਾਂਦੀ ਵਾਰੀ ਕੁਝ ਹੀਰੇ ਜਵਾਹਰਾਤ ਵੀ ਨਾਲ ਲੈਂਦੇ ਗਏ। ਇਹੋ ਜਿਹੇ ਕੁਝ ਬਾਦਸ਼ਾਹ ਬਹੁਤੀ ਸਾਰ ਰਖਦੇ ਹਨ। ਉਹਨਾਂ ਰੱਬ ਰਾਜ਼ੀ ਕਰਨ ਦੇ ਚੱਕਰ ਵਿਚ ਏਥੇ ਈ ਡੇਰੇ ਲਾ ਲਏ। ਤੇ ਅਸਾਂ ਉਹਨਾਂ ਦੇ ਪਿਛੇ ਚੌਰੀ ਕਰਨ ਦਾ ਕੰਮ ਸੰਭਾਲ ਲੀਤਾ। ਜੇ ਕਿਸੇ ਇਲਾਕੇ ਦੇ ਵਸਨੀਕਾਂ ਨਾਬਰੀ ਕੀਤੀ, ਆਪਣੀ ਧਰਤੀ ਦਾ ਹੱਕ ਮੰਗਿਆ ਤੇ ਸਾਡੀਆਂ ਤਾਰੀਖ਼ ਦੀਆਂ ਕਿਤਾਬਾਂ ਬਾਦਸ਼ਾਹ ਦੇ ਨਾਲ ਰਲ ਕੇ ਉਹਨਾਂ ਦੀ ਸਰਕੋਬੀ ਕਰਨ ਟੁਰ ਪਈਆਂ। ਸਾਡੇ ਮੱਥੇ ਇਹ ਕੰਮ ਪਾ ਛਡਿਆ ਪਈ ਅਸਾਂ ਉਹਨਾਂ ਬਾਦਸ਼ਾਹਵਾਂ ਨੂੰ ਆਪਣੇ ਸੁਫ਼ਨਿਆਂ ਦੇ ਵੇਹੜੇ ਮੰਜੀ ਡਾਹ ਦੇਈਏ ਤੇ ਆਖੀਏ ਬੈਠੋ, ਸਾਨੂੰ ਤੁਹਾਡੀ ਡਾਹਡੀ ਉਡੀਕ ਆਹੀ। ਇਹ ਲੋਕ ਸਾਡੇ ਹੀਰੋ ਬਣ ਗਏ ਜਿਹੜੇ ਨਾ ਸਾਡੀ ਬੋਲੀ ਬੋਲਦੇ ਸਨ, ਨਾ ਸਾਡੇ ਵਾਂਗਣ ਰਹਿੰਦੇ ਸਨ ਅਤੇ ਨਾ ਸਾਡੇ ਵਾਂਗਣ ਸੋਚਦੇ ਸਨ। ਅਕਬਰ ਨੇ ਆਪਣੀ ਬਾਦਸ਼ਾਹੀ ਦੇ ਕੂੜ ਦੀਆਂ ਨੀਹਾਂ ਪਕੇਰੀਆਂ ਕਰਨ ਵਾਸਤੇ "ਦੀਨ-ਅਲਾਹੀ" ਕੱਢ ਮਾਰਿਆ ਪਰ ਉਹ ਸਾਡਾ ਹੀਰੋ ਈ ਰਿਹਾ। ਦੁੱਲਾ ਭੱਟੀ ਜਿਹੜਾ ਏਸ ਕੂੜ ਨੂੰ ਮੁਕਾਵਣ ਲੋੜਦਾ ਸੀ, ਸਾਡਾ ਵੈਰੀ ਗਿਣਿਆ ਗਿਆ। ਉਸ ਸੂਹਦੇ ਨੂੰ ਬਾਹਰਲੇ, ਆਪਣੀਆਂ ਰਤੀਆਂ ਕਣਕਾਂ ਰੋਲਦੇ ਚੰਗੇ ਨਹੀਂ ਸਨ ਜਾਪਦੇ। ਉਸ ਆਖਿਆ ਪਈ ਲੋਕਾਈ ਦੀ ਮਰਜ਼ੀ ਰੱਬ ਦੀ ਮਰਜ਼ੀ ਹੋਂਦੀ ਹੈ। ਰੱਬ ਦੀ ਮਰਜ਼ੀ ਨੂੰ ਲੋਕਾਈ ਉਤੇ ਖੰਭ ਨਾ ਖਲਾਰਨ ਦੇਸਾਂ। ਦੁਲ੍ਹੇ ਦਾ ਜੁਰਮ ਇਹ ਸੀ ਕਿ ਉਹਨੇ ਆਪਣੀ ਜ਼ਮੀਨ ਦਾ

ਮਾਮਲਾ ਦੇਵਣ ਥੀ ਨਾਬਰੀ ਕੀਤੀ। ਆਪਣੀ ਮੁਹਾਰ ਦੂਜੇ ਨੂੰ ਫੜਦਿਆਂ ਵੇਖ ਕੇ ਮਛਰ ਪਿਆ। ਜਿਸ ਮਾਂ ਦੇ ਲਾਲ ਤਖ਼ਤ ਲਹੌਰ ਦੇ ਐਸ਼ ਆਰਾਮ ਤੇ ਨਾਚ ਗਾਣੇ ਵਿਚ ਭਾਜੜ ਪਾਈ ਉਹਨੂੰ ਅਸਾਂ ਵਿਸਾਰ ਛਡਿਆ। ਦੁਲ੍ਹੇ ਨੂੰ ਅਸਾਂ ਵਿਸਾਰਿਆ ਤੇ ਜਾਣੋਂ ਪਈ ਉਹ ਕਹਾਣੀਆਂ ਆਪਣਾ ਕੰਮ ਕਰ ਗਈਆਂ ਜਿਨ੍ਹਾਂ ਦੀ ਘੁੱਟੀ ਸਾਨੂੰ ਵਡੇਰਿਆਂ ਦਿੱਤੀ ਸੀ। ਅਸਾਂ ਕੂੜ ਨੂੰ ਸੱਚ ਮਨ ਲੀਤਾ ਅਤੇ ਸੱਚ ਨੂੰ ਕੂੜ ਜਾਣ ਕੇ ਥੁਕ ਸੁਟਿਆ।

ਆਪਣੇ ਸਰੀਰ ਦੀ ਸਾਰ ਹੋਵਣ ਦੇ ਨਾਲ ਈ ਅਸਾਨੂੰ ਤ੍ਰੀਜੀ ਕਿਸਮ ਦੀਆਂ ਕਹਾਣੀਆਂ ਨਾਲ ਵਾਹ ਪਿਆ। ਕੁੜੀਆਂ ਮੁੰਡਿਆਂ ਦੇ ਇਸ਼ਕ ਦੀਆਂ ਕਹਾਣੀਆਂ। ਵੰਨ ਸਵੰਨੇ ਰਸਾਲਿਆਂ ਤੇ ਫ਼ਿਲਮਾਂ ਨੇ ਸਾਡੀ ਵਿਹਲ ਉਤੇ ਮਲ ਮਾਰ ਲੀਤੀ। ਸਾਨੂੰ ਪਹਿਲੀ ਵਾਰੀ ਇਸ਼ਕ ਬਾਰੇ ਪਤਾ ਲਗਾ। ਇਹਨਾਂ ਕਹਾਣੀਆਂ ਵਿਚ ਇਸ਼ਕ ਨੂੰ ਇਕ ਅਜਿਹਾ ਮਹੱਲ ਬਣਾ ਕੇ ਸਾਡੀਆਂ ਅੱਖੀਆਂ ਅਗੇ ਪੇਸ਼ ਕੀਤਾ ਗਿਆ ਹੈ ਜਿਹਦੀਆਂ ਕੰਧਾਂ ਤੇਤੀ ਨੇ ਤੇ ਨੀਹਾਂ ਕਾਈ ਨਹੀਂ। ਇਹ ਮਹੱਲ ਧਰਤੀ ਤੇ ਅੰਬਰ ਦੇ ਵਿਚਕਾਰ ਉਪਰੋਂ ਥਲੇ ਵਲ ਉਸਰਿਆ ਗਿਆ ਹੈ। ਸਾਨੂੰ ਉਹ ਆਪਣੇ ਵਲ ਮੋਂਹਦਾ ਹੈ ਪਰ ਅੰਦਰ ਆਉਣ ਲਈ ਕੋਈ ਬੂਹਾ ਨਹੀਂ ਖੋਲ੍ਹਦਾ। ਅਖੀਆਂ ਸਕ ਦੇ ਸੇਕ ਨਾਲ ਦੁਖਣ ਲਗ ਪੈਂਦੀਆਂ ਨੇ ਪਰ ਉਹਦੇ ਵਲ ਜਾਉਣ ਦਾ ਰਾਹ ਕੋਈ ਨਹੀਂ ਲਭਦਾ। ਜਣੇ ਤੇ ਜ਼ਨਾਨੀ ਦੀ ਖੋਟੀ ਸਾਂਝ ਜਿਹਦੇ ਵਿਚ ਇਸ਼ਕ ਦਾ ਅੰਤ ਵਿਆਹ ਦਸਿਆ ਗਿਆ ਹੈ, ਇਹਨਾਂ ਕਹਾਣੀਆਂ ਦਾ ਸਿਰਨਾਵਾਂ ਹੈ ਜਿਹੜੀਆਂ "ਵਿਆਹ" ਜਿਹੇ ਕੂੜੇ ਸਬੰਧ ਨੂੰ ਇਸ਼ਕ ਦੀ ਪਰਖ ਬਣਾ ਦੇਂਦੀਆਂ ਨੇ। ਇਸ਼ਕ ਦੀ ਏਸ ਤੋਂ ਸਿਧੀ ਤੇ ਪਧਰੀ ਤਾਰੀਫ਼ ਕੇਹ ਹੋ ਸਕਦੀ ਹੈ? ਪਿਛਾਂਹ ਮੁੜ ਕੇ ਵੇਖੀਏ ਤੇ ਵਾਰਸਸ਼ਾਹ ਹੋਰੀਂ ਖੜੇ ਦਿਸਦੇ ਨੇ। ਆਖਦੇ ਨੇ:

ਅਵੱਲ ਹਮਦ ਖ਼ੁਦਾ ਦਾ ਵਿਰਦ ਕੀਜੇ, ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।

ਇਹ ਹੀਰ ਦੀਆਂ ਮੁਢਲੀਆਂ ਸਤਰਾਂ ਹਨ। ਵਾਰਸ ਸ਼ਾਹ ਹੋਰੀਂ ਇਸ਼ਕ ਦਾ ਕਿਹਾ ਖ਼ਿਆਲ ਲਈ ਬੈਠੇ ਨੇ ਤੇ ਅਸਾਂ ਕਿਹੜਾ ਇਸ਼ਕ ਜਾਲਣ ਲੋਚਦੇ ਹਾਂ। ਏਧਰ ਇਹ ਗੱਲ ਹੈ ਪਈ ਇਸ਼ਕ ਨੂੰ ਗੁਨਾਹ ਬਣਾਈ ਬੈਠੇ ਹਾਂ, ਉਧਰ ਵਾਰਸ ਸ਼ਾਹ ਹੋਰੀਂ ਆਖਦੇ ਨੇ ਪਈ ਇਸ਼ਕ ਦਾ ਗੁਨਾਹ ਸਭ ਥੀਂ ਪਹਿਲਾਂ ਰੱਬ ਨੇ ਆਪੂੰ ਕੀਤਾ ਹਾ। ਖ਼ੁਦਾ ਦੀ ਵਿਰਦ ਵੀ ਏਸੇ ਕਾਰਨ ਹੈ ਪਈ ਉਹ ਪਹਿਲਾ "ਆਸ਼ਕ" ਹੈ। ਵਾਰਸ ਸ਼ਾਹ ਹੋਰਾਂ ਦੀ ਨਜ਼ਰ ਇਸ਼ਕ ਜਗ ਦੇ ਜੁੱਸੇ ਵਿਚ ਦੌੜਦੀ ਰੱਤ ਦਾ ਨਾਂ ਹੈ। ਰਸਾਲੇ ਤੇ ਫ਼ਿਲਮਾਂ ਜਿਹੜਾ ਇਸ਼ਕ ਅਸਾਡੇ ਸਾਹਮਣੇ ਪੇਸ਼ ਕਰਦੇ ਨੇ ਉਹ ਨਿਖੇੜ ਦਸਦਾ ਹੈ ਜਿਸ ਵਿਚ ਹਰ ਸ਼ੈਅ ਆਪਣੀ ਵੈਰੀ ਜਾਪਦੀ ਹੈ। ਇਹ ਦੂਜਿਆਂ ਨੂੰ ਟੋਕਣਾ ਤਾਂ ਸਿਖਾ ਦੇਂਦਾ ਹੈ ਪਰ ਆਪਣੇ ਆਪ ਨੂੰ ਕਦੀ ਸੁਆਲ ਨਹੀਂ ਕਰਨ ਦੇਂਦਾ। ਇਸ਼ਕ ਦੀ ਇਹੋ ਜਿਹੀ ਤਸਵੀਰ ਸਾਡੇ ਪੜ੍ਹੇ ਲਿਖੇ ਲੋਕ ਵੀ ਪੇਸ਼ ਕਰਦੇ ਨੇ। ਉਹ ਰਾਂਝੇ ਨੂੰ ਵੀ ਆਪਣੇ ਵਰਗੀ ਇਕ ਕਲਾ ਸਮਝਦੇ ਨੇ ਜਿਹੜਾ ਇਕ ਜ਼ਨਾਨੀ ਕਢਣ ਘਰੋਂ ਟੁਰਿਆ ਸੀ। ਇਹ ਸੋਚਦਿਆਂ ਇਹਨਾਂ ਦਾ ਅੰਦਰ ਧੁਖਦਾ ਹੈ ਪਈ ਰਾਂਝੇ ਨੇ ਹੀਰ ਨਾਲ ਮੇਲ ਲਈ ਉਹ ਰਾਹ ਫੜਿਆ ਜਿਹੜਾ ਲਾਂਘਾ ਨਹੀਂ ਸੀ। ਮੇਰ ਤੇਰ ਤੇ ਖੋਹਾ ਖੋਹੀ ਦਾ ਲਾਂਘਾ। ਉਹ ਆਖਣ ਲੱਗਾ ਮੈਂਡੇ ਤੇ ਹੀਰ ਦੇ ਵਿਚਕਾਰ ਨਾ ਜ਼ਮੀਂ ਨੂੰ ਆਉਣਾ ਚਾਹੀਦਾ ਹੈ ਨਾ ਚੌਂਤਰੇ ਨੂੰ ਤੇ ਨਾ ਮੁੱਲਾਂ ਨੂੰ। ਜਾਣੋ ਪਈ ਇਵੇਂ ਉਸ ਉਹਨਾਂ ਵਡਿਕਿਆਂ ਦੇ ਕੋਠੇ ਹੇਠੋਂ ਥੰਮ ਖਿੱਚ ਛੋੜਿਆ ਜਿਹੜੇ ਆਖਦੇ ਨੇ ਪਈ ਮਨ ਮਾਰਨਾ ਆਦਮੀ ਦੀ ਵਾਦੀ ਹੈ। ਮੁਕਦੀ ਇਹ ਪਈ ਇਹਨਾਂ ਕਹਾਣੀਆਂ ਸਾਨੂੰ ਦੁਲ੍ਹੇ ਵਾਂਗਰ ਰਾਂਝੇ ਦੀ ਸਿਆਣ ਵੀ ਨਾ



ਹੋਣ ਦਿੱਤੀ। ਦੁੱਲ੍ਹਾ ਰਾਠ ਬਣਿਆ ਤੇ ਅਸਾਂ ਉਹਨੂੰ ਡਕੈਤ ਜਾਤਾ। ਰਾਂਝਾ ਫਕੀਰ ਥੀ ਗਿਆ ਤਦ ਵੀ ਅਸੀਂ ਰੰਜ ਥੀ ਗਏ ਪਈ ਸਾਡੀ ਪੱਗ ਰੋਲੀ ਸੁ।

ਅਜ ਕਲ੍ਹ ਕੁਝ ਹੋਰ ਕਿਸਮ ਦੀਆਂ ਕਹਾਣੀਆਂ ਵੀ ਅਸਾਂ ਬਹੂੰ ਪੜ੍ਹਨੇ ਹਾਂ ਜਿਹੜੀਆਂ "ਜਾਸੂਸੀ" "ਪੁਰ ਅਸਰਾਰ" "ਜਿਨਸੀ" ਤੇ "ਜੁਰਮ ਤੇ ਸਜ਼ਾ" ਜਿਹੇ ਨਾਵਾਂ ਥੱਲੇ ਆਉਂਦੀਆਂ ਨੇ। ਸਾਡੇ ਵਤਨ ਵਿਚ ਏਸ ਕੰਮ ਦਾ ਮੁੱਢ "ਉਰਦੂ ਡਾਈਜੈਸਟ" ਬੰਨ੍ਹਿਆ ਜਿਸ ਸਾਡੇ ਮਜ਼੍ਹਬ ਦੀ ਠੇਕੇਦਾਰੀ ਦਾ ਭਾਰ ਵੀ ਸਿਰ 'ਤੇ ਚਾਈ ਰਖਿਆ ਹੈ। ਏਸ ਸ਼ੇਰ ਦੇ ਪੁਤਰ ਨੇ ਅਮਰੀਕਾ ਤੇ ਯੂਰਪ ਵਿਚ ਜਿੰਨੀਆਂ ਵੀ ਹਰਾਮ ਜ਼ਦਗੀਆਂ ਹੋਈਆਂ ਨੇ, ਉਰਦੂ ਵਿਚ ਤਰਜਮਾ ਕੇ ਲੋਕਾਈ ਦੇ ਘਰੋ ਘਰੀ ਪੁਚਾ ਛੱਡੀਆਂ। ਹੁਣ ਤਾਂ ਖ਼ੈਰ ਹੋਰ ਢੇਰ ਕਿਸਮ ਦੇ ਡਾਈਜੈਸਟ ਲੋਕਾਈ ਦੀ ਇਹੋ ਖ਼ਿਦਮਤ ਪਏ ਕਰੇਂਦੇ ਹਨ। ਇਹਨਾਂ ਤੇ ਪਿਛਲੇ ਵੇਲਿਆਂ ਦੀਆਂ ਕਹਾਣੀਆਂ ਵਿਚ ਮੂਲੋਂ ਕਾਈ ਫਰਕ ਨਹੀਂ। ਮੁਹਾਂਦਰਾ ਅੱਡੋ ਅੱਡ ਹੈ ਪਰ ਵਿਚੋਂ ਸਭ ਹਿੱਕ ਨੇ। ਨਾ ਇਹਨਾਂ ਦੇ ਪਾਤਰ ਸਾਡੇ ਪਾਤਰ ਹਨ ਤੇ ਨਾ ਇਹਨਾਂ ਦਾ ਵਸੇਬ ਸਾਡਾ ਵਸੇਬ ਹੈ। ਇਹਨਾਂ ਕਹਾਣੀਆਂ ਸਾਡੇ ਪੈਰ ਭੋਇੰ ਉਪਰ ਨਹੀਂ ਟਿਕਣ ਦਿੱਤੇ। ਸਾਡਾ ਹੀਰੋ ਸਾਥੋਂ ਖਸ ਲੀਤਾ ਹੈ। ਹੀਰੋ ਦੀ ਪਛਾਣ ਆਪਣੀ ਪਛਾਣ ਹੋਂਦੀ ਹੈ। ਹੀਰੋ ਸਾਡੇ ਸ਼ਰੀਕਾਂ ਵਲ ਸੈਨਤ ਮਰੇਂਦਾ ਹੈ। ਆਪਣੇ ਹੀਰੋ ਨੂੰ ਕੱਢਾ ਕੇ ਅਸਾਂ ਆਪਣਾ ਆਪ ਵੰਞਾਇਆ ਹੈ। ਨਜਮ ਹੁਸੈਨ ਸੱਯਦ ਹੋਰਾਂ "ਸਾਰਾਂ" ਵਿਚ ਏਸ ਬਾਰੇ ਏਕ ਚੰਗੀ ਗੱਲ ਆਖੀ ਹੈ। ਵੇਖਣੀ ਚਾਹੀਦੀ ਹੈ!

"ਜੇ ਅਸਾਂ ਹੀਰੋ ਦੀ ਸ਼ਕਲ ਪਛਾਤੀ ਉਹਦੀ ਜ਼ਾਤ ਸਿਫ਼ਤ ਸਿਆਤੀ ਤਾਂ ਸਮਝੋ ਅਸਾਂ ਆਪਣੇ ਕਬੀਲੇ ਦਾ ਅਸਲਾ ਵਾਚਿਆ। ਅਸਾਂ ਆਪਣੇ ਵਸੇਬ ਦੀਆਂ ਵਿਚਲੀਆਂ ਰਮਜ਼ਾਂ ਸੰਞਾਤੀਆਂ। ਜਾਣੋਂ ਅਸਾਂ ਬੁਝਿਆ ਜੇ ਅਸਾਂ ਕੌਣ ਹਾਂ—ਕੇਹ ਪਏ ਕਰੇਂਦੇ ਹਾਂ ਤੇ ਕਿਉਂ ਪਏ ਕਰੇਂਦੇ ਹਾਂ। ਕੇਹ ਕਰ ਸਕਦੇ ਹਾਂ ਤੇ ਕਿਉਂ ਕਰ ਸਕਦੇ ਹਾਂ।"

ਹੀਰੋ ਨੂੰ ਵਸਾਰਨਾ ਭਲਕ ਤੋਂ ਅੱਖਾਂ ਮੀਟ ਕੇ ਕਲ੍ਹ ਨਾਲ ਨਥੀ ਥੀਉਣਾ ਹੈ। ਹੀਰੋ, ਦੇਹੀ ਨੂੰ ਵੇਖਣ ਦਾ ਨਾਂ ਹੈ। ਇਹ ਸਾਨੂੰ ਸੱਚ ਤੇ ਕੂੜ ਦੀ ਨਿਖੇੜ ਕਰ ਕੇ ਦੱਸਦਾ ਹੈ। ਜਿਹੜੀਆਂ ਕਹਾਣੀਆਂ ਅਸਾਂ ਸੁਣਦੇ ਤੇ ਪੜ੍ਹਦੇ ਆਏ ਹਾਂ, ਇਹ ਕੂੜ ਤੇ ਸੱਚ ਦਾ ਰਲਾ ਸਾਡੇ ਅਗੇ ਲਿਆ ਧਰਦੀਆਂ ਨੇ। ਸਫ਼ਰ 'ਤੇ ਟੁਰਨ ਲਗੀਏ ਤੇ ਪਿਛੋਂ ਹਾਕ ਮਰੇਂਦੀਆਂ ਨੇ। ਆਪਣੇ ਵਸੇਬੇ, ਆਪਣੀ ਰਹਿਤਲ ਦੇ ਨੇੜੇ ਨਹੀਂ ਹੋਵਣ ਦੇਂਦੀਆਂ। ਲੋਕਾਈ ਨਾਲੋਂ ਪਰੇ ਖੜਦੀਆਂ ਨੇ। ਗਵਾਚੇ ਰੂਪ ਲਭਣ ਦੀ ਬਜਾਏ ਸਾਡਾ ਅਜ ਦਾ ਰੂਪ ਵੀ ਵਿਗਾੜ ਦੇਂਦੀਆਂ ਨੇ। ਲਫ਼ਜ਼ ਏਸ ਵਾਸਤੇ ਨਹੀਂ ਹੋਂਦੇ ਕਿ ਉਹ ਆਦਮੀ ਦੀ ਆਦਮੀ ਤੋਂ ਦੂਰੀ ਵਧਾਉਣ। ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਪਈ ਲਫ਼ਜ਼ ਬਣਾਏ ਈ ਏਸ ਲਈ ਗਏ ਸਨ ਕਿ ਆਦਮੀ ਦਾ ਆਦਮੀ ਨਾਲੋਂ ਵਿਛੋੜਾ ਮੁੱਕੇ। ਜੇ ਲਫ਼ਜ਼ ਇਹ ਕੰਮ ਨਾ ਕਰਨ ਤੇ ਜਾਣੋ ਪਈ ਲਫ਼ਜ਼ਾਂ ਨਾਲ ਸਾਡਾ ਵਿਹਾਰ ਠੀਕ ਨਹੀਂ। ਲਫ਼ਜ਼ਾਂ ਦੀ ਇਕ ਆਪਣੀ ਵਸੋਂ ਹੋਂਦੀ ਹੈ ਜਿਦ੍ਹੇ ਵਿਚ ਉਹ ਰਹਿੰਦੇ ਹਨ, ਹੱਸਦੇ, ਵਸਦੇ ਤੇ ਉਠਦੇ ਬੈਠਦੇ ਹਨ। ਮਤਲਬ ਇਹ ਪਈ ਲਫ਼ਜ਼ਾਂ ਦੇ ਪਿੱਛੇ ਜਗ-ਵਰਤੀ ਬੋਲਦੀ ਹੈ। ਲਫ਼ਜ਼ਾਂ ਨੂੰ ਜਗ-ਵਰਤੀ ਤੋਂ ਵੱਖ ਕਰ ਦੇਈਏ ਤੇ ਉਹ ਨਤਾਣੇ ਥੀ ਜਾਉਂਦੇ ਨੇ। ਜਿਵੇਂ ਸੱਚੇ ਬੰਦਿਆਂ ਦੀ ਸਾਂਝ ਵਿਚ ਤਾਕਤ ਹੁੰਦੀ ਹੈ ਇਵੇਂ ਸੱਚੇ ਲਫ਼ਜ਼ਾਂ ਦੀ ਸਾਂਝ ਵਿਚ ਵੀ ਤਾਕਤ ਹੋਂਦੀ ਹੈ। ਪਰ ਬੰਦੇ ਦਾ ਅੰਦਰ ਗਲਿਆ ਹੋਵੇ ਤੇ ਲਫ਼ਜ਼ਾਂ ਦਾ ਬਾਂਝ-ਪਣਾ ਵੀ ਨਹੀਂ ਮੁਕਦਾ। ਫੇਰ ਲਿਖਾਰੀ ਦੀ ਆਪਣੀ ਲਿਖਤ ਈ ਉਹਦੇ ਤੇ ਪੜ੍ਹਨ ਵਾਲਿਆਂ ਦੇ ਵਿਚਕਾਰ ਆ ਖਲੋਂਦੀ ਹੈ। ਆਦਮੀ ਦਾ ਆਦਮੀ ਨਾਲ ਤੇ ਆਦਮੀ ਦਾ ਕੁਦਰਤ ਨਾਲ ਵਿਛੋੜਾ

ਹੋਰ ਵਧ ਜਾਉਂਦਾ ਹੈ। ਮਤਲਬ ਇਹ ਪਈ ਇਹ ਕਹਾਣੀਆਂ ਅੰਦਰੋਂ ਖੋਖਲੀਆਂ ਹਨ। ਨਜਮ ਹੁਸੈਨ ਸੱਯਦ ਠੀਕ ਆਖਦਾ ਹੈ ਪਈ "ਖੋਖਲੇ ਭਾਰ ਚਾਵਣ ਨਾਲ ਬੰਦਾ ਅਸਲੋਂ ਖੋਖਲਾ ਥੀ ਵੈਂਦਾ ਹੈ।" ਜਿਵੇਂ ਸ਼ੇਅਰ ਦਾ ਅੰਦਰਲਾ ਤੇ ਬਾਹਰਲਾ ਮਤਲਬ ਹੋਂਦਾ ਹੈ ਇਵੇਂ ਕਹਾਣੀਆਂ ਦਾ ਵੀ ਅੰਦਰਲਾ ਤੇ ਬਾਹਰਲਾ ਮਤਲਬ ਹੋਂਦਾ ਹੈ। ਰਮਜ਼ਾਂ ਤੇ ਅਲਾਮਤਾਂ ਹੋਂਦੀਆਂ ਨੇ ਜਿਨ੍ਹਾਂ ਦਾ ਮਤਲਬ ਪੜ੍ਹਨ ਵਾਲੇ ਨੇ ਕਢਣਾ ਹੋਂਦਾ ਹੈ। ਜੇ ਜ਼ਾਹਰਲਾ ਭਾਰਾ ਹੋਵੇ ਤਾਂ ਸੋਚ ਦੇ ਸੋਤੇ ਬੰਦ ਹੋ ਜਾਉਂਦੇ ਨੇ। "ਕੁਰੇਦ" ਹਯਾਤੀ ਦਾ ਸ਼ਿੰਗਾਰ ਹੈ। 'ਕੁਰੇਦਨ' ਦੀ ਸਿਕ ਮਰ ਗਈ ਤੇ ਸਮਝੋ ਪਈ ਅਸਾਂ ਜੀਉਂਦਿਆਂ ਮੋਏ।

ਅਸਾਂ ਇਹੋ ਜਿਹੀਆਂ ਕਹਾਣੀਆਂ ਲੋੜਦੇ ਹਾਂ ਜਿਹੜੀਆਂ ਸਾਡੀ ਵਿਹਲ ਟਪਾ ਸਕਣ। ਅਸਲ ਵਿਚ ਇਹਦਾ ਮਤਲਬ ਏ ਪਈ ਅਸਾਂ ਹਯਾਤੀ ਨੂੰ ਵਿਹਲ ਸਮਝਨੇ ਹਾਂ ਤੇ ਕਿਸੇ ਨਾ ਕਿਸੇ ਤਰ੍ਹਾਂ ਇਹਨੂੰ ਟਪਾਉਣਾ ਚਾਹੁੰਦੇ ਹਾਂ। ਅਸਾਂ ਅਜਿਹੀਆਂ ਕਹਾਣੀਆਂ ਲੋੜਦੇ ਹਾਂ ਜਿਨ੍ਹਾਂ ਨੂੰ ਪੜ੍ਹ ਯਾ ਸੁਣ ਕੇ ਅਸਾਡੀਆਂ ਅੱਖੀਆਂ ਵਿਚ ਨੀਂਦ ਚੜ੍ਹ ਆਏ। **ਪਰ ਲਫ਼ਜ਼ ਨੀਂਦ ਵਾਸਤੇ ਨਹੀਂ, ਜਗਾਉਣ ਵਾਸਤੇ ਹੋਂਦੇ ਨੇ, ਜ਼ਿਹਨ ਦੇ ਸੋਮੇਂ ਖੋਲ੍ਹਣ ਵਾਸਤੇ ਹੋਂਦੇ ਨੇ, ਬੰਦ ਕਰਨ ਵਾਸਤੇ ਨਹੀਂ।**

ਜੇ ਅਸਾਂ ਜੀਊਣ ਲੋੜਦੇ ਹਾਂ ਤਾਂ ਸਾਨੂੰ ਇਹ ਕਹਾਣੀਆਂ ਵਸਾਰਣੀਆਂ ਪਉਸਣ।

———

## ⊙ ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ—ਮੁਲ : ਪੰਦਰਾਂ ਰੁਪੈ, ਪੇਪਰ ਬੈਕ—ਮੁਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2.75 ਡਾਲਰ)

———


ਸੇਧ ਸੀਰੀਜ਼-1

**ਭਾਰਤ ਵਿਚ ਕਮਿਊਨਿਸਟ ਲਹਿਰ**

ਭਾਰਤ ਦੇ ਉਘੇ ਕਮਿਊਨਿਸਟ ਨੇਤਾ ਕੇ. ਦਾਮੋਦਰਨ ਦੀ ਪੁਸਤਕਾ 'ਇਕ ਕਮਿਊਨਿਸਟ ਦੀਆਂ ਯਾਦਾਂ।' ਸੇਧ ਦੇ ਏਜੰਟਾਂ ਕੋਲੋਂ ਪ੍ਰਾਪਤ ਕਰੋ ਜਾਂ ਸਿਧਿਆਂ ਸਾਨੂੰ ਲਿਖੋ।

ਮੁੱਲ : ਇਕ ਰੁਪਿਆ

**ਸਿੱਖ ਲਹਿਰ**

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।




ਗੁਰਮੀਤ ਸਿੰਘ ਢੁੱਡੀਕੇ

## "ਸਿੱਖ ਲਹਿਰ"—ਇਕ ਸਰਵੇਖਣ

ਉਪਰੋਕਤ ਪੁਸਤਕ ਵਿਚ ਸਿੱਖ ਲਹਿਰ ਦੀ ਵਿਆਖਿਆ ਕਰਦਿਆਂ ਪ੍ਰੋ: ਕਿਸ਼ਨ ਸਿੰਘ ਦੀ ਵਡਿੱਤਣ ਇਸ ਗੱਲ ਵਿਚ ਹੈ ਕਿ ਉਨ੍ਹਾਂ ਇਸ ਲਹਿਰ ਨੂੰ ਉਸ ਸਮੇਂ ਦੇ ਭੂਪਵਾਦੀ ਰਾਜ-ਪ੍ਰਬੰਧ ਦੇ ਲੱਗ-ਲਪੇਟ—ਉਸ ਦਾ ਆਰਥਕ ਢਾਂਚਾ, ਵਿਚਾਰਧਾਰਕ ਅਡੰਬਰ, ਰਾਜਸੀ, ਧਾਰਮਕ, ਤੇ ਸਮਾਜਕ ਸੰਸਥਾਵਾਂ ਅਤੇ ਸਭਿਆਚਾਰਕ ਪਿਛੋਕੜ ਦੇ ਪ੍ਰਸੰਗ ਵਿਚ ਵੇਖਿਆ, ਜੋਖਿਆ ਤੇ ਪਰਖਿਆ ਹੈ। ਅਜਿਹੇ ਪਿਛੋਕੜ ਤੋਂ ਬਿਨਾਂ ਕਿਸੇ ਧਰਮ, ਕਿਸੇ ਰਾਜਸੀ, ਸਮਾਜਕ ਜਾਂ ਧਾਰਮਕ ਲਹਿਰ ਦਾ ਠੀਕ ਮੁਲਾਂਕਣ ਸੰਭਵ ਨਹੀਂ। ਧਰਮ ਕਿਸੇ ਸਮਾਜ ਦੇ ਉਸਾਰ ਦਾ ਉਹ ਹਿੱਸਾ ਹੈ ਜਿਸ ਰਾਹੀਂ ਸਮਾਜ ਦੇ ਇਕ ਵਰਗ-ਵਿਸ਼ੇਸ਼ ਦੀਆਂ ਜ਼ਾਤੀ ਤੇ ਜਮਾਤੀ ਸਮੱਸਿਆਵਾਂ ਇਕ ਸੰਗਠਨ ਦਾ ਰੂਪ ਧਾਰ ਕੇ ਸਰਗਰਮੇ-ਅਮਲ ਹੁੰਦੀਆਂ ਹਨ। ਕਾਰਲ ਮਾਰਕਸ ਅਨੁਸਾਰ ਮਨੁਖ ਆਪਣੀਆਂ ਆਕਾਂਖਿਆਵਾਂ ਨੂੰ ਰੱਬ ਵਿਚ ਪ੍ਰਤੀਬਿੰਬਤ ਕਰਦਾ ਹੈ ਅਤੇ ਕਿਸੇ ਸਮੇਂ ਦਾ ਇਤਿਹਾਸ ਉਸ ਸਮੇਂ ਦੇ ਪ੍ਰਚਲਤ ਆਰਥਕ ਢਾਂਚੇ 'ਤੇ ਕਾਬਜ਼ ਤੇ ਇਸ ਕਬਜ਼ੇ ਤੋਂ ਵਾਂਝੀਆਂ ਜਮਾਤਾਂ ਦੀ ਟੱਕਰ ਦੇ ਰੂਪ ਵਿਚ ਵਿਦਮਾਨ ਹੁੰਦਾ ਹੈ। ਇਹ ਟੱਕਰ ਸਮਾਜਕ ਦਿਸ਼ਾ ਦੀ ਹਰ ਪੱਧਰ 'ਤੇ, ਹਰ ਪਹਿਲੂ ਵਿਚ ਰੂਪਮਾਨ ਹੁੰਦੀ ਹੈ। ਹਰ ਸਮੇਂ ਦਾ ਸਾਹਿਤ ਇਕ ਵਰਗ-ਵਿਸ਼ੇਸ਼ ਦਾ ਸਾਹਿਤ ਹੁੰਦਾ ਹੈ।

ਧਰਮ ਚੂੰਕਿ ਉਸਾਰ ਦਾ ਇਕ ਅੰਗ ਹੈ ਅਤੇ ਰੱਬ ਦਾ ਸੰਕਲਪ ਹਰ ਧਰਮ ਦਾ ਬੁਨਿਆਦੀ ਧੁਰਾ, ਇਸ ਲਈ ਹਰ ਜਮਾਤ ਆਪਣੇ ਹੱਕਾਂ ਦੇ ਹਿੱਤੀ ਰੱਬ ਦਾ ਇਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਉਸਾਰਦੀ ਅਤੇ ਆਪਣੇ ਵਿਸ਼ੇਸ਼ ਧਰਮ ਦੇ ਨਾਂਅ ਹੇਠ ਆਰਥਕ ਤੇ ਸਮਾਜਕ ਤੌਰ 'ਤੇ ਆਪਣੀ ਬੰਦ-ਖਲਾਸ ਦਾ ਰਾਹ ਲੱਭਦੀ ਹੈ। ਪਿਛਲੇ ਸਮਿਆਂ ਵਿਚ ਚੂੰਕਿ ਸਾਇੰਸ ਦੀ ਅਜੋਕੀ ਉਨਤੀ ਦੀ ਅਣਹੋਂਦ ਕਾਰਨ ਜੀਵਨ ਦਾ ਕੋਈ ਵਿਗਿਆਨਕ ਨਜ਼ਰੀਆ ਹੋਂਦ ਵਿਚ ਨਹੀਂ ਸੀ ਆਇਆ, ਇਸ ਲਈ ਵੱਖਰੇ ਵੱਖਰੇ ਸਮਿਆਂ ਵਿਚ ਜਨ-ਸਮੂਹ ਆਪਣੇ ਸਮੇਂ ਦੇ ਸੱਚ—ਦੱਬੀਆਂ ਜਮਾਤਾਂ ਦੇ ਆਰਥਕ ਜਮਾਤੀ ਹਿੱਤ—ਲਈ ਆਪਣੀ ਜਮਾਤ ਦੀਆਂ ਕੁਝ ਵਿਸ਼ੇਸ਼ ਕੀਮਤਾਂ ਦੇ ਧਾਰਨੀ ਰੱਬ ਦੇ ਸੰਕਲਪ ਰਾਹੀਂ ਧਰਮ ਦੇ ਨਾਂਅ ਥੱਲੇ ਆਪਣੇ ਹੱਕਾਂ ਲਈ ਜੂਝਦਾ ਰਿਹਾ। ਬੁੱਧ ਧਰਮ, ਈਸਾਈ ਧਰਮ, ਇਸਲਾਮ ਤੇ ਸਿੱਖ ਧਰਮ, ਇਸੇ ਜ਼ੰਜੀਰ ਦੀਆਂ ਹੀ ਕੜੀਆਂ ਹਨ। ਇਹ ਧਰਮ ਆਪਣੇ ਆਪਣੇ ਸਮਿਆਂ ਵਿਚ ਇਨਕਲਾਬ ਦਾ ਸੁਨੇਹਾ ਲੈ ਕੇ ਉਠੇ ਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜਾਂ ਦੀ ਉਸਾਰੀ ਦੀ ਅਣਹੋਂਦ ਕਾਰਨ ਹੌਲੀ ਹੌਲੀ ਹਾਕਮ ਜਮਾਤਾਂ ਦੇ ਢਹੇ ਚੜ੍ਹ ਗਏ।

ਇਸ ਪ੍ਰਸੰਗੋਂ ਵੇਖਿਆਂ ਪ੍ਰੋ: ਕਿਸ਼ਨ ਸਿੰਘ ਅਨੁਸਾਰ ਪੰਜਾਬ ਵਿਚ ਉਠੀ ਸਿੱਖ ਲਹਿਰ ਜਿਸ ਦਾ

ਵਿਚਾਰਧਾਰਕ ਆਗੂ, ਸਿੱਖ ਧਰਮ ਦਾ ਮੋਢੀ ਗੁਰੂ ਨਾਨਕ ਸੀ, ਵੀ ਆਪਣੇ ਆਪ ਵਿਚ ਭਾਰਤ ਦੀ
ਭਗਤੀ ਲਹਿਰ ਦਾ ਸਿਖਰ ਸੀ ਜਿਸ ਵਿਚ ਬਦੇਸ਼ੀ ਸਾਮੰਤੀ ਰਾਜ-ਪ੍ਰਬੰਧ ਵਿਰੁਧ ਲੋਕ-ਹਿਤੀ
ਪੈਂਤੜਾ, ਕਬੀਰ ਵਰਗੇ ਸੰਤਾਂ ਤੇ ਫਰੀਦ ਵਰਗੇ ਸੂਫ਼ੀ ਫਕੀਰਾਂ ਨੇ ਬੰਨ੍ਹਿਆ ਸੀ। ਸਿੱਖ ਲਹਿਰ,
''ਮਾਇਆ ਦੇ ਨਿਜ਼ਾਮ ਦੇ ਵਿਰੁਧ, ਲੋਕ-ਹਿੱਤ ਦੇ ਪੈਂਤੜੇ ਤੋਂ, ਮਨੁਖ ਦੀ ਆਜ਼ਾਦੀ, ਸਰਬਤ ਦੀ
ਆਜ਼ਾਦੀ ਵਾਸਤੇ ਕਿਸਾਨਾਂ, ਕੰਮੀਆਂ, ਕਾਰੀਗਰਾਂ ਤੇ ਕਾਮਿਆਂ ਦੀ ਇਨਕਲਾਬੀ ਲਹਿਰ ਸੀ।''[1]
''ਸਿੱਖ ਲਹਿਰ ਦੀ ਕਰਨੀ ਤੇ ਉਸ ਦਾ ਇਤਿਹਾਸ ਮਨੁਖ ਦੇ ਦਵਾਲਿਓਂ ਮਾਇਆ ਦੇ ਬੰਧਨ ਨੂੰ
ਤੋੜਨ ਦੀ ਜਦੋ-ਜਹਿਦ ਦਾ, ਮਾਇਆ ਦੇ ਨਿਜ਼ਾਮ ਨੂੰ ਜੜ੍ਹੋਂ ਉਖੇੜਨ ਵਾਸਤੇ ਜਦੋ-ਜਹਿਦ ਦਾ
ਇਤਿਹਾਸ ਹੈ।''[2] ''ਕਾਬਜ਼ ਨਿਜ਼ਾਮ ਮਾਇਆ ਦਾ ਨਿਜ਼ਾਮ ਸੀ, ਸਿੱਖ ਲਹਿਰ ਉਸ ਦੇ ਵਿਰੁਧ ਮਨੁਖ
ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ, ਇਹ ਲਹਿਰ, ਲੋਕ-ਹਿੱਤ ਪ੍ਰਗਟ ਕਰਦੀਆਂ
ਭਗਤੀ ਤੇ ਸੂਫ਼ੀ-ਲਹਿਰਾਂ ਦਾ ਅੰਗ ਹੈ, ਉਸ ਉਤੇ ਹੋਈ ਉਸਾਰੀ ਹੈ, ਉਸ ਦਾ ਸਿਖਰ ਹੈ। ਸਮਾਜਕ
ਤੇ ਸਿਆਸੀ ਕਰਤਵ ਵਿਚ ਸਿੱਖ ਲਹਿਰ ਭਗਤੀ ਤੇ ਸੂਫ਼ੀ ਲਹਿਰਾਂ ਨਾਲੋਂ ਪ੍ਰਕਾਰਕ ਤੌਰ 'ਤੇ ਵੱਖਰੀ
ਹੈ।''[3] ਇਸ ਤਰ੍ਹਾਂ ਇਸ ਪੁਸਤਕ ਵਿਚੋਂ ਜਿਹੜੀ ਗੱਲ ਬੜੇ ਸਪਸ਼ਟ ਰੂਪ ਵਿਚ ਉਘੜ ਕੇ ਸਾਹਮਣੇ
ਆਉਂਦੀ ਹੈ ਉਹ ਇਹ ਕਿ ਸਾਰੀਆਂ ''ਮਜ਼ਬੀ ਲਹਿਰਾਂ ਦਾ ਅਸਲਾ ਸਿਆਸੀ ਹੁੰਦਾ ਹੈ, ਸਿਆਸਤ
ਦੀ ਜੜ੍ਹ ਆਰਥਕਤਾ ਤੇ ਸਮਾਜਕ ਤੌਰ ਵਿਚ ਹੁੰਦੀ ਹੈ। ਸੋ ਫ਼ੈਸਲਾ ਭਾਵੇਂ ਨਿਰੋਲ ਮਜ਼ਬੀ ਮਨੋਰਥਾਂ
ਦੇ ਅਧੀਨ ਹੋਵੇ, ਫ਼ੈਸਲਾ ਕਰਨ ਵਾਲੇ ਉਸ ਦਾ ਕਾਰਨ, ਰੈਸ਼ਨੇਲ ਵੀ ਭਾਵੇਂ ਮਜ਼ਬੀ ਦੱਸਣ,
ਫ਼ੈਸਲੇ ਦਾ ਅਸਲਾ, ਉਸ ਦੀ ਸਮਾਜਕ ਤੌਰ, ਜ਼ਿੰਦਗੀ ਦੀ ਟੋਟੈਲਿਟੀ ਦੇ ਪ੍ਰਸੰਗ ਵਿਚ ਹੁੰਦੀ ਹੈ।
ਮਹਾਨ ਸਾਹਿਤਕਾਰਾਂ ਦੀ ਰਚਨਾ ਪਰਖਣ ਵਾਂਗ ਇਤਿਹਾਸਕ ਲਹਿਰਾਂ ਤੇ ਇਤਿਹਾਸਕ ਵਿਅਕਤੀਆਂ
ਦੇ ਕੀਤੇ ਕੰਮਾਂ ਨੂੰ ਪਰਖਣ ਲੱਗਿਆਂ ਵੇਖਣਾ ਇਹ ਨਹੀਂ ਹੁੰਦਾ ਕਿ ਉਹ ਆਪ ਕਰਨਾ ਕੀ ਚਾਹੁੰਦੇ
ਸਨ, ਕਹਿੰਦੇ ਕੀ ਸਨ, ਬਲਕਿ ਵੇਖਣਾ ਇਹੋ ਹੁੰਦਾ ਹੈ ਕਿ ਅਮਲੀ ਤੌਰ ਉਤੇ ਉਨ੍ਹਾਂ ਕੀਤਾ
ਕੀ ? ਇਤਿਹਾਸਕ ਵਿਅਕਤੀ, ਚੇਤੰਨ ਤੌਰ ਉਤੇ, ਆਵਾਜ਼ਾਂ ਭੂਤ ਨੂੰ ਹੀ ਮਾਰਦੇ ਹਨ, ਪਰ
ਉਸਾਰਦੇ ਉਹ ਭਵਿਖ ਹੁੰਦੇ ਹਨ।''[4]

ਪ੍ਰੋ: ਸਾਹਿਬ ਅਨੁਸਾਰ ਸਿੱਖ ਲਹਿਰ ਹਿੰਦੂ ਸਮਾਜ ਵਿਚ ਰੀਨੇਸਾਂਸ ਲਿਆਉਣ ਵਾਲੀ
ਇਨਕਲਾਬੀ ਲਹਿਰ ਸੀ। ਗੁਰੂ ਗੋਬਿੰਦ ਸਿੰਘ ਵੇਲੇ ਸਾਰਾ ਪੁਰਾਤਨ ਸਾਹਿਤ ਵਾਚਿਆ, ਤਰਜਮਾਇਆ
ਤੇ ਘੋਖਿਆ ਗਿਆ ਤੇ ਲੋੜ ਅਨੁਸਾਰ ਨਵੇਂ ਦੀ ਰਚਨਾ ਕੀਤੀ ਗਈ। ਗੁਰਬਾਣੀ ਉਨ੍ਹਾਂ ਅਨੁਸਾਰ ਸਿੱਖ
ਲਹਿਰ ਦੀ ਵਿਚਾਰਧਾਰਾ ਤੇ ਉਹ ਸਦੀਵੀ ਸੱਚ ਹੈ ਜੋ ਕਦੀ ਪੁਰਾਣਾ ਨਾ ਥੀਏ। ਇਸ ਵਿਚ ਜਗੀਰੂ
ਨਿਜ਼ਾਮ ਤੇ ਕਾਬਜ਼ ਜਮਾਤ ਦੀ ਤਰਜ਼ੇ-ਜ਼ਿੰਦਗੀ ਦੀ ਆਲੋਚਨਾ ਕਾਮੇ, ਕਿਰਤੀ, ਕਿਸਾਨ ਤੇ ਗਰੀਬ
ਮਜ਼ਦੂਰ ਦੇ ਜਮਾਤੀ ਪੈਂਤੜੇ ਤੋਂ ਹੋਈ। ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਜਨ-ਸਮੂਹ ਹਿੱਤੀ
ਇਨਕਲਾਬੀ ਕਲਚਰ ਉਸਾਰੀ ਅਤੇ ਅਜਿਹੇ ਮਨੁਖ (ਗੁਰਮੁਖ) ਦੀ ਬੁਨਿਆਦ ਰਖੀ ਜਿਸ ਨੇ
ਇਨਕਲਾਬੀ ਚੇਤੰਨਤਾ ਵਰ ਕੇ ਕਾਬਜ਼ ਨਿਜ਼ਾਮ ਵਿਰੁਧ ਖੰਡਾ ਖੜਕਾਇਆ। ਆਪਣੇ ਸਮੇਂ ਦੇ
ਸੱਚ—ਸਮਾਜਕ ਉਸਾਰੀ ਦੇ ਕਾਨੂੰਨ—ਨੂੰ ਗੁਰਬਾਣੀ (ਕਵਿਤਾ) ਰਾਹੀਂ ਪੇਸ਼ ਕਰ ਕੇ ਲੋਕ-ਜਜ਼ਬੇ ਨੂੰ
ਹਲੂਣ ਕੇ ਉਨ੍ਹਾਂ ਦੀ ਚੇਤੰਨਤਾ ਦਾ ਅੰਗ ਬਣਾਇਆ।

''ਸਮਾਜ ਤੇ ਮਨੁਖ ਨੂੰ ਸੱਚ ਦੇ ਮਾਰਗ ਉਤੇ ਚਲਾਉਣ ਵਾਸਤੇ ਪਹਿਲੀ ਗੱਲ ਜਜ਼ਬੇ ਨੂੰ
ਜਗਾਉਣਾ ਹੈ। ਉਸ ਵਾਸਤੇ ਬੁਨਿਆਦੀ ਵਸੀਲਾ ਗੁਰਬਾਣੀ ਦੀ ਰਚਨਾ, ਉਸ ਦਾ ਕੀਰਤਨ ਹੈ...
ਸੱਚ ਨੂੰ ਬਤੌਰ ਜਜ਼ਬਾ ਵੇਖਣਾ ਅਤੇ ਉਸ ਦਾ ਕਵਿਤਾ ਵਿਚ ਪ੍ਰਗਟਾ, ਉਸ ਨੂੰ ਪ੍ਰੇਰਨਾ ਬਣਾਉਣਾ ਹੈ।



ਉਸ ਕਵਿਤਾ ਨੂੰ ਰਾਗਾਂ ਵਿਚ ਪਾਉਣਾ, ਉਸ ਦਾ ਕੀਰਤਨ ਕਰਾਉਣਾ, ਉਸ ਦੀ ਪ੍ਰੇਰਨਾ ਨੂੰ ਪੱਕਿਆਂ
ਕਰਨਾ ਹੈ।''[5] ''ਬਾਣੀ ਦੀ ਸਾਰੀ ਪ੍ਰੇਰਨਾ ਗੁਰੂ ਦੇ ਸ਼ਬਦ ਰਾਹੀਂ, ਉਨ੍ਹਾਂ ਕੀਮਤਾਂ, ਉਨ੍ਹਾਂ ਗੁਣਾਂ ਨੂੰ
ਗ੍ਰਹਿਣ ਕਰਨ ਦੀ ਅਤੇ ਹੋਰ ਸਭ ਕੁਝ ਨੂੰ, ਉਨ੍ਹਾਂ ਦੇ ਵਿਰੋਧੀਆਂ ਨੂੰ, ਹਿਰਦੇ ਵਿਚੋਂ ਕੱਢਣ ਦੀ ਹੈ।
ਦੂਜੇ ਲਫ਼ਜ਼ਾਂ ਵਿਚ, ਪ੍ਰੇਰਨਾ ਮਨੁਖ ਨੂੰ ਲੋਕ ਹਿੱਤ, ਇਨਸਾਨੀਅਤ ਦਾ ਸਰੂਪ ਬਣਾਉਣ ਦੀ, ਜਮਾਤੀ
ਤੌਰ ਉਤੇ ਚੇਤੰਨ ਕਰਨ ਦੀ ਹੈ।''[6] ''ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ, ਸਮੇਤ ਭਗਤਾਂ
ਦੀ ਬਾਣੀ ਦੇ, ਫਿਊਡਲਾਂ ਦੇ ਖਿਲਾਫ ਲੋਕ-ਹਿੱਤ ਪ੍ਰਗਟ ਕਰਦੀ ਹੈ। ਸਾਰੀ ਬਾਣੀ ਦਾ ਪੈਟਰਨ
ਇਹ ਹੈ ਕਿ ਰੱਬ ਹੈ। ਹਰ ਚੀਜ਼ ਦਾ ਸੋਮਾਂ ਉਹੀ ਹੈ। ਅਤੇ ਸਭ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਹੈ।
ਉਸ ਨੇ ਮੌਤ ਤੋਂ ਮਗਰੋਂ ਬੰਦੇ ਦੇ ਇਥੇ, ਬਤੌਰ ਸਮਾਜਕ ਮਨੁਖ, ਇਸ ਜ਼ਿੰਦਗੀ ਵਿਚ ਕੀਤੇ ਕੰਮਾਂ
ਦਾ ਲੇਖਾ ਲੈਣਾ ਹੈ। ਇਸ ਜਾਮੇਂ ਵਿਚ ਕੀਤੇ ਕੰਮਾਂ ਦੇ ਆਧਾਰ 'ਤੇ ਬੰਦੇ ਨੂੰ ਰੱਬ ਦੀ ਦਰਗਾਹ
ਵਿਚ ਜਾਂ ਆਦਰ ਮਾਣ ਮੁਕਤੀ ਮਿਲੇਗੀ ਜਾਂ ਸਜ਼ਾ। ਸਾਰੀ ਬਾਣੀ ਬੰਦੇ ਨੂੰ ਹਿਦਾਇਤ ਹੈ ਕਿ ਉਹ
ਇਸ ਘੜੀ ਤੋਂ ਹੀ ਉਹ ਕੰਮ ਕਰੇ ਜੋ ਰੱਬ ਨੂੰ ਪਰਵਾਨ ਹਨ ਅਤੇ ਜੋ ਉਸ ਨੂੰ ਪਰਵਾਨ ਨਹੀਂ
ਉਨ੍ਹਾਂ ਨੂੰ ਤਿਆਗੇ।''[7]

ਗੁਰਬਾਣੀ ਦਾ ਮੂਲ ਕੇਂਦਰ ਰੱਬ ਦਾ ਸੰਕਲਪ ਹੈ ਅਤੇ ਕਿਰਤੀ ਜਮਾਤ ਦੇ ਰੱਬ ਦਾ ਸਰੂਪ ਜੋ
ਗੁਰਬਾਣੀ ਵਿਚ ਚਿਤਰਿਆ ਗਿਆ ਹੈ ਉਨ੍ਹਾਂ ਮਨੁਖੀ ਕੀਮਤਾਂ ਦਾ ਧਾਰਨੀ ਹੈ ਜਿਨ੍ਹਾਂ ਕੀਮਤਾਂ ਲਈ
ਸਦੀਆਂ ਤੋਂ ਹਰ ਯੁਗ ਵਿਚ ਕਿਰਤੀ ਜਨ-ਸਮੂਹ ਰਾਜ-ਅਧਿਕਾਰ ਪ੍ਰਾਪਤ ਲੋਟੂਆਂ ਦੇ ਵਿਰੁਧ ਜੂਝਦਾ
ਆਇਆ ਹੈ। ਪ੍ਰੋ: ਸਾਹਿਬ ਅਨੁਸਾਰ ''ਗੁਰਬਾਣੀ ਦਾ ਰੱਬ ਪ੍ਰਚਲਤ ਸਮਾਜ ਵਿਚਲੇ ਜਮਾਤੀ ਅੰਗ
ਦਾ ਵੈਰੀ ਹੈ। ਗੁਰਬਾਣੀ ਰੱਬ ਦੀ ਵਡਿਆਈ ਨਾਲ ਭਰੀ ਹੋਈ ਹੈ। ਰੱਬ ਸਟੇਟ ਦਾ ਚਿਤਰ ਹੈ।
ਰੱਬ ਦੀ ਵਡਿਆਈ ਉਸ ਸਟੇਟ ਦੀ ਵਡਿਆਈ ਹੈ ਜੋ ਗੁਰੂ ਸਾਹਿਬ ਨੂੰ ਪਰਵਾਨ ਹੈ। ਉਸ ਵੇਲੇ ਦੇ
ਮਜ਼ੁਬ ਦੀ ਬੁਨਿਆਦ ਰੱਬ ਸੀ। ਸਮਾਜ ਦੇ ਪ੍ਰਚਲਤ ਪੈਟਰਨ ਦਾ ਸਭ ਨਾਲੋਂ ਵੱਡਾ ਖੰਡਨ ਗੁਰੂ
ਨਾਨਕ ਨੇ ਆਪਣੇ ਦਿੱਤੇ ਰੱਬ ਦੇ ਸੰਕਲਪ, ਉਸ ਦੇ ਚਿਤਰ ਰਾਹੀਂ ਕੀਤਾ।''[8] ''ਰੱਬ ਦੇ ਚਿਤਰ ਦੀ
ਵਸਤੂ ਲੋਕ-ਹਿੱਤ ਦੀ ਹੈ। ਰੱਬ ਸਟੇਟ ਦਾ ਚਿੱਤਰ ਹੈ। ਸੱਚੇ ਪਾਤਸ਼ਾਹ ਦੇ ਰੂਪ ਵਿਚ ਪੇਸ਼ ਹੈ।
ਲੋਕ-ਹਿੱਤ ਬੰਦੇ ਦੀ ਵਫ਼ਾਦਾਰੀ ਵਿਚ ਆਪਣਾ ਸ਼ਰੀਕ ਨਹੀਂ ਸਹਾਰਦਾ, ਕਿਉਂਕਿ ਜੋ ਵੀ ਰੱਬ ਤੋਂ
ਬਾਹਰ ਹੈ, ਮਾਇਆ ਹੈ। ਜੋ ਵੀ ਲੋਕ-ਹਿੱਤ ਤੋਂ ਬਾਹਰ ਹੈ, ਉਹ ਫਿਊਡਲ-ਹਿੱਤੀ ਹੈ।''[9] ''ਮਾਇਆ
ਵਾਲੀ ਤਰਜ਼ੇ-ਜ਼ਿੰਦਗੀ ਪੈਦਾ ਤਾਂ ਰੱਬ ਦੇ ਹੁਕਮ ਵਿਚ ਹੀ ਹੋਈ ਹੈ (ਉਸ ਦੇ ਹੁਕਮ ਤੋਂ ਬਾਹਰ ਤਾਂ
ਕੁਝ ਨਹੀਂ। ਸਮਾਜਕ ਉਸਾਰੀ ਦੇ ਕਾਨੂੰਨ ਨੇ ਹੀ ਕੀਤੀ ਹੈ। ਸਮਾਜ ਵਿਚ ਜੋ ਵੀ ਹੁੰਦਾ ਹੈ ਸਮਾਜਕ
ਉਸਾਰੀ ਦੇ ਕਾਨੂੰਨ ਦੇ ਅਧੀਨ ਹੀ ਹੁੰਦਾ ਹੈ) ਪਰ ਗੁਰਬਾਣੀ ਵਾਲੇ ਰੱਬ ਦਾ ਹੁਕਮ ਹੈ ਕਿ ਮਾਇਆ
ਵਾਲੀ ਇਹ ਤਰਜ਼ੇ-ਜ਼ਿੰਦਗੀ ਖਤਮ ਹੋਵੇ, ਮਨੁਖ ਆਪਣੇ ਦਵਾਲਿਓਂ ਮਾਇਆ ਦਾ ਬੰਧਨ ਤੋੜੇ ਅਤੇ
ਆਜ਼ਾਦ ਹੋਵੇ। ਆਜ਼ਾਦ ਹੋ ਕੇ ਸੁਖ ਤੇ ਸਫਲਤਾ ਦੀ ਜ਼ਿੰਦਗੀ ਬਤੀਤ ਕਰੇ।''[10]

ਸਹੀ ਅਰਥਾਂ ਵਿਚ ਕੋਈ ਵੀ ਇਤਿਹਾਸਕ ਲਿਖਤ ਕਿਸੇ ਸਮੇਂ ਦੇ ਪ੍ਰਚਲਤ ਧਰਮ, ਵਿਚਾਰਧਾਰਾ,
ਸਮਾਜਕ, ਰਾਜਸੀ ਤੇ ਭਾਈਚਾਰਕ ਸੰਸਥਾਵਾਂ ਨੂੰ ਆਪਣੇ ਆਰਥਕ-ਜਮਾਤੀ ਪ੍ਰਸੰਗ ਵਿਚ ਵੇਖਿਆਂ
ਬਗ਼ੈਰ ਸੰਪੂਰਨ ਨਹੀਂ ਕਹੀ ਜਾ ਸਕਦੀ। ਮਾਰਕਸ ਅਨੁਸਾਰ ਸਭਿਅਤਾ ਦੇ ਮੁੱਢੋਂ ਹੀ ਕਾਬਜ਼ ਨਿਜ਼ਾਮ
ਵਿਰੁਧ ਲੋਕ-ਹਿੱਤੀ ਪੈਂਤੜਾ, ਸਦਾ ਧਰਮ ਦੇ ਨਾਂ ਥੱਲੇ ਬੱਝਦਾ ਰਿਹਾ। ''ਜਮਾਤੀ ਸਮਾਜ ਦੇ ਰਾਇਜ
ਹੋਣ ਦੇ ਸਮੇਂ ਤੋਂ ਹੀ ਦੱਬੀਆਂ ਹੋਈਆਂ ਜਮਾਤਾਂ—ਗੁਲਾਮ, ਕਿਸਾਨ, ਕਾਮੇ ਆਦਿ—ਲੋਕ-ਹਿੱਤੀ
ਪੈਂਤੜੇ ਤੋਂ ਆਪਣੀ ਆਜ਼ਾਦੀ ਵਾਸਤੇ ਹਾਕਮ ਜਮਾਤਾਂ ਦੇ ਵਿਰੁਧ ਇਨਕਲਾਬੀ ਤੌਰ 'ਤੇ ਉਠਦੇ

ਆਏ ਹਨ, ਅਤੇ ਪਹਿਲੇ ਦੌਰਾਂ ਵਿਚ ਬਹੁਤ ਵੇਰ ਉਹ ਆਪਣਾ ਇਨਕਲਾਬੀ ਹਿੱਤ, ਇਨਕਲਾਬੀ ਮਜ਼੍ਹਬਾਂ ਰਾਹੀਂ ਹੀ ਪ੍ਰਗਟ ਕਰਦੇ ਆਏ ਹਨ।''[11] ਹਿੰਦੁਸਤਾਨ ਵਿਚ ਬਦੇਸ਼ੀ ਮੁਸਲਮ ਸਾਮੰਤਸ਼ਾਹੀ ਵਿਰੁਧ ਅਜਿਹੇ ਰੋਸ ਨੇ ਭਗਤੀ ਲਹਿਰ ਦਾ ਰੂਪ ਧਾਰਨ ਕੀਤਾ। ਜਦੋਂ ਇਹ ਸਾਮੰਤੀ-ਪ੍ਰਬੰਧ ਵੀ ਰਸਾਤਲ ਵੱਲ ਜਾਣ ਲੱਗਾ ਤਾਂ ਸੂਫ਼ੀ ਫਕੀਰਾਂ ਨੇ ਭਗਤੀ ਲਹਿਰ ਨੂੰ ਬਲ ਬਖਸ਼ਿਆ ਤੇ ਗੁਰੂ ਨਾਨਕ ਦੇ ਆਗਮਨ ਨਾਲ ਵਿਰੋਧੀ ਵਿਚਾਰਧਾਰਾ (ਗੁਰਬਾਣੀ) ਰਾਹੀਂ ਰਾਜਸੀ ਤੇ ਆਰਥਕ ਪੱਧਰ 'ਤੇ ਬੁਨਿਆਦੀ ਪਰੀਵਰਤਨ ਲਈ ਪੂਰਨੇ ਪਏ। ਗੁਰੂ ਨਾਨਕ ਨੇ ਆਪਣਾ ਨਵਾਂ ਧਰਮ ਉਸਾਰਿਆ, ਇਕ ਨਵੀਂ ਚੇਤਨਤਾ ਦਾ ਪ੍ਰਵਾਹ ਚਲਾਇਆ। ''ਇਨਕਲਾਬੀ ਚੇਤਨਤਾ ਵਾਸਤੇ ਲਾਜ਼ਮੀ ਹੈ ਕਿ ਉਹ ਕਾਬਜ਼ ਜਮਾਤਾਂ ਦੇ ਹਿੱਤੀ ਖ਼ਿਆਲਾਂ, ਜਜ਼ਬਿਆਂ, ਕੀਮਤਾਂ, ਅਮਲੀ ਤੌਰ ਉਤੇ ਕੰਮ ਕਰਦੀਆਂ ਮਜ਼੍ਹਬੀ, ਕਲਚਰਲ ਸਮਾਜਕ, ਸਿਆਸੀ—ਹਰ ਕਿਸਮ ਦੀਆਂ—ਸੰਸਥਾਵਾਂ ਦਾ ਖੰਡਨ ਕਰੇ ਅਤੇ ਉਨ੍ਹਾਂ ਦੇ ਮੁਕਾਬਲੇ ਉਤੇ, ਆਪਣੇ ਹਿੱਤ ਉਸਾਰੇ ਅਤੇ ਉਨ੍ਹਾਂ ਦੀ, ਸੱਚ ਤੇ ਸਦਾਚਾਰ ਦੀ ਬਿਨਾ ਉਤੇ, ਵਕਾਲਤ ਕਰੇ। ਗੁਰੂ ਨਾਨਕ ਨੇ ਪੈਂਦਿਆਂ ਹੀ ਕਿਹਾ ਕਿ ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ, ਜਿਸ ਦਾ ਮਤਲਬ ਸੀ ਕਿ ਉਸ ਦੇ ਸੰਕਲਪੇ ਰੱਬ ਦੀ ਤੱਕੜੀ ਵਿਚ ਪ੍ਰਚਲਤ ਕਿਸਮ ਦਾ (ਬੰਦਾ) ਨਾ ਹਿੰਦੂ ਸੀ, ਨਾ ਮੁਸਲਮਾਨ। ਇਹ ਨਾਹਰਾ ਨਵੀਂ ਕਿਸਮ ਦੇ ਇਨਸਾਨ ਦੀ ਲੋੜ ਦਾ ਨਾਹਰਾ ਸੀ ਜਿਸ ਦਾ ਚਿਤਰ ਉਨ੍ਹਾਂ ਆਪਣੀ ਬਾਣੀ ਵਿਚ ਗੁਰਮੁਖ ਕਰ ਕੇ ਦਿੱਤਾ ਹੈ। ਮਨਮੁਖਾਂ ਤੋਂ ਗੁਰਮੁਖ ਬਣਾਉਣੇ ਗੁਰੂ ਨਾਨਕ ਦੀ ਬਾਣੀ ਦਾ ਵਿਸ਼ਾ, ਉਸ ਦੇ ਦਿੱਤੇ ਮਜ਼੍ਹਬ ਦੀ ਕੋਸ਼ਿਸ਼ ਤੇ ਲੋਕ-ਹਿਤ ਦੀ ਜ਼ਰੂਰਤ ਸੀ।''[12]

ਧਿਆਨਯੋਗ ਗੱਲ ਇਹ ਹੈ ਕਿ ਸਾਰੀ ਪੁਸਤਕ ਵਿਚ ਕਿਧਰੇ ਵੀ ਅਜਿਹਾ ਪ੍ਰਭਾਵ ਨਹੀਂ ਪੈਂਦਾ ਕਿ ਉਹ ਗੁਰਬਾਣੀ ਨੂੰ ਮਾਰਕਸਵਾਦ ਕਰਾਰ ਦੇ ਰਹੇ ਹੋਣ ਜਾਂ ਜਿਵੇਂ ਕਿ ਕਈ ਅਨਪੜ੍ਹ, ਅਧਪੜ੍ਹ ਪਾਠਕਾਂ ਦਾ ਵਿਚਾਰ ਹੈ ਕਿ ਉਹ 'ਗੁਰਬਾਣੀ ਵਿਚੋਂ ਮਾਰਕਸਵਾਦ ਕੱਢ ਰਹੇ ਹੋਣ।' ਉਨ੍ਹਾਂ ਸਿੱਖ ਲਹਿਰ ਦੀ ਮੁੱਢੋਂ ਲੈ ਕੇ ਅੰਤ ਤਕ ਮਾਰਕਸੀ ਦ੍ਰਿਸ਼ਟੀਕੋਣ ਤੋਂ ਸਪਸ਼ਟ ਰੂਪ ਵਿਚ ਵਿਆਖਿਆ ਕਰਦਿਆ ਇਸ ਦੀ ਵਿਚਾਰਧਾਰਾ (ਗੁਰਬਾਣੀ) ਤੇ ਉਸ ਦੇ ਧਾਰਮਕ ਸੰਕਲਪਿਤ ਮੁਹਾਵਰੇ ਦਾ ਮੂਲ, ਖਾਲਸੇ ਦੀਆਂ ਉਸਾਰੀਆਂ ਸਮਾਜਕ ਤੇ ਭਾਈਚਾਰਕ ਸੰਸਥਾਵਾਂ, ਸਭਿਆਚਾਰਕ ਸਰਗਰਮੀਆਂ, ਰਾਜਸੀ ਤੇ ਫ਼ੌਜੀ ਸੰਗਠਨ, ਜੈਕਾਰੇ, ਬੋਲੇ, ਸਿੱਖ ਦੇ ਜਮਾਤੀ ਰੂਪ ਸਿੰਘ ਦੇ ਸੰਕਲਪ, ਸ਼ਹਿਰਾਂ ਦੇ ਵਸਾਉਣ, ਬਾਉਲੀਆਂ ਦੇ ਲਗਵਾਉਣ, ਖੰਡੇ ਦੇ ਅੰਮ੍ਰਿਤ ਦੀ ਮਹੱਤਾ, ਖਾਲਸੇ ਦੀ ਵਰਦੀ (ਪੰਜ ਕੱਕੇ) ਆਦਿ ਦੀ ਵਿਸਥਾਰ ਪੂਰਵਿਕ ਵਿਆਖਿਆ ਕਰਦਿਆਂ ਇਹ ਸਿੱਧ ਕੀਤਾ ਹੈ ਕਿ ਸਿੱਖ ਲਹਿਰ ਮੁੱਢੋਂ ਸੁੱਢੋਂ ਧਰਮ ਦੇ ਨਾਂਅ ਥੱਲੇ ਚੱਲੀ। ਇਕ ਇਨਕਲਾਬੀ ਲਹਿਰ ਸੀ ਅਤੇ ਗੁਰਬਾਣੀ ਮੱਧ-ਕਾਲ ਵਿਚ ਲੋਕ-ਹਿੱਤੀ ਪੈਂਤੜੇ ਤੋਂ ਰਚਿਆ ਗਿਆ ਉਹ ਸਾਹਿਤ ਹੈ ਜੋ ਇਕ ਵਰਗ-ਵਿਸ਼ੇਸ਼ (ਕਿਰਤੀ, ਕਿਰਸਾਣੀ) ਦੇ ਹਿੱਤ ਪੂਰਦਾ ਹੈ ਅਤੇ ਇਸ ਵਿਚ ਸਮੇਂ ਦੇ ਸੰਕਲਪੀ ਮੁਹਾਵਰੇ ਦੁਆਰਾ ਕਿਰਤੀ ਕਿਰਸਾਣੀ ਜਮਾਤ ਦਾ ਸਦੀਵੀ ਸੱਚ ਅੰਕਿਤ ਹੈ ਜਿਸ ਨੂੰ ਸਮਝਣਾ ਅਜ ਦੇ ਇਤਿਹਾਸਕਾਰਾਂ ਤੇ ਸਮਾਜ-ਸ਼ਾਸਤਰੀਆਂ ਦਾ ਪਰਮ-ਕਰਤਵ ਹੈ ਅਤੇ ਅਜਿਹੀ ਵਿਆਖਿਆ ਹੀ ਇਤਿਹਾਸ ਦੀ ਸਹੀ ਤੇ ਵਿਗਿਆਨਕ ਵਿਆਖਿਆ ਹੈ।

ਗੁਰਬਾਣੀ, ਪ੍ਰੋ: ਕਿਸ਼ਨ ਸਿੰਘ ਅਨੁਸਾਰ ਵੇਲੇ ਦੇ ਮੁਗ਼ਲ ਜਗੀਰੂ ਰਾਜ-ਪ੍ਰਬੰਧ ਵਿਰੁਧ ਉਠੀ ਸਿੱਖ-ਲਹਿਰ ਦੀ ਵਿਚਾਰਧਾਰਾ ਹੈ ਅਤੇ ਇਸ ਵਿਚ ਪੇਸ਼ ਰੱਬ ਦਾ ਸਰੂਪ, ਮੁਕਤੀ, ਮਾਇਆ, ਨਾਮ, ਹੁਕਮ, ਸ਼ਬਦ ਗੁਰੂ ਆਦਿ ਉਸ ਸਮੇਂ ਦੀ ਧਾਰਮਕ ਚੇਤੰਨਤਾ ਅਨੁਸਾਰ ਲੋਕ-ਹਿੱਤੀ ਪੈਂਤੜੇ ਦੇ ਉਹ ਸੰਦ, ਪ੍ਰਗਟਾ



ਦਾ ਉਹ ਰੂਪ ਤੇ ਮੁਹਾਵਰਾ ਹਨ ਜਿਨ੍ਹਾਂ ਦੁਆਰਾ ਉਸ ਸਮੇਂ ਦੇ ਯਥਾਰਥ ਨੂੰ ਲੋਕ-ਅਨੁਭਵ ਦਾ ਅੰਗ ਬਣਾਉਣ ਦਾ ਗੁਰੂ ਜੀ ਨੇ ਇਕ ਮਹਾਨ ਉਪਰਾਲਾ ਕੀਤਾ ਤੇ ਜਿਨ੍ਹਾਂ 'ਤੇ ਅਮਲ ਕਰਦਿਆਂ ਉਸ ਸਮੇਂ ਦੇ ਕੰਮੀ, ਕਿਰਤੀ, ਕਿਸਾਨਾਂ ਨੇ ਹਕੂਮਤ ਦੇ ਖ਼ਿਲਾਫ਼ ਆਪਣੇ ਹੱਕਾਂ ਲਈ ਲੋਹਾ ਲਿਆ। ਆਧੁਨਿਕ ਸਮੇਂ ਵਿਚ ਇਨ੍ਹਾਂ ਸੰਕਲਪਾਂ ਦੀ ਵਿਗਿਆਨਕ ਵਿਆਖਿਆ ਤੇ ਇਨ੍ਹਾਂ ਨੂੰ ਅਜੋਕੇ ਵਿਗਿਆਨਕ ਮੁਹਾਵਰੇ ਵਿਚ ਪ੍ਰਤਾਉਣਾ (decode) ਹੀ ਗੁਰਬਾਣੀ ਦੇ ਵਿਸ਼ਾ-ਵਸਤੂ ਨੂੰ ਸਹੀ ਰੂਪ ਵਿਚ ਸਮਝਣਾ ਤੇ ਲਹਿਰ ਦੇ ਪਾਏ ਪੂਰਨਿਆਂ, ਉਦੇਸ਼ਾਂ ਤੇ ਪ੍ਰਾਪਤੀਆਂ ਨੂੰ ਸਹੀ ਰੂਪ ਵਿਚ ਮੂਰਤੀਮਾਨ ਕਰਨਾ ਹੈ। ਪ੍ਰੋ: ਕਿਸ਼ਨ ਸਿੰਘ ਨੇ ਸਿੱਖ ਲਹਿਰ ਵਿਚ ਉਪਰੋਕਤ ਪ੍ਰਕਾਰ ਦੀ ਇਤਿਹਾਸ-ਵਿਆਖਿਆ ਦੇ ਪੂਰਨੇ ਪਾਏ ਹਨ ਜੋ ਨਿਰਸੰਦੇਹ ਮੌਲਿਕ ਤੇ ਨਿਵੇਕਲਾ ਯਤਨ ਹੈ ਜਿਸ ਤੋਂ ਧਰਮ, ਇਤਿਹਾਸ ਤੇ ਸਮਾਜਕ ਸਾਇੰਸ ਦੇ ਵਿਦਿਆਰਥੀ ਆਉਣ ਵਾਲੇ ਸਮੇਂ ਵਿਚ ਸੇਧ ਲੈਂਦੇ ਰਹਿਣਗੇ। ਸੰਖੇਪ ਵਿਚ ਉਨ੍ਹਾਂ ਦੀ ਪੁਸਤਕ ਦੇ ਮੂਲ ਤੱਤ ਹਨ ਮਜ਼੍ਹਬ, ਸਿੱਖ ਲਹਿਰ ਤੇ ਇਸ ਦੀ ਧਾਰਮਕਤਾ ਦਾ ਵਿਗਿਆਨਕ ਅਸਲਾ, ਸਿੱਖ ਲਹਿਰ ਦੀ ਵਿਚਾਰਧਾਰਾ-ਗੁਰਬਾਣੀ, ਗੁਰਬਾਣੀ ਵਿਚ ਰੱਬ ਦਾ ਸੰਕਲਪ ਦੇ ਲੋਕ-ਹਿੱਤੀ ਕੀਮਤਾਂ ਦਾ ਸੱਚ—ਨਾਮ, ਅਤੇ ਇਸ ਲਹਿਰ ਦਾ ਲੀਡਰ, ਗੁਰੂ। ਗੁਰਬਾਣੀ ਤੇ ਉਸ ਦੇ ਮੁਹਾਵਰੇ ਵਿਚ ਦਿਸਦੀਆਂ ਪ੍ਰਤੱਖ ਸ੍ਵੈ-ਵਿਰੋਧਤਾਵਾਂ ਨੂੰ ਉਨ੍ਹਾਂ ਅਚੂਕ ਦਲੀਲਾਂ ਨਾਲ ਇਕੋ ਰੌਂ, ਲੋਕ-ਹਿਤੀ ਪੈਂਤੜੇ ਰਾਹੀਂ ਵਗਦਿਆਂ ਦਿਖਾਇਆ ਹੈ।

ਡਾ: ਏ. ਡੀ. ਮਲਿਕ ਨੇ ਆਪਣੀ ਪੁਸਤਕ **An Indian Guerilla War** ਵਿਚ ਸਿੱਖ ਲਹਿਰ ਬਾਰੇ ਲਿਖਦਿਆਂ ਲਗਭਗ ਉਹੀ ਸਿੱਟੇ ਕੱਢੇ ਹਨ ਜਿਨ੍ਹਾਂ ਦੀ ਵਿਸਥਾਰ-ਪੂਰਵਿਕ ਵਿਆਖਿਆ ਪ੍ਰੋ. ਕਿਸ਼ਨ ਸਿੰਘ ਨੇ 'ਸਿੱਖ ਲਹਿਰ' ਵਿਚ ਕੀਤੀ ਹੈ। ਮਲਿਕ ਸਾਹਿਬ ਗੁਰੂ ਨਾਨਕ ਦੀ ਵਿਚਾਰ-ਧਾਰਾ ਨੂੰ ਇਕ ਰੱਬ ਦੀ ਪੂਜਾ ਤੋਂ ਵੱਧ ਹੋਰ ਬਹੁਤ ਕੁਝ ਸਮਝਦੇ ਹਨ ਤੇ ਸਿੱਖ ਲਹਿਰ ਵੀ ਉਨ੍ਹਾਂ ਅਨੁਸਾਰ ਕੇਵਲ ਇਕ ਧਾਰਮਕ ਲਹਿਰ ਹੀ ਨਹੀਂ ਸੀ।[13]

ਪ੍ਰੋ: ਕਿਸ਼ਨ ਸਿੰਘ ਲਹਿਰ ਦੇ ਅਫ਼ਿਰਕੂ (ਸੈਕੂਲਰ) ਅਸਲੇ ਦੀ ਗੱਲ ਕਰਦੇ ਹੋਏ, ਕਈ ਗੁਰੂਆਂ ਤੇ ਮੁਗ਼ਲ ਬਾਦਸ਼ਾਹਾਂ ਦੇ ਹੋਏ ਨੇੜ ਤੋਂ ਇਹ ਸਿੱਟਾ ਕੱਢਦੇ ਹਨ ਕਿ ਗੁਰੂ ਘਰ ਨੇ ਕਦੇ ਵੀ ਸੰਪ੍ਰਦਾਇਕ ਨਜ਼ਰੀਆ ਅਖ਼ਤਿਆਰ ਨਹੀਂ ਸੀ ਕੀਤਾ। ਲਹਿਰ ਦਾ ਮਕਸਦ ਹਮੇਸ਼ਾ ਸਿਆਸੀ ਰਿਹਾ। ਉਸ ਦਾ ਰੱਬ ਲੋਕ-ਹਿਤੀ ਸਟੇਟ ਦਾ ਅਕਸ ਹੈ ਅਤੇ ਗੁਰੂ ਸਾਹਿਬਾਨ ਨੇ ਹਮੇਸ਼ਾ ਕਾਬਜ਼ ਸਟੇਟ ਉਤੇ ਅੱਖ ਰੱਖੀ। ਗੁਰੂ ਅਮਰ ਦਾਸ ਤੇ ਗੁਰੂ ਰਾਮਦਾਸ ਨੇ ਸਟੇਟ ਤੋਂ ਸਿੱਖ ਲਹਿਰ ਦੀ ਉਸਾਰੀ ਵਾਸਤੇ ਫਾਇਦਾ ਉਠਾਇਆ; ਗੁਰੂ ਅਰਜਨ ਨੇ ਸਟੇਟ ਵਿਚ ਦਖ਼ਲ ਦਿੱਤਾ, ਖੁਸਰੋ ਦੀ ਮਦਦ ਕੀਤੀ (ਖੁਸਰੋ ਸਿੱਖ ਲਹਿਰ ਲਈ ਇਨਸਾਨੀਅਤ ਦੇ ਨੁਕਤੇ ਤੋਂ ਜਹਾਂਗੀਰ ਤੋਂ ਚੰਗਾ ਸੀ) ਤੇ ਮੁੱਲ ਤਾਰਿਆ। ਇਸੇ ਤਰ੍ਹਾਂ ਗੁਰੂ ਹਰ ਰਾਏ ਨੇ ਦਾਰਾ ਸ਼ਿਕੋਹ ਨਾਲ ਹਮਦਰਦੀ ਦਿਖਾਈ ਤੇ ਜ਼ੋਰ ਲਾਇਆ ਕਿ ਉਹ ਤਖ਼ਤ ਲਈ ਲੜੇ। ਮਲਿਕ ਸਾਹਿਬ ਵੀ ਲਹਿਰ ਨੂੰ ਅਫ਼ਿਰਕੂ ਮਿਥਦੇ ਹਨ।[14] ਸਿੱਖ ਲਹਿਰ ਵਿਚ ਵੰਡ ਛਕਣ, ਲੰਗਰ ਦੀਆਂ ਦਸਵੰਧ ਦੀਆਂ ਪ੍ਰਥਾਵਾਂ ਦਾ ਵਿਸਥਾਰ-ਪੂਰਵਿਕ ਜ਼ਿਕਰ ਆਇਆ ਹੈ ਤੇ ਸਾਂਵੀ ਵੰਡ ਸਿੱਖ ਲਹਿਰ ਦਾ ਮੂਲ ਉਦੇਸ਼ ਰਿਹਾ ਹੈ। ਇਥੋਂ ਤੱਕ ਕਿ ਪੰਜਾਬ ਵਿਚ ਛੋਟੇ ਕਿਸਾਨ ਦੀ ਜ਼ਮੀਨ ਦੀ ਮਾਲਕੀ ਦੀ ਸੰਸਥਾ ਨੂੰ ਵੀ ਪ੍ਰੋ: ਕਿਸ਼ਨ ਸਿੰਘ ਸਿੱਖ ਲਹਿਰ ਦੀ ਦੇਣ ਹੀ ਮਿਥਦੇ ਹਨ। ਮਲਿਕ ਸਾਹਿਬ ਲਹਿਰ ਦੇ ਗੁਰੀਲਾ ਹਮਲਿਆਂ ਦੌਰਾਨ ਇਸ ਸਾਂਵੀ ਵੰਡ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ।[15]

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਿੱਖ ਲਹਿਰ ਦਾ ਨਾਇਕ ਹੈ, ਪਰਮਪੁਰਖ ਹੈ, ਮਹਾਨ ਯੋਧਾ,

ਰਾਜਨੀਤਕ ਤੇ ਲੋਕ-ਹਿਤੈਸ਼ੀ ਆਗੂ ਹੈ। ''ਇਨਕਲਾਬ ਦੇ ਲਾਇਕ ਹੋਣਾ, ਉਸ ਦੇ ਹਾਣੀ ਹੋਣਾ, ਉਸ ਦਾ ਨਾਇਕ ਹੋਣਾ, ਮਹਾਨਾਂ ਵਿਚੋਂ ਮਹਾਨ ਹੋਣਾ ਹੈ। ਪਰ ਉਸ ਦਾ ਹਰ ਪਾਸੇ ਦਾ ਸਰੂਪ ਤੇ ਉਸ ਦੇ ਹਰ ਪਹਿਲੂ ਦਾ ਸਿਖਰ ਹੋਣ ਦਾ ਮਾਣ ਕੁਦਰਤ ਘੱਟ ਹੀ ਕਿਸੇ ਨੂੰ ਬਖ਼ਸ਼ਦੀ ਹੈ। ਇਹ ਸਰਬ-ਕਲਾ-ਸੰਪੂਰਣਤਾ ਗੁਰੂ ਗੋਬਿੰਦ ਸਿੰਘ ਦੀ ਸੀ। ਦੁਨੀਆਂ ਦੇ ਇਤਿਹਾਸ ਵਿਚ ਕਿੰਨੀਆਂ ਹਸਤੀਆਂ ਹਨ ਜਿਨ੍ਹਾਂ ਨੂੰ ਇਸਾਨੀਅਤ ਦੇ ਪੈਂਤੜੇ ਤੋਂ ਇਨਕਲਾਬ ਦੇ ਹਰ ਪਹਿਲੂ ਦਾ ਸਰੂਪ ਤੇ ਸਿਖਰ ਹੋਣ ਦਾ ਹੱਕ ਹਾਸਲ ਹੈ? ਹਿੰਦੁਸਤਾਨ ਦੀ ਇਨਸਾਨੀਅਤ ਅਤੇ ਉਸ ਦਾ ਇਨਕਲਾਬ ਗੁਰੂ ਗੋਬਿੰਦ ਸਿੰਘ ਸੀ। ਉਸ ਵਰਗੀ ਕੋਈ ਹੋਰ ਸਰਬ-ਕਲਾ ਸੰਪੂਰਨ ਸ਼ਖ਼ਸੀਅਤ, ਲੋਕ-ਹਿੱਤ ਦਾ ਮੁਜੱਸਮਾ, ਉਸ ਦਾ ਸਿਖਰ, ਮਨੁਖੀ ਰੂਪ ਵਿਚ ਇਨਕਲਾਬੀ ਅਜੇ ਮੁਲਕ ਦੀ ਤਾਰੀਖ ਨੇ ਕੱਢ ਕੇ ਵਿਖਾਉਣਾ ਹੈ। ਗੁਰੂ ਗੋਬਿੰਦ ਸਿੰਘ ਤੇ ਉਸ ਦੀ ਕਰਨੀ ਮੁਲਕ ਤੇ ਲੋਕ-ਹਿੱਤ ਦੀ ਵਿਰਾਸਤ ਹੈ। ਜੇ ਮੁਲਕ ਵਾਲੇ ਸਮਝਣ ਤਾਂ ਗੁਰੂ ਗੋਬਿੰਦ ਸਿੰਘ ਭੂਤ ਦੀ ਇਕ ਪ੍ਰੇਰਨਾ ਹੀ ਨਹੀਂ; ਭਵਿਖ ਵਿਚ ਇਨਸਾਨੀਅਤ ਦੀ ਮੰਜ਼ਿਲ ਵੀ ਹੈ, ਜਿਧਰ ਨੂੰ ਭੁਲੀ ਭਟਕੀ, ਲੜਦੀ ਭਿੜਦੀ ਮਨੁਖ-ਜਾਤੀ ਤੁਰੀ ਜਾ ਰਹੀ ਹੈ, ਜਿਥੇ ਕਿ ਇਨਸਾਨ ਦੀ ਬਣਤਰ ਤੇ ਉਸ ਦੀ ਫ਼ਿਤਰਤ ਨੇ ਅੱਜ ਦੇ ਪ੍ਰਸੰਗ ਵਿਚ ਅੰਤ ਪਹੁੰਚਣਾ ਹੈ। ਆਪਣੀ ਰਾਤ ਗੁਰੂ ਗੋਬਿੰਦ ਸਿੰਘ ਆਪ ਹੀ ਜੰਮਿਆ ਸੀ।''[16] ਮਲਿਕ ਸਾਹਿਬ ਇਸ ਤੋਂ ਵੀ ਦੋ ਕਦਮ ਅੱਗੇ ਜਾਂਦੇ ਹਨ।[17]

ਅੰਤ ਵਿਚ ਸਭ ਤੋਂ ਜ਼ਰੂਰੀ ਨੁਕਤਾ ਉਹ ਸੇਧ ਹੈ ਜੋ ਪ੍ਰੋ: ਕਿਸ਼ਨ ਸਿੰਘ ਇਸ ਪੁਸਤਕ ਰਾਹੀਂ ਸਿੱਖ ਧਰਮ, ਸਿੱਖ ਲਹਿਰ, ਦਸਾਂ ਗੁਰੂਆਂ, ਗੁਰਬਾਣੀ ਤੇ ਸਿੱਖੀ ਪ੍ਰਤੀ ਸਾਡੀ ਜਜ਼ਬਾਤੀ ਰਉਂ ਤੇ ਲਗਨ ਨੂੰ ਦੇਣਾ ਚਾਹੁੰਦੇ ਹਨ। ਉਨ੍ਹਾਂ ਸਿੱਖ ਇਤਿਹਾਸ ਦੇ ਉਸ ਭੂਤ ਕਾਲ ਨੂੰ ਸੁਰਜੀਤ ਕਰ ਵਿਖਾਇਆ ਹੈ ਜਿਸ ਵਿਚ ਭਵਿਖ ਲਈ ਪੂਰਨੇ ਪਾਉਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ''ਵਸੋਂ ਉਤੇ ਸਿੱਖ-ਲਹਿਰ ਦੇ ਹੰਢਵੇਂ ਅਸਰ ਉਤੇ ਉਂਗਲ ਰੱਖ ਕੇ ਗੱਲ ਕਰਨਾ ਗਲਤੀ ਹੈ, ਪਰ ਸੋਚ ਨੂੰ ਟੁੰਬਣ ਵਾਸਤੇ ਕੁਝ ਗੱਲਾਂ ਜ਼ਰੂਰ ਕਹੀਆਂ ਜਾ ਸਕਦੀਆਂ ਹਨ। ਸਿੱਖ ਵਸੋਂ ਵਿਚ ਗੁਰੂ ਗੋਬਿੰਦ ਸਿੰਘ ਵਾਸਤੇ ਜਜ਼ਬਾ ਬਹੁਤ ਗ਼ਹਿਰਾ ਹੈ, ਤਾਜ਼ਾ ਹੈ। ਸਿਆਸੀ ਘੋਲ ਵਿਚ ਜਿਸ ਪਾਸੇ ਇਹ ਵਗ ਜਾਏ, ਉਹ ਪਾਸਾ ਭਾਰਾ ਹੋ ਜਾਂਦਾ ਹੈ। ਜੋ ਲੀਡਰ ਵੀ ਕਿਸੇ ਮਨੋਰਥ ਵਾਸਤੇ ਇਸ ਜਜ਼ਬੇ ਨੂੰ ਜਗਾ ਲਵੇ, ਉਹ ਜਦੋ-ਜਹਿਦ ਵਿਚ ਮਾਰ ਨਹੀਂ ਖਾਂਦਾ। ਸਿੱਖ ਵਸੋਂ ਦਾ ਸਿਆਸੀ ਵਰਤਾਉ ਬਹੁਤ ਹੱਦ ਤੱਕ ਇਸ ਜਜ਼ਬੇ ਦੁਆਲੇ ਹੀ ਘੁੰਮਦਾ ਹੈ। ਘਟ ਤੋਂ ਘੱਟ ਉਸ ਦਾ ਸਵੈ-ਮਾਣ ਇਸ ਨਾਲ ਸੰਬੰਧਤ ਹੈ। ਮਜ਼੍ਹਬੀ ਰੂਪ ਵਿਚ ਆਏ ਇਨਕਲਾਬ ਦਾ ਸਿੱਧੇ ਸਿਆਸੀ ਰੂਪ ਵਾਲੇ ਇਨਕਲਾਬ ਨਾਲੋਂ ਇਕ ਫ਼ਰਕ ਹੁੰਦਾ ਹੈ ਕਿ ਉਸ ਦੇ ਰੂਪ ਵਿਚ ਵਿਰੋਧੀ-ਹਿੱਤ ਪੈਣਾ ਜ਼ਿਆਦਾ ਸੌਖਾ ਹੁੰਦਾ ਹੈ। ਸੋ ਗੁਰੂ ਸਾਹਿਬ ਵਾਸਤੇ ਜਜ਼ਬਾ ਹਮੇਸ਼ਾਂ ਗੁਰੂ ਸਾਹਿਬ ਦੇ ਪੈਂਤੜੇ, ਲੋਕ-ਹਿੱਤ ਵਾਸਤੇ ਹੀ ਨਹੀਂ ਵਰਤਿਆ ਗਿਆ। ਰਣਜੀਤ ਸਿੰਘ ਨੇ ਫਿਊਡਲ ਹਿੱਤ ਵਾਸਤੇ ਵਰਤਿਆ। ਚੰਦ ਸਾਲ ਹੋਏ ਇਹ ਘੋਰ ਵਹਿਸ਼ਤ (1947 ਦੇ ਫ਼ਸਾਦ) ਵਾਸਤੇ ਵਰਤਿਆ ਗਿਆ। ਪਤਾ ਨਹੀਂ—ਉਸ ਵਕਤ ਦਾ ਜ਼ਖ਼ਮ ਗੁਰੂ ਸਾਹਿਬ ਦੀ ਆਤਮਾ ਨੇ ਸਹਾਰਿਆ ਕਿਸ ਤਰ੍ਹਾਂ ਹੋਵੇਗਾ? ਪਰ ਇਹ ਜਜ਼ਬਾ ਤੇ ਇਸ ਦੀ ਵਰਤੋਂ ਇਤਿਹਾਸ ਦਾ ਹੀ ਸਵਾਲ ਨਹੀਂ, ਸਮਕਾਲੀ ਸਿਆਸੀ ਸਵਾਲ ਵੀ ਹੈ। ਬਣੇ ਪੰਜਾਬੀ ਸੂਬੇ ਤੇ ਉਸ ਦੇ ਬਣਦੇ ਜੁੱਸੇ ਦਾ ਸਵਾਲ ਵੀ ਹੈ।

''ਪੰਜਾਬ ਦੀ ਵਸੋਂ ਦਾ ਹਿੰਦੂ ਤਬਕਾ ਬਹੁਤ ਹੱਦ ਤੱਕ ਹਿੰਦੂ ਬੁਰਜੁਆਜ਼ੀ ਦੇ ਮਗਰ ਹੈ। ਹਿੰਦੂ ਬੁਰਜਵਾਜ਼ੀ ਸ਼ਾਵਨਿਸਟ ਹੈ। ਸਵਾਲ ਹੈ ਕਿ ਇਸ ਸਥਿਤੀ ਵਿਚ ਸਿੱਖੀ ਦਾ ਜਜ਼ਬਾ ਕਿਹੜਾ



ਹਿੱਤ ਵਰਤਦਾ ਹੈ—ਸਿੱਖ ਸਰਮਾਏਦਾਰੀ ਦਾ ਕਿ ਲੋਕ-ਹਿੱਤ ਦਾ? ਦੂਜੇ ਲਫ਼ਜ਼ਾਂ ਵਿਚ, ਸਿੱਖੀ
ਦਾ ਨਾਇਕ ਤੇ ਸਿਖਰ ਗੁਰੂ ਗੋਬਿੰਦ ਸਿੰਘ ਤੇ ਉਸ ਦਾ ਲੋਕ-ਹਿੱਤ ਸਮਝਿਆ ਜਾਂਦਾ ਹੈ ਜਾਂ
ਰਣਜੀਤ ਸਿੰਘ ਅਤੇ ਉਸ ਦੀ ਸਟੇਟ ਨੂੰ ਇਹ ਨਿਖੇੜ ਵਿਚਾਰਧਾਰਕ ਮਸਲਾ ਹੈ? ਸਾਹਿਤਕ ਮਸਲਾ ਹੈ
ਅਤੇ ਅਮਲੀ ਸਿਆਸਤ ਦਾ ਮਸਲਾ ਹੈ। ਹੁਣ ਤੱਕ ਸਿੱਖੀ ਦਾ ਜਜ਼ਬਾ ਸਿੱਖ ਸਰਮਾਏਦਾਰੀ ਵਰਤਦੀ
ਰਹੀ ਹੈ, ਪਰ ਕੋਈ ਵਜਾਹ ਨਹੀਂ ਕਿ ਲੋਕਾਂ ਦਾ ਗੁਰੂ ਗੋਬਿੰਦ ਸਿੰਘ ਵਾਸਤੇ ਜਜ਼ਬਾ ਲੋਕ-ਹਿੱਤ ਵਾਸਤੇ
ਨਾ ਵਰਤਿਆ ਜਾਵੇ। ਇਹ ਕੋਈ ਮੌਸਮੀ, ਸਤਹੀ ਮਸਲਾ ਨਹੀਂ। ਤਕਰੀਬਨ ਓਨਾ ਹੀ ਅਹਿਮ
ਮਸਲਾ ਹੈ ਜਿੰਨਾ ਇਹ ਕਿ ਨੈਸ਼ਨੈਲਿਟੀ ਦਾ ਜਜ਼ਬਾ ਬੁਰਜਵਾਜ਼ੀ ਵਰਤਦੀ ਹੈ ਕਿ ਲੋਕ-ਹਿੱਤ।
ਸਿੱਖ-ਲਹਿਰ ਨੇ ਲੋਕ-ਹਿੱਤ ਦੀ ਬਿਨਾ ਉਤੇ ਰਾਸ਼ਟਰੀ ਮਸਲਾ ਖੜਾ ਕੀਤਾ ਸੀ। ਗੋਬਿੰਦ ਸਿੰਘ
ਨੇ ਉਸ ਪੈਂਤੜੇ ਤੋਂ ਫਿਊਡਲਾਂ ਦੇ ਵਿਰੁਧ ਇਨਕਲਾਬ ਨੂੰ ਪਾਲ ਕੇ ਬਾਲਗ਼ ਕੀਤਾ ਸੀ। ਹੁਣ ਕੀ
ਵਜਾਹ ਹੈ ਕਿ ਲੋਕਾਂ ਦਾ ਗੁਰੂ ਸਾਹਿਬ ਵਾਸਤੇ ਜਜ਼ਬਾ ਲੋਕ-ਹਿੱਤ ਦੇ ਪੈਂਤੜੇ ਤੋਂ ਰਾਸ਼ਟਰੀ ਉਸਾਰੀ
ਤੇ ਅੰਤਰ-ਰਾਸ਼ਟਰੀ ਬਰਾਬਰੀ ਤੇ ਏਕਤਾ ਵਾਸਤੇ ਵਰਤਿਆ ਨਹੀਂ ਜਾ ਸਕਦਾ? ਸਵਾਲ ਸੱਚ ਤੇ
ਗੁਰੂ ਸਾਹਿਬ ਨਾਲ ਇਨਸਾਫ਼ ਕਰਨ ਦਾ ਹੈ, ਉਨ੍ਹਾਂ ਦਾ ਲੋਕ-ਹਿੱਤ ਦਾ ਪੈਂਤੜਾ ਲੋਕਾਂ ਤੱਕ
ਪਹੁੰਚਾਉਣ ਦਾ, ਸੱਚ ਦਾ ਅਹਿਸਾਸ ਕਰਾਉਣ ਦਾ ਹੈ। ਲੋਕ-ਹਿੱਤ ਦਾ ਇਸ ਮਸਲੇ ਬਾਬਤ
ਅਵੇਸਲਿਆਂ ਰਹਿਣਾ ਇਕ ਮਹਾਨ ਤਾਕਤ ਦੇ ਸੋਮੇਂ ਨੂੰ ਮੁਖਾਲਫਾਂ ਦੇ ਹੱਥ ਦੇਈ ਰੱਖਣਾ ਹੈ।
ਅਮਲੀ ਤੌਰ ਉਤੇ ਇਸ ਬਾਬਤ ਕੁਝ ਵੀ ਹੋਵੇ, ਸਿੱਖ ਇਨਕਲਾਬ ਦਾ ਸਭ ਤੋਂ ਗ਼ਹਿਰਾ, ਹੰਢਵਾਂ
ਅਸਰ ਲੋਕਾਂ ਦਾ ਗੁਰੂ ਸਾਹਿਬ ਵਾਸਤੇ ਜਜ਼ਬਾ ਹੈ।''[18]

ਇਸ ਤੋਂ ਅੱਗੇ ਉਹ ਬੜੇ ਤਾੜਨਾ-ਭਰੇ ਸ਼ਬਦਾਂ ਵਿਚ ਸਾਰੇ ਪੰਜਾਬੀਆਂ ਨੂੰ ਸੰਬੋਧਨ ਕਰਦੇ ਹੋਏ
ਸਿੱਖੀ ਦੇ ਜਜ਼ਬੇ ਦੇ ਲੋਕ-ਦੁਸ਼ਮਣ ਧੜੇ ਦੇ ਢਹੇ ਚੜ੍ਹ ਜਾਣ ਤੋਂ ਅਗਾਊਂ ਸੂਚਿਤ ਕਰਦੇ ਹਨ ਅਤੇ
ਆਪਣੇ ਵਿਰਸੇ ਤੇ ਜਮਹੂਰੀ ਹੱਕਾਂ 'ਤੇ ਪਹਿਰਾ ਦੇਣ ਲਈ ਕਹਿੰਦੇ ਹਨ। ''ਸੱਚ ਤਾਂ ਇਹ ਹੈ ਕਿ
ਜਦੋਂ ਦੀ ਗੁਰਬਾਣੀ ਫਿਊਡਲ ਦੇ ਢਹੇ ਚੜ੍ਹੀ ਹੈ, ਗੁਰਬਾਣੀ ਵਿਚ ਅਤੇ ਸਿੱਖ ਲਹਿਰ ਦੇ ਇਤਿਹਾਸ
ਵਿਚ ਵਿਗਾੜ ਪੈਂਦਾ ਹੀ ਆਇਆ ਹੈ। ਪਹਿਲਾਂ ਸਿੱਖ ਸਰਦਾਰਾਂ (ਮਿਸਲਾਂ ਦੇ ਸਰਦਾਰਾਂ) ਤੇ
ਰਣਜੀਤ ਸਿੰਘ ਦੀ ਸਟੇਟ ਨੇ, ਸਿੱਖ ਫਿਊਡਲਾਂ, ਗੁਰਬਾਣੀ ਵਿਚ ਆਪਣੇ ਹਿੱਤ ਦੇ ਅਰਥ ਪਾਏ ਅਤੇ
ਸਿੱਖੀ ਦੇ ਜਜ਼ਬੇ ਨੂੰ ਆਪਣੇ ਆਰਥਕ ਸਿਆਸੀ ਹਿੱਤ ਲਈ ਵਰਤਿਆ। ਗੁਰੂ ਸਾਹਿਬਾਨ ਦੀ ਸਿੱਖੀ
ਨੂੰ ਨਗੇਟ ਕੀਤਾ। ਉਸ ਵੇਲੇ ਸਿੱਖੀ ਉਪਰ ਬ੍ਰਾਹਮਣਵਾਦ ਵੀ ਚੜ੍ਹ ਆਇਆ। ਮੁਲਕ ਵਿਚ
ਸਰਮਾਏਦਾਰੀ ਦੇ ਜਨਮ ਲੈਣ ਨਾਲ ਗੁਰਬਾਣੀ ਤੇ ਸਿੱਖ-ਲਹਿਰ ਦੇ ਇਤਿਹਾਸ ਨੂੰ ਸਿੱਖ ਬੁਰਜਵਾਜ਼ੀ
ਨੇ ਆਪਣੇ ਹਿੱਤ ਦੇ ਸੂਤ ਕੀਤਾ। ਇਕ ਪਾਸੇ ਤੋਂ ਹਿੰਦੂਆਂ ਤੋਂ ਅਲਹਿਦਾ ਸਿੱਖਾਂ ਦੀ ਹੋਂਦ ਸਥਾਪਤ
ਕੀਤੀ: 'ਹਮ ਹਿੰਦੂ ਨਹੀਂ ਹੈਂ' ਅਤੇ ਦੂਸਰੇ ਪਾਸੇ ਚੂੰਕਿ ਹਿੰਦੂ ਸਿੱਖ ਮੁਸਲਮਾਨ ਬੁਰਜਵਾਜ਼ੀ ਦਾ
ਆਪਸ ਵਿਚ ਲਾਜ਼ਮੀ ਸ਼ਰੀਕਾ ਸੀ ਇਸ ਵਾਸਤੇ ਸਿੱਖ ਬੁਰਜਵਾਜ਼ੀ ਦੇ ਦਿੱਤੇ ਗੁਰਬਾਣੀ ਤੇ ਸਿੱਖ-
ਲਹਿਰ ਦੇ ਅਰਥਾਂ ਵਿਚ ਫਿਰਕੂ ਪਹਿਲੂ ਆਇਆ। ਨਿਜੀ ਜਾਇਦਾਦ ਦੀ ਸੰਸਥਾ ਦੇ ਵਿਰੁਧ
ਗੁਰਬਾਣੀ ਦਾ ਇਨਕਲਾਬੀ ਡੰਗ ਤਾਂ ਉਸ ਵਿਚ ਪਾਏ ਫਿਊਡਲ ਦੇ ਅਰਥਾਂ ਨੇ ਹੀ ਖ਼ਤਮ ਕਰ
ਦਿੱਤਾ ਸੀ, ਸਿੱਖ ਬੁਰਜਆਜ਼ੀ ਦੇ ਪਾਏ ਅਰਥਾਂ ਨੇ ਬੁਰਜਵਾਜ਼ੀ ਦੀ ਮੁਨਾਫ਼ਾਖੋਰੀ ਨੂੰ ਵੀ ਦਸਾਂ ਨਹੁੰਆਂ
ਦੀ ਕਿਰਤ ਪਰਵਾਨ ਕਰ ਲਿਆ। ਆਜ਼ਾਦੀ ਆਉਣ ਦੇ ਮਗਰੋਂ ਸਿੱਖ ਬੁਰਜੁਆਜ਼ੀ ਕੇਂਦਰੀ ਹਿੰਦੂ
ਬੁਰਜਵਾਜ਼ੀ ਅੱਗੇ ਵਿਛ ਗਈ ਅਤੇ ਹੁਣ ਗੁਰਬਾਣੀ ਨੂੰ ਵੇਦਾਂਤ ਬਣਾਇਆ ਜਾ ਰਿਹਾ ਹੈ ਅਤੇ ਸਿੱਖ
ਲਹਿਰ ਨੂੰ ਮੁਸਲਮਾਨ ਰਾਜ ਦੇ ਵਿਰੁਧ ਹਿੰਦੂ ਮਜ਼੍ਹਬ ਦੀ ਰਾਖੀ ਲਈ ਫ਼ਿਰਕੂ ਲਹਿਰ।

"ਚੂੰਕਿ ਪੰਜਾਬ ਵਿਚ ਮਾਰਕਸਵਾਦੀ ਚੇਤਨਾ ਦੀ ਵੀ ਜੜ੍ਹ ਹੈ ਇਸ ਵਾਸਤੇ ਗੁਰਬਾਣੀ ਦਾ ਸਰਬਤ ਦੀ ਆਜ਼ਾਦੀ ਦਾ ਸੱਚ ਤੇ ਸਿੱਖ-ਲਹਿਰ ਦਾ ਇਨਕਲਾਬੀ ਜੁੱਸਾ ਵੀ ਪ੍ਰਗਟ ਹੋ ਰਿਹਾ ਹੈ। ਜਿੰਨਾਂ ਚਿਰ ਸਮਾਜ ਵਿਚ ਜਮਾਤੀ ਅੰਗ ਹੈ, ਕਲਚਰ ਦੇ ਬਾਕੀ ਮੁਹਾਜ਼ਾਂ ਵਾਂਗ ਗੁਰਬਾਣੀ ਤੇ ਸਿੱਖ-ਲਹਿਰ ਬਾਬਤ ਵੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਚਲਦੀ ਰਹੇਗੀ। ਇਨ੍ਹਾਂ ਦੇ ਅਸਲ ਤੇ ਅਰਥਾਂ ਵਿਚ ਵਿਗਾੜ ਪਾਉਣ ਵਾਲੇ ਪੈਦਾ ਹੁੰਦੇ ਰਹਿਣਗੇ। ਇਕ ਬੈਠ ਗਿਆ, ਦੂਸਰਾ ਖੜ੍ਹਾ ਹੋ ਜਾਵੇਗਾ, ਉਹ ਹਾਰ ਗਿਆ ਤਾਂ ਤੀਸਰਾ ਉਠ ਖੜੋਵੇਗਾ। ਇਕ ਪੀੜ੍ਹੀ ਦੀ ਔਧ ਮੁਕ ਜਾਵੇਗੀ ਜਾਂ ਅਗਲੀ ਪੀੜ੍ਹੀਆਂ ਵਿਚੋਂ ਵਿਗਾੜ ਪਾਉਣ ਵਾਲੇ ਪੈਦਾ ਹੁੰਦੇ ਜਾਣਗੇ। ਪੈਂਦੇ ਵਿਗਾੜਾਂ ਦਾ ਰੂਪ ਵੀ ਬਦਲਦਾ ਜਾਵੇਗਾ। ਪਰ ਹਰ ਵਿਗਾੜ ਸਮਾਜ ਦੇ ਜਮਾਤੀ ਅੰਗ ਦੀ ਨਿਜੀ ਜਾਇਦਾਦ ਦੀ ਸੰਸਥਾ ਦੀ ਰਾਖੀ ਕਰੇਗਾ। ਲੋਕ-ਹਿੱਤ ਵਾਲਿਆਂ ਨੂੰ ਸਰਹਾਣੇ ਹੇਠ ਬਾਂਹ ਦੇ ਕੇ ਸੁੱਤੇ ਨਹੀਂ ਰਹਿਣਾ ਚਾਹੀਦਾ। ਆਰਥਕ ਸਿਆਸੀ ਮੁਹਾਜ਼ਾਂ ਵਾਂਗ ਸਾਰੇ ਕਲਚਰਲ ਮੁਹਾਜ਼ 'ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਾਸਤੇ ਮੈਦਾਨ ਵਿਚ ਤਿਆਰ-ਬਰ-ਤਿਆਰ ਹੀ ਨਹੀਂ ਰਹਿਣਾ ਚਾਹੀਦਾ, ਬਲਕਿ ਸਿਰਤੋੜ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰੀ ਜਾਣੀ ਲਾਜ਼ਮੀ ਹੈ। ਬੁਰਜਵਾ ਕਲਚਰ ਕਾਬਜ਼ ਹੈ। ਇਸ ਨੂੰ ਢਾਹੁਣਾ ਤੇ ਸਮਾਜਵਾਦੀ ਨੂੰ ਉਸਾਰਨ ਦਾ ਕੰਮ ਉਨ੍ਹਾਂ ਦੇ ਸਾਹਮਣੇ ਹੈ।"[19]

---

ਸਿੱਖ ਲਹਿਰ, ਪ੍ਰੋ: ਕਿਸ਼ਨ ਸਿੰਘ, ਆਰਸੀ ਪਬਲਿਸ਼ਰਜ, ਦਿੱਲੀ।

ਪਹਿਲਾ ਟੂਕ ਦਾ ਨੰਬਰ ਹੈ ਤੇ ਸਫ਼ਾ ਬਰੈਕਟਾਂ ਵਿਚ ਹੈ। 1. (164) 2. (107) 3. (12) 4. (35) 5. (74) 6. (67) 7. (16) 8. (15) 9. (26) 10. (140) 11. (156) 12. (14)।

AN INDIAN GUERILLA WAR, The Sikh Peoples War, 1699-1768, by Arjan Dass Malik; Wiley Eastern Ltd., 4654/21, Darya Ganj DELHI-2.

13a. Sikhism began primarily as a religious reform movement but was never exclusively so. Guru Nanak (1469-1539), the founder prophet of Sikh movement, was essentially a religious teacher but religion meant to him much more than mere worship of God. His was an all-embracing concept of Dharma—that which regulates man's life here and hereafter, ensuring a complete and happy life in this world and bliss and salvation in the next.

b. The religious aspect of the Khalsa movement was rather more in the nature of, what Michael Elliott-Balesman calls, "the cultural spiritual content which activates the political nucleus and provides motivation for cheerfully undergoing sufferings and sacrifices in the the path of revolution." According to Prof. Balesman's analysis "the cultural-spiritual element is one of the essential components of all well-developed revolutionary movements, including the communist revolutionary movements, in which it is present in the shape of cultural-ideological component," (p. 7)



14. Towards the close of the period under review (1699-1768) it rapidly progressed on the path of developing into a Punjabi nationalist movement for liberation of the Punjab and enjoyed active support of the Hindus and the Muslims to the extent that on both the occasions the Sikhs captured Lahore with the active cooperation of the Muslims. The religious and communal aspects of the Khalsa movement thus become less pronounced with each of these successive developments while the socio-economic and national-political issues kept on gaining ascendency. No doubt it was religious antagonism which initially provided the accent and uncompromising style of the conflict, and repeatedly sustained it under trying circumstances, but the class nature of the Sikh struggle became fairly articulate as it progressed and embraced socio-economic goals." (p. 105)

15. There was no question of pay, for the followers were not considered in the service of their leader; they were equal partners in the booty. The plunder acquired during a campaign was jointly accounted for and equitably distributed. Horses and arms were distributed first according to need and then according to the claim of the men who had acquired them. A share was also set apart for the common pool. Grains were usually reserved for common kitchen. Money and other articles were distributed equally with an extra share for the chief. (p. 88)

16. ਸਿੱਖ ਲਹਿਰ, ਸਫ਼ੇ 135-6.

17. In terms of the politico-military philosophy of the people's war, the sayings of Mao Tse-Tung appear to be a new translation of what Guru Gobind Singh had said at the time of the creation of the Khalsa in 1699, although it is not implied that Mao has been, in any way, influenced by the philosophy of Guru Gobind Singh. Having come to the conclusion that relgious freedom and social reconstruction of the Hindu-Sikh society was not possible without their political emancipation, Guru Gobind Singh simultaneously declared that political power could only be acquired through the might of arms. He said : "No one willingly bestows Raj upon anyone else; he who acquires ruling powers does so through the might of arms." He is also on record to have said : "The whole world is subject to the might of arms; a mighty army is the sole refuge." (p. 108)

18. ਸਿੱਖ ਲਹਿਰ, ਸਫ਼ੇ 131-2.

19. ਉਹੀ, ਸਫ਼ੇ 202-3,

ਪੰਨੂੰ

## ਚਟਪਟੇ ਸਾਹਿਤ ਦਾ ਰਵਾਜ ਕਿਉਂ ?

ਸਰਮਾਏਦਾਰ ਸਮਾਜ ਵਿਚ—ਇਸ ਵਿਚ ਭਾਰਤ ਦਾ ਨਾਂ-ਨਿਹਾਦ ਸਮਾਜਵਾਦੀ ਸਮਾਜ ਵੀ ਸ਼ਾਮਲ ਹੈ—ਕਲਾ ਅਤੇ ਸਾਹਿਤ ਨੂੰ ਵੀ, ਬਾਕੀ ਦੀਆਂ ਕੁਲ ਵਸਤਾਂ ਵਾਂਗ, ਮੰਡੀ ਵਿਚ ਵਿਕਣ ਲਈ ਆਉਣਾ ਪੈਂਦਾ ਹੈ। ਉਹੀ ਕਲਾਕਾਰ, ਉਹੀ ਸਾਹਿਤਕਾਰ ਕਲਾ ਜਾਂ ਲਿਖਤ ਦੇ ਆਸਰੇ ਜੀਉਂ ਸਕਦਾ ਹੈ, ਜਿਸ ਦੀ ਵਸਤੂ (ਕਲਾ ਜਾਂ ਸਾਹਿਤਕ ਰਚਨਾ) ਮੰਡੀ ਵਿਚ ਪਰਵਾਨ ਹੋ ਜਾਵੇ, ਮਤਲਬ, ਵਿਕਣ ਲਗ ਪਵੇ।

ਸਾਹਿਤਕਾਰ ਕੋਲ ਆਪਣੀ ਰਚਨਾ ਦਾ ਖਰੜਾ ਹੀ ਹੁੰਦਾ ਹੈ। ਇਸ ਖਰੜੇ ਦੀਆਂ ਸੈਂਕੜੇ ਹਜ਼ਾਰਾਂ ਕਾਪੀਆਂ ਤਿਆਰ ਕਰਵਾ ਲੈਣ ਅਤੇ ਮੰਡੀ ਵਿਚ ਉਹਨਾਂ ਨੂੰ ਵੇਚ ਲੈਣ ਦੇ ਸਾਧਨ ਉਸ ਕੋਲ ਨਹੀਂ ਹੁੰਦੇ। ਜਿੰਨਾ ਚਿਰ ਤਕ ਕੋਈ ਪੂੰਜੀ ਵਾਲਾ ਪ੍ਰਕਾਸ਼ਕ, ਪੂੰਜੀ ਲਾ ਕੇ ਲੇਖਕ ਦੇ ਖਰੜੇ ਨੂੰ ਕਾਗਜ਼ ਤੇ ਮਸ਼ੀਨਾਂ ਦੀ ਮਦਦ ਨਾਲ ਹਜ਼ਾਰਾਂ ਪੁਸਤਕਾਂ ਦੀ ਸ਼ਕਲ ਵਿਚ ਨਾ ਢਾਲੇ, ਲੇਖਕ ਵਿਚਾਰਾ ਆਪਣੇ ਖਰੜੇ ਨੂੰ ਬੈਠ ਕੇ ਭੁੱਖੇ ਢਿੱਡ ਚੱਟ ਹੀ ਸਕਦਾ ਹੈ, ਹਰ ਕੁਝ ਨਹੀਂ ਕਰ ਸਕਦਾ। ਸਾਹਿਤਕਾਰ ਦੇ ਖਰੜੇ ਨੂੰ ਕੋਈ ਪ੍ਰਕਾਸ਼ਕ ਜਾਂ ਪ੍ਰਕਾਸ਼ਨ-ਘਰ ਸਰਮਾਏ ਦੇ ਪਹੀਏ ਲਾ ਕੇ ਹੀ ਅੱਗੇ ਤੋਰ ਸਕਦਾ ਹੈ; ਪਾਠਕਾਂ ਦੇ ਹੱਥਾਂ ਵਿਚ ਪਹੁੰਚਾ ਸਕਦਾ ਹੈ। ਸਰਮਾਏ ਵਾਲਾ ਕੋਈ ਅਜਿਹਾ ਵਿਅਕਤੀ ਜਾਂ ਅਦਾਰਾ ਹੀ ਸਾਹਿਤਕਾਰ ਨੂੰ "ਉਘਾ ਤੇ ਸਥਾਪਤ ਸਾਹਿਤਕਾਰ" ਬਣਾ ਸਕਦਾ ਹੈ। ਇਹੀ ਵਿਅਕਤੀ ਜਾਂ ਅਦਾਰਾ ਹੀ ਸਾਹਿਤਕਾਰ ਦਾ ਮਾਲ ਮੰਡੀ ਵਿਚ ਵੇਚ ਸਕਦਾ ਹੈ ਅਤੇ ਮੰਡੀ ਵਿਚ ਇਸ ਮਾਲ ਦੀ ਅਗੋਂ ਲਈ ਮੰਗ ਪੈਦਾ ਕਰ ਸਕਦਾ ਹੈ; ਮੰਗ ਤੇਜ਼ ਵੀ ਕਰ ਸਕਦਾ ਹੈ।

ਮੋਟੇ ਤੌਰ 'ਤੇ ਲੇਖਕ ਦੇ ਸਥਾਪਤ ਲੇਖਕ ਬਣਨ ਦੀ ਮੰਜ਼ਲ ਤਕ ਪਹੁੰਚਣ ਲਈ ਤਿੰਨ ਪੌੜੀਆਂ ਹਨ : **ਪਹਿਲੀ**, ਕੋਈ ਪੂੰਜੀਪਤੀ ਪ੍ਰਕਾਸ਼ਕ ਲੇਖਕ ਦੇ ਖਰੜੇ ਉਤੇ ਪੂੰਜੀ ਲਾ ਕੇ ਉਸ ਨੂੰ ਦਰਸ਼ਨੀ ਕਿਤਾਬ ਦੀ ਸ਼ਕਲ ਵਿਚ ਪੇਸ਼ ਕਰੇ; **ਦੂਜੀ**, ਇਸ ਕਿਤਾਬ ਨੂੰ ਮੰਡੀ ਵਿਚ ਵੇਚਣ ਦਾ ਪਰਬੰਧ ਕਰੇ ਅਤੇ **ਤੀਜੀ**, ਮੰਡੀ ਵਿਚ ਵਿਕ ਰਹੀ ਇਸ ਵਸਤੂ ਦੀ ਮੰਗ ਅਗੋਂ ਲਈ ਤੇਜ਼ ਕਰੇ।

ਸਾਡੇ ਬਹੁਤੇ ਲੇਖਕ ਇਸ ਤੱਥ ਵਲੋਂ ਜਾਂ ਤਾਂ ਅਗਿਆਨਤਾ ਦਾ ਅਤੇ ਜਾਂ ਕਿਸੇ ਗਲਤ-ਫਹਿਮੀ ਦਾ ਸ਼ਿਕਾਰ ਹਨ। ਉਹ ਆਪਣੀ ਕ੍ਰਿਤ ਅਤੇ ਆਪਣੇ ਪਾਠਕਾਂ ਵਿਚਕਾਰੋਂ ਸਰਮਾਏਦਾਰ ਪ੍ਰਕਾਸ਼ਕ ਦੀ ਕੜੀ ਕਟ ਕੇ ਸਾਹਿਤ ਉਤੇ ਵਿਚਾਰ ਕਰਨ ਬੈਠ ਜਾਂਦੇ ਹਨ। ਉਹ ਸਮਝਦੇ ਹਨ ਕਿ ਪੰਜਾਬੀ ਸਾਹਿਤ ਦੇ ਪ੍ਰਕਾਸ਼ਕ ਦਾ ਸਰਮਾਏ ਨਾਲ, ਪੂੰਜੀ ਨਾਲ, ਮਾਇਆ ਨਾਲ ਕੋਈ ਸੰਬੰਧ ਹੀ ਨਹੀਂ ਹੈ। ਉਹ ਤਾਂ ਵਿਚਾਰਾ, ਉਹ ਸੋਚਦੇ ਹਨ, ਇਕ ਬੀਬਾ, ਸਾਊ, ਭੱਦਰ-ਪੁਰਸ਼ ਹੈ...ਆਪਣੀ ਮਾਂ-ਬੋਲੀ ਪੰਜਾਬੀ ਦੇ ਪ੍ਰੇਮ ਵਿਚ ਬੱਝਾ ਪੰਜਾਬੀ ਸਾਹਿਤ ਦਾ ਰਸੀਆ ਹੋਣ ਕਰਕੇ ਉਹ "ਸਾਹਿਤ ਛਾਪਣ ਤੇ ਵੇਚਣ" ਦਾ ਪੁਆੜਾ ਸਹੇੜ ਬੈਠਾ ਹੈ। ਪੂੰਜੀ ਪਤੀ ਉਸ ਵਿਚਾਰੇ ਕੀ ਬਣਨਾ ਸੀ...ਉਹ ਤਾਂ ਭੁੱਖ ਦੇ ਢੇਕੇ ਹੀ ਖਾ ਰਿਹਾ ਹੈ...ਇਤਿਆਦਿ...



ਕੋਈ ਜਣਾ ਵੀ ਇਹ ਕਹਿਣ ਦੀ ਗ਼ਲਤੀ ਨਹੀਂ ਕਰੇਗਾ ਕਿ ਪੰਜਾਬੀ ਸਾਹਿਤ ਦੇ ਪ੍ਰਕਾਸ਼ਕ ਟਾਟੇ, ਬਿਰਲੇ ਹਨ। ਇੰਜ ਕਹਿਣਾ ਟਾਟੇ, ਬਿਰਲੇ ਨਾਲ ਅਨਿਆਂ ਕਰਨਾ ਹੋਵੇਗਾ !! ਪਰੰਤੂ ਇਹਨਾਂ ਪ੍ਰਕਾਸ਼ਕਾਂ ਦੀ ਟਾਟਿਆਂ ਬਿਰਲਿਆਂ ਨਾਲ ਅੰਗਲੀ ਸੰਗਲੀ ਕਢ ਲੈਣੀ ਔਖੀ ਵੀ ਨਹੀਂ। ਇਹ ਸਭ ਲੋਕ ਪੂੰਜੀ-ਬਿਰਤੀ ਵਾਲੇ ਅਤੇ ਪੂੰਜੀਵਾਦ ਦੀ ਧਾਰਨਾ ਦੇ ਹਾਮੀ ਹਨ। ਇਹ ਧੰਦੇ ਵਿਚ ਪੈਸਾ ਲਾਉਂਦੇ ਹਨ—(ਧੰਦਾ ਭਾਵੇਂ ਕਿਲ ਕੋਕੇ ਬਣਾਉਣ ਦਾ ਹੋਵੇ ਤੇ ਭਾਵੇਂ ਸਾਹਿਤ ਛਾਪਣ-ਵੇਚਣ ਦਾ) ਅਤੇ ਉਸ ਧੰਦੇ ਵਿਚੋਂ ਧਨ ਕਮਾਉਂਦੇ ਹਨ।

ਇਸ ਪਿਛੋਕੜ ਵਿਚ ਜਿਹੜਾ ਸੁਆਲ ਹਰ ਸਾਹਿਤਕਾਰ ਨੂੰ ਕਰਨਾ ਚਾਹੀਦਾ ਹੈ, ਉਹ ਇਹ ਹੈ ਕਿ ਕੀ ਮਾਇਆ-ਬਿਰਤੀ ਵਾਲੇ ਅਤੇ ਪੂੰਜੀਵਾਦ ਦੀ ਧਾਰਨਾ ਵਾਲੇ ਅਜਿਹੇ ਪ੍ਰਕਾਸ਼ਕ ਹੋ ਸਕਦੇ ਹਨ ਜਿਹੜੇ ਅਜਿਹੇ ਸਾਹਿਤ ਨੂੰ ਹੱਥ ਪਾਉਣ ਲਈ ਤਿਆਰ ਹੋਣ ਜਿਹੜਾ ਸਾਹਿਤ ਪੂੰਜੀਵਾਦੀ ਆਰਥਕ ਸਮਾਜਕ ਢਾਂਚੇ ਦੀਆਂ ਜੜ੍ਹਾਂ ਸਹੀ ਅਰਥਾਂ ਵਿਚ ਕਟਦਾ ਹੋਵੇ, ਸਾਹਿਤ ਜਿਹੜਾ ਮਨੁੱਖ ਨੂੰ ਪੈਸੇ ਦੀ ਸਰਦਾਰੀ ਦੀ ਦਲਦਲ ਵਿਚੋਂ ਕਢਦਾ ਹੋਵੇ, ਸਾਹਿਤ ਜਿਹੜਾ ਇਨਕਲਾਬੀ ਹੋਵੇ, ਲੋਕ-ਹਿੱਤਾਂ 'ਤੇ ਪਹਿਰਾ ਦੇਣ ਵਾਲਾ ਹੋਵੇ ?

ਇਹ ਇਕ ਅਹਿਮ ਸੁਆਲ ਹੈ। ਇਸ ਦਾ ਜੁਆਬ ਦੇਣ ਲਗਿਆਂ ਕਈ ਸ਼ੰਕੇ ਵੀ ਜ਼ਿਹਨ ਵਿਚ ਆ ਸਕਦੇ ਹਨ। ਮਿਸਾਲ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਕਈ ਪ੍ਰਕਾਸ਼ਕ ਗੁਰੂ ਦੀ ਬਾਣੀ ਛਾਪਦੇ ਤੇ ਵੇਚਦੇ ਹਨ—ਬਾਣੀ, ਜਿਹੜੀ ਮਾਇਆ ਦਾ, ਪੈਸੇ ਦੀ ਸਰਦਾਰੀ ਦਾ ਖੰਡਣ ਥਾਂ ਥਾਂ ਕਰਦੀ ਹੈ। ਜਾਂ ਇਹ ਕਿ ਕਈ ਦੇਸ਼ਾਂ ਦੇ ਸਰਮਾਏਦਾਰ ਪ੍ਰਕਾਸ਼ਕ ਮਾਰਕਸ ਦਾ 'ਕੈਪੀਟਲ' ਵਡੀ ਮਾਤਰਾ ਵਿਚ ਛਾਪਦੇ ਤੇ ਵੇਚਦੇ ਹਨ ਅਤੇ ਜਾਂ ਪੰਜਾਬੀ ਦਾ ਸਾਡਾ ਫਲਾਣਾ ਪ੍ਰਕਾਸ਼ਕ ਦਿਨ ਰਾਤ ਮਾਰਕਸ-ਲੈਨਿਨ ਦੀਆਂ ਕਿਤਾਬਾਂ ਛਾਪਦਾ ਤੇ ਵੇਚਦਾ ਹੈ, ਅਗਾਂਹ-ਵਧੂ ਸਾਹਿਤ ਨੂੰ ਤਰਜੀਹ ਦੇਂਦਾ ਹੈ, ਲੋਕਾਂ ਦੇ ਹਿੱਤਾਂ ਦੀ ਹਮੇਸ਼ਾਂ ਫ਼ਿਕਰ ਕਰਦਾ ਹੈ।

ਗੁਰਬਾਣੀ ਨੂੰ ਮਾਇਆਧਾਰੀਆਂ ਨੇ ਆਪਣੇ ਸੂਤ ਕਰ ਕੇ ਉਸ ਨੂੰ ਅੱਗਾ ਸੁਆਰਨ ਵਾਲਾ ਇਕ ਮਜ਼ਬੀ ਤੇ ਰੂਹਾਨੀ ਨੁਸਖ਼ਾ ਬਣਾ ਕੇ ਰਖ ਦਿਤਾ ਹੈ। ਗੁਰਬਾਣੀ ਦੇ ਜਾਂ ਦਰਸ਼ਨ ਕੀਤੇ ਜਾਂਦੇ ਹਨ ਅਤੇ ਜਾਂ ਉਸ ਅਗੇ ਮੱਥਾ ਟੇਕਿਆ ਜਾਂਦਾ ਹੈ। ਇਸ ਤਰ੍ਹਾਂ ਦੀ ਅਵਸਥਾ ਵਿਚ ਮਾਇਆਧਾਰੀਆਂ ਲਈ ਗੁਰਬਾਣੀ ਨੂੰ ਛਾਪਣਾ ਤੇ ਵੇਚਣਾ ਮਹਿਜ਼ ਇਕ ਕਾਰੋਬਾਰ ਹੈ, ਧੰਦਾ ਹੈ। ਅਤੇ ਇਹ ਸੁਹਣਾ ਚਲ ਰਿਹਾ ਹੈ। ਜਦ ਤਕ ਗੁਰਬਾਣੀ ਰੁਮਾਲਿਆਂ ਵਿਚ ਵਲ੍ਹੇਟ ਕੇ ਰਖੀ ਹੋਈ ਹੈ ਅਤੇ ਲੋਕ ਅੱਖਾਂ ਮੀਟ ਕੇ ਉਸ ਦੇ ਅਗੇ ਸਿਰ ਹੀ ਨਿਵਾਉਂਦੇ ਹਨ, ਮਤਲਬ ਉਸ ਨੂੰ ਪੜ੍ਹ ਕੇ ਆਪਣੇ ਅੰਦਰ ਗ੍ਰਹਿਣ ਨਹੀਂ ਕਰਦੇ, ਮਾਇਆਧਾਰੀਆਂ ਦੀ ਸਰਦਾਰੀ ਨੂੰ ਕੋਈ ਖ਼ਤਰਾ ਨਹੀਂ ਹੈ। ਇਹੋ ਗੱਲ ਮਾਰਕਸ ਦੇ "ਕੈਪੀਟਲ" ਅਤੇ ਹੋਰ ਅਗਾਂਹ-ਵਧੂ ਸਾਹਿਤ ਦੀ ਵੀ ਹੈ। ਇਹ ਵਿਕਦਾ ਹੈ ਇਸ ਨੂੰ ਛਾਪੋ ਅਤੇ ਸਕੂਲਾਂ ਕਾਲਿਜਾਂ ਦੀਆਂ ਲਾਇਬ੍ਰੇਰੀਆਂ ਕੋਲ ਵੇਚ ਕੇ ਉਥੇ ਅਲਮਾਰੀਆਂ ਵਿਚ ਇਸ ਨੂੰ ਬੰਦ ਕਰਵਾਉ। ਮਾਇਆਧਾਰੀ ਜਾਣਦੇ ਹਨ ਕਿ ਮਾਰਕਸਵਾਦ ਦੇ ਪੜ੍ਹਨ-ਪੜ੍ਹਾਨ ਦਾ ਸਕੂਲਾਂ ਕਾਲਿਜਾਂ ਵਿਚ ਕੋਈ ਪਰਬੰਧ ਨਹੀਂ ਹੈ ਅਤੇ ਨਾ ਹੀ ਇਹਨਾਂ ਕਿਤਾਬਾਂ ਵਿਚ ਵਿਦਿਆਰਥੀਆਂ ਦੀ ਦਿਲਚਸਪੀ ਜਗਾਉਣ ਦਾ ਕੋਈ ਵਿਸ਼ੇਸ਼ ਇੰਤਜ਼ਾਮ ਹੀ ਉਥੇ ਹੈ।

ਪੂੰਜੀ-ਬਿਰਤੀ ਵਾਲੇ ਪ੍ਰਕਾਸ਼ਕ, ਨਿਰਸੰਦੇਹ, ਉਹਨਾਂ ਰਚਨਾਵਾਂ ਨੂੰ ਹੀ ਹਥ ਪਾਉਣਗੇ ਜਿਹੜੀਆਂ ਉਹਨਾਂ ਦੀ ਮਾਇਆ-ਬਿਰਤੀ ਵਾਲੀ ਜੀਵਨ ਫਿਲਾਸਫੀ ਦੇ, ਉਹਨਾਂ ਦੇ ਮਾਇਆ-ਪਰਧਾਨ ਆਰਥਕ ਢਾਂਚੇ ਦੇ ਸੂਤ ਬੈਠਦੀਆਂ ਹੋਣ। ਉਹ ਅਜਿਹੀਆਂ ਰਚਨਾਵਾਂ ਨੂੰ ਛਾਪਣਾ ਪਸੰਦ ਕਰਨਗੇ ਜਿਨ੍ਹਾਂ ਵਿਚ

ਜ਼ਿੰਦਗੀ ਦੇ ਬੁਨਿਆਦੀ ਆਰਥਕ ਸਮਾਜਕ ਮਸਲਿਆਂ ਨੂੰ ਨਾ ਛੇੜਿਆ ਗਿਆ ਹੋਵੇ । ਹਾਂ, ਚੱਮੜੀ ਦੇ ਉਪਰ ਐਵੇਂ ਮਾੜੀ ਜਿਹੀ ਖ਼ੁਰਕ ਤਾਂ ਕੀਤੀ ਜਾ ਸਕਦੀ ਹੈ...ਇਸਦੀ ਸਰਮਾਏਦਾਰ ਸਮਾਜ ਦੇ ਕਰਤਾ-ਧਰਤਾ ਇਜਾਜ਼ਤ ਵੀ ਦੇਂਦੇ ਹਨ । ਇਸ ਦੇ ਸਰਮਾਏਦਾਰ ਸ਼੍ਰੇਣੀ ਨੂੰ ਦੋ ਫਾਇਦੇ ਹੁੰਦੇ ਹਨ । ਇਕ ਤਾਂ ਇਹ ਕਿ ਲੋਕਾਂ ਦਾ ਇਕੱਠਾ ਹੋਇਆ ਗੁੱਸਾ ਗਿਲਾ ਸਮਾਜਕ ਢਾਚੇ ਦੀ ਛੋਟੀ ਮੋਟੀ ਆਲੋਚਨਾ ਕਰ ਕੇ ਨਾਲੋਂ ਨਾਲ ਨਿਕਲਦਾ ਰਹਿੰਦਾ ਹੈ—ਮਤਲਬ ਥੋੜ੍ਹੀ ਥੋੜ੍ਹੀ ਭੜਾਸ ਨਿਕਲਦੀ ਰਹਿੰਦੀ ਹੈ, ਧਮਾਕੇ ਨਾਲ ਫਟਣ ਵਾਲੀ ਹਾਲਤ ਪੈਦਾ ਨਹੀਂ ਹੁੰਦੀ ਅਤੇ ਦੂਜਾ ਇਹ ਕਿ ਸਰਮਾਏਦਾਰ ਹਾਕਮ ਸ਼੍ਰੇਣੀ ਨੂੰ ਆਪਣੇ ਆਪ ਨੂੰ ਜਮਹੂਰੀਅਤਵਾਦੀ ਦੇ ਰੂਪ ਵਿਚ ਪੇਸ਼ ਕਰਨ ਦਾ ਮੌਕਾ ਮਿਲ ਜਾਂਦਾ ਹੈ । ''ਵੇਖੋ ਅਸੀਂ ਇਸ ਸਮਾਜਕ ਪਰਬੰਧ ਵਿਚ ਲੋਕਾਂ ਨੂੰ ਆਪਣੀ ਰਾਏ ਪਰਗਟ ਕਰਨ ਦਾ, ਆਪਣੇ ਵਿਚਾਰਾਂ ਦੇ ਪਰਚਾਰ ਕਰਨ ਦੀ ਖੁਲ੍ਹੀ ਛੁੱਟੀ ਦੇ ਛੱਡੀ ਹੈ ।'' ਇਹ ਖੰਭ ਆਪਣੇ ਉਪਰ ਟੰਗ ਕੇ ਕਾਂ ਆਪਣੇ ਆਪ ਨੂੰ ਹੰਸ ਦੇ ਰੂਪ ਵਿਚ ਪੇਸ਼ ਕਰਦੇ ਹਨ ।

ਸਰਮਾਏਦਾਰ ਪਰਬੰਧ ਵਿਚ ਲੇਖਕ ਅਤੇ ਪਾਠਕ ਦੇ ਵਿਚਕਾਰ ਪੂੰਜੀਪਤੀ ਪ੍ਰਕਾਸ਼ਕ ਕਿਉਂਕਿ ਇਕ ਲਾਜ਼ਮੀ ਕੜੀ ਹੈ, ਇਸ ਲਈ ਲੇਖਕ ਨੂੰ ਸਥਾਪਤ ਤੇ 'ਵਿਕਣ ਵਾਲਾ'' ਲੇਖਕ ਬਣਨ ਲਈ ਦੋ ਗੱਲਾਂ ਜ਼ਰੂਰ ਕਰਨੀਆਂ ਪੈਂਦੀਆਂ ਹਨ :

1. ਪੂੰਜੀਪਤੀਆਂ ਦੇ ਸਮਾਜ ਉਹਨਾਂ ਦੀਆਂ ਕਦਰਾਂ-ਕੀਮਤਾਂ ਨਾਲ ਲੇਖਕ ਨੂੰ ਕਿਸੇ ਨਾ ਕਿਸੇ ਹਦ ਤਕ ਸਮਝੌਤਾ ਕਰਨਾ ਪੈਦਾ ਹੈ; ਉਹਨਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ ।

2. ਮੰਡੀ ਵਿਚ ਆਪਣੇ ਮਾਲ ਦੀ ਵਿਕਰੀ ਵਧਾਉਣ ਲਈ, ਗਾਹਕ ਦਾ ਧਿਆਨ ਆਪਣੇ ਵਲ ਖਿਚਣ ਲਈ, ਆਪਣੇ ਆਪ ਨੂੰ ਅਗੇ ਲਿਆਉਣ ਲਈ ਉਸ ਨੂੰ ਨਵੇਂ ਤੋਂ ਨਵੇਂ ਫੈਸ਼ਨ ਦਾ ਮਾਲ ਤਿਆਰ ਕਰਨਾ ਪੈਂਦਾ ਹੈ । (ਯਾਦ ਰਹੇ—ਨਵੇਂ ਤੋਂ ਨਵੇਂ ਫੈਸ਼ਨ ਦਾ...ਇਸਦਾ ਮਤਲਬ ਚੰਗੀ ਤੋਂ ਚੰਗੀ ਕੁਆਲਟੀ ਦਾ ਮਾਲ ਨਹੀਂ) ਲੇਖਕ ਨੂੰ ਨਾ ਸਿਰਫ ਨਵੇਂ ਤੋਂ ਨਵੇਂ ਫੈਸ਼ਨ ਦਾ ਹੀ, ਬਲਕਿ ਅਕਸਰ ਉਹੀ ਮਾਲ ਤਿਆਰ ਕਰਨਾ ਪੈਂਦਾ ਹੈ ਜਿਸ ਦਾ ਉਹਨਾਂ ਦਿਨਾਂ ਵਿਚ ਰਿਵਾਜ ਹੋਵੇ...ਜਿਹੋ ਜਿਹਾ ਮਾਲ ਉਹਨਾਂ ਦਿਨਾਂ ਵਿਚ ਚਲਦਾ ਹੋਵੇ...ਜਿਹੋ ਜਿਹੇ ਮਾਲ ਦੀ ਉਹਨੀਂ ਦਿਨੀਂ ਮਾਰਕੀਟ ਹੋਵੇ ।

ਲੇਖਕ ਨੂੰ ਨਵੇਂ ਫ਼ੈਸ਼ਨ ਦੇ ਮਾਲ ਦੀ ਹੇਕ ਲਾ ਕੇ ਹੋਕਾ ਵੀ ਦੇਣਾ ਪੈਂਦਾ ਹੈ, ਸਿਰ-ਪਰਨੇ ਖੜ੍ਹਿਆਂ ਹੋ ਕੇ ਗਾਹਕਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਣਾ ਪੈਂਦਾ ਹੈ, ਆਪਣੇ ਮਾਲ ਦੇ ਹੱਕ ਵਿਚ ਪਬਲਿਸਿਟੀ ਵੀ ਕਰਵਾਉਣੀ ਪੈਂਦੀ ਹੈ, ''ਚਹੁੰ ਬੰਦਿਆਂ'' ਕੋਲੋਂ ਅਖਵਾਉਣਾ ਪੈਂਦਾ ਹੈ—''ਬਈ, ਵਾਹ ਵਾਹ, ਕਿਆ ਮਾਲ ਬਣਾਇਆ ਸੂ, ਕਮਾਲ ਹੀ ਕਰ ਦਿਤਾ । ਬਿਲਕੁਲ ਨਵਾਂ ਪਰਯੋਗ ਕੀਤਾ ਸੂ । ਅਜਿਹਾ ਮਾਲ ਨਾ ਅੱਗੇ ਕਦੀ ਵੇਖਿਆ ਸੀ, ਨਾ ਸੁਣਿਆ ਸੀ ।

ਨਵੇਂ ਮਾਲ ਨੂੰ ਤਿਆਰ ਕਰਨ ਵਾਲੇ ਲੇਖਕ ਨੂੰ ਚੌਕ ਵਿਚ ਖਲੋ ਕੇ ਇਹ ਨਾਹਰਾ ਵੀ ਲਾਉਣਾ ਪੈਂਦਾ ਹੈ ਕਿ ਪਹਿਲਿਆਂ ਲੋਕਾਂ ਦਾ ਬਣਿਆ ਮਾਲ ਬਿਲਕੁਲ ਰੱਦੀ ਸੀ, ਬੁਸੀਦਾ ਸੀ ।

''ਨਵੇਂ ਮਾਲ'' ਨੂੰ ਤਿਆਰ ਕਰਨ ਵਾਲੇ ਲੇਖਕ ਨੂੰ ਸਾਹਿਤ ਦੀਆਂ ਸਦੀਆਂ ਤੋਂ ਚਲੀਆਂ ਆਉਂਦੀਆਂ ਨਰੋਈਆਂ ਰਵਾਇਤਾਂ ਨੂੰ ਤੱਜ ਕੇ, ਆਪਣੀ ਸਮਾਜਕ ਅਸਲੀਅਤ ਵਲੋਂ ਅੱਖ ਮੀਟ ਕੇ, ਇਹ ਵੀ ਭੁਲ ਕੇ ਕਿ ਉਸ ਦੀਆਂ ਰਚਨਾਵਾਂ ਪੰਜਾਬੀ ਵਿਚ ਹਨ ਅਤੇ ਇਸ ਲਈ ਪੰਜਾਬੀ ਪਾਠਕਾਂ ਨੇ ਹੀ ਪੜ੍ਹਨੀਆਂ ਹਨ, ਪਛਮ ਵਿਚ ਪੈਦਾ ਹੋ ਰਹੇ ਸਾਹਿਤ ਦੀ ਨਕਲ ਕਰਨ ਤੁਰਨਾ ਪੈਂਦਾ ਹੈ ।

ਆਪਣੇ ਮਾਲ ਵਲ ਪਾਠਕਾਂ ਦਾ ਧਿਆਨ ਖਿਚਣ ਲਈ ਫੈਸ਼ਨੇਬਲ ਲੇਖਕ ਨੂੰ ਕਲਾਬਾਜ਼ੀਆਂ ਲਾ ਕੇ ਵਿਖਾਉਣੀਆਂ ਪੈਂਦੀਆਂ ਹਨ, ਕੋਈ ਨਾ ਕੋਈ ਅਲੋਕਾਰ ਗੱਲ ਕਰਨੀ ਪੈਂਦੀ ਹੈ, ਅਜੀਬੋ-ਗਰੀਬ ਕਿਸਮ ਦਾ ''ਸਾਹਿਤ'' ਰਚਨਾ ਪੈਂਦਾ ਹੈ । ਪੱਛਮੀ ਦੇਸ਼ਾਂ ਦੇ ਚਿਤਰਕਾਰਾਂ ਨੂੰ ਆਪਣਾ ਮਾਲ ਵੇਚਣ



ਲਈ ਅਤੇ ਆਪਣੀ ਮਾਰਕੀਟ ਬਣਾਉਣ ਲਈ ਬਾਰੇ ਆਪਣੇ ਅਤੇ ਆਪਣੀ ਕਲਾ ਬਾਰੇ ਅਜਿਹੀਆਂ ਢੇਕਚਾਲੀਆਂ ਮਸ਼ਹੂਰ ਕਰਨੀਆਂ ਪੈਂਦੀਆਂ ਹਨ : ''ਹੁਣ ਤਕ ਆਰਟਿਸਟ ਬੁਰਸ਼ਾਂ ਨਾਲ ਪੇਂਟ ਕਰਦੇ ਸਨ, ਮੈਂ ਫੁਹਾਰੇ ਨਾਲ ਪੇਂਟ ਕਰਦਾ ਹਾਂ ।'' ਤੇ ਜਾਂ ''ਮੈਂ ਪੈਰਾਂ ਦੀਆਂ ਉਂਗਲੀਆਂ ਨਾਲ ਚਿਤਰ ਵਾਹੁੰਦਾ ਹਾਂ !'' ਅਲੌਕਿਕ ਗੱਲ ਬਣਦੀ ਬਣਦੀ ਇਥੋਂ ਤਕ ਪਹੁੰਚੀ ਹੈ ਕਿ ਅਮਰੀਕਾ ਦੇ ਇਕ ਚਿਤਰਕਾਰ ਨੇ ਦਾਹਵਾ ਕੀਤਾ ਹੈ ਕਿ ਉਹ ਆਪਣੇ ਲਿੰਗ ਨਾਲ ਪੇਂਟ ਕਰਦਾ ਹੈ ।

ਵਿਕਰੀ ਅਤੇ ਮੁਨਾਫੇ 'ਤੇ ਆਧਾਰਤ ਢਾਂਚੇ ਵਿਚ ਲੇਖਕ, ਪ੍ਰਕਾਸ਼ਕ ਅਤੇ ਆਲੋਚਕ ਨੂੰ ਆਪਣੀ ਇਕ ਜੁੰਡੀ ਬਣਾ ਕੇ ਕੰਮ ਕਰਨਾ ਪੈਂਦਾ ਹੈ । ਲੇਖਕ ਤਾਂ ਪ੍ਰਕਾਸ਼ਕ ਦੇ ਆਸਰੇ ਹੈ ਹੀ, ਪਰ ਲੇਖਕ-ਪ੍ਰਕਾਸ਼ਕ ਦੋਵੇਂ ਆਲੋਚਕ ਦੇ ਆਸਰੇ ਹਨ । ਜਾਂ ਵਧੇਰੇ ਸਹੀ ਗੱਲ ਇਹ ਹੈ ਕਿ ਪੂੰਜੀ ਵਾਲਾ ਬੰਦਾ ਬਾਕੀ ਦੋਹਾਂ ਨਿਰਧਨਾਂ ਨੂੰ ਆਪਣੇ ਹੱਥ ਹੇਠ ਰਖਦਾ ਹੈ । ਲੇਖਕ ਦੇ ਮਹਾਨ ਲੇਖਕ ਹੋਣ ਦਾ ਗੁੱਡਾ ਪ੍ਰਕਾਸ਼ਕ, ਆਲੋਚਕ ਕੋਲੋਂ ਬੰਨਵਾਉਂਦਾ ਹੈ । ਆਲੋਚਕ ਦੀ ਮੁਹਰ ਲੱਗ ਕੇ ਲੇਖਕ ਮੰਨਿਆ ਪ੍ਰਮੰਨਿਆ ਲੇਖਕ ਬਣ ਜਾਂਦਾ ਹੈ । ਉਸ ਦੀਆਂ ਕਿਤਾਬਾਂ ਦੀ ਮਾਰਕੀਟ ਬਣ ਜਾਂਦੀ ਹੈ । ਮੁਨਾਫਾ ਵਧਦਾ ਹੈ...ਤੇ ਉਸ ਮੁਨਾਫੇ ਦੇ ਕੁਝ ਟੁਕੜੇ ਲੇਖਕ ਦੇ ਪੱਲੇ ਵੀ ਪੈਂਦੇ ਹਨ ਅਤੇ ਆਲੋਚਕ ਦੇ ਵੀ । ਪੰਜਾਬੀ ਸਾਹਿਤ ਵਿਚ ਦਿਲਚਸਪੀ ਰਖਣ ਵਾਲਾ ਹਰ ਜੀਵ ਲੇਖਕ-ਪ੍ਰਕਾਸ਼ਕ-ਆਲੋਚਕ ਦੀਆਂ ਬਣੀਆਂ ਜੁੰਡੀਆਂ ਨੂੰ, ਜਿਥੇ ਜਿਥੇ ਵੀ ਉਹ ਹਨ, ਬੜੀ ਆਸਾਨੀ ਨਾਲ ਪਛਾਣ ਸਕਦਾ ਹੈ ।

ਜ਼ਿਆਦਾ ਵਿਕਰੀ ਅਤੇ ਵਧ ਮੁਨਾਫੇ ਦਾ ਚੱਕਰ ਲੇਖਕ ਨੂੰ (ਪ੍ਰਕਾਸ਼ਕ ਰਾਹੀਂ) ਇਸ ਰਾਹੇ ਵੀ ਪਾ ਦੇਂਦਾ ਹੈ ਕਿ ਲੇਖਕ ਚਟਪਟੀਆਂ, ਲੱਛੇਦਾਰ ਅਤੇ ਲਿੰਗ-ਖਿਚ ਵਾਲੀਆਂ ਰਚਨਾਵਾਂ ਲਿਖੇ, ਮਨੁੱਖ ਦੇ ਨੀਚ ਤੇ ਮੰਦੇ ਵਿਚਾਰਾਂ ਨੂੰ ਟੁੰਬਣ ਵਾਲੀਆਂ ਚੀਜ਼ਾਂ ਲਿਖੇ...ਸਸਤੇ ਸੁਆਦਾਂ ਨੂੰ ਉਭਾਰੇ... ਜ਼ੋਰ ਲਫਜ਼ਾਂ ਦੀ ਹੇਰਾ-ਫੇਰੀ, ਚੁਸਤੀ-ਚਾਲਾਕੀ ਅਤੇ ਚਸਕੇ ਉਤੇ ਹੋਵੇ...ਅਜਿਹੇ ਚੱਕਰ ਵਿਚ ਪਿਆ ਲੇਖਕ ਅਜਿਹੀਆਂ ਰਚਨਾਵਾਂ—ਕਹਾਣੀਆਂ, ਡਰਾਮੇ ਆਦਿ—ਲਿਖਦਾ ਹੈ ਜਿਹੜੀਆਂ ਪਾਠਕ ਦੇ ਲਿੰਗ-ਕੁਤਕੁਤਾਰੀਆਂ ਕਢਣ ਅਤੇ ਸਮੁੱਚੇ ਤੌਰ ਉਤੇ ਮਨੁੱਖ ਦੀ ਬੁੱਧੀ ਨੂੰ ਭ੍ਰਿਸ਼ਟ ਤੇ ਮਲੀਨ ਕਰਨ ।

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3368 E, 27th AVE.,
VANCOUVER-16 (B.C.)
CANADA

**Price : Rs. 1.50 per copy**
**Subscription :**
**Annual (India) : Rs. 15**
**U.K., U.S.A., Canada : £ 5 / $10 (By Air); £2.50 / $5 (By Sea)**
**(Pakistan) : Rs. 30**
**Life membership : Rs. 100 (India); £50 / $100 (By Air) : £ 25/ $50 (By Sea)**

## ਪੰਜਾਬ ਦੇ ਕਿਸਾਨੀ ਮਸਲਿਆਂ ਬਾਰੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ੨੨-੨੪ ਮਾਰਚ ਨੂੰ ਹੋਈ ਸੈਮੀਨਾਰ

ਸੱਠਵਿਆਂ ਤੋਂ ਬਾਅਦ ਪੰਜਾਬ ਦੀ ਖੇਤੀਬਾੜੀ ਦੀ ਉਪਜ ਵਿਚ ਤੇਜ਼ ਵਾਧਾ ਹੋਣ ਨਾਲ ਇਕ ਨਵਾਂ ਵਰਤਾਰਾ ਉਭਰ ਕੇ ਸਾਹਮਣੇ ਆਇਆ। ਫਲ੍ਹੇ ਹੱਕਦਾ ਹੱਕਦਾ ਪੰਜਾਬ ਦਾਣੇ ਕੱਢਣ ਵਾਲੀਆਂ ਮਸ਼ੀਨਾਂ ਦੀ ਗੜਗੜਾਹਟ ਅਤੇ ਧੂੜ ਵਿਚ ਲਪੇਟਿਆ ਗਿਆ। ਮਹੀਨਿਆਂ ਦਾ ਕੰਮ ਦਿਨਾਂ ਵਿਚ ਹੋਣ ਲੱਗਿਆ। ਆਰਥਕ ਮਾਹਿਰਾਂ ਨੇ ਇਸ ਨਵੇਂ ਵਰਤਾਰੇ ਨੂੰ 'ਹਰੇ-ਇਨਕਲਾਬ' ਦਾ ਨਾਂ ਦਿੱਤਾ। ਇਸ ਦੇ ਸੰਬੰਧ ਵਿਚ ਬਹੁਤ ਕੁਝ ਲਿਖਿਆ ਗਿਆ ਹੈ ਅਤੇ ਲਿਖਿਆ ਜਾ ਰਿਹਾ ਹੈ। ਉਦਾਹਰਣ ਲਈ ਮਾਹਿਰਾਂ ਅੱਗੇ ਇਹ ਮਸਲਾ ਹੈ ਕਿ ਇਸ ਇਨਕਲਾਬ ਨੂੰ ਪਹਿਲਾਂ ਤਾਂ ਪੰਜਾਬ ਦੇ ਪਛੜੇ ਜ਼ਿਲ੍ਹਿਆਂ ਵਿਚ ਤੇ ਫੇਰ ਉਸ ਤੋਂ ਬਾਅਦ ਹਿੰਦੁਸਤਾਨ ਦੇ ਬਾਕੀ ਸੂਬਿਆਂ ਵਿਚ ਕਿਵੇਂ ਵਧਾਇਆ ਜਾਵੇ। ਅਜ ਬਾਕੀ ਦੇ ਹਿੰਦੁਸਤਾਨ ਦੇ ਕਿਸਾਨਾਂ ਨੂੰ ਉਨ੍ਹਾਂ ਦਾ ਭਵਿਖ 'ਪੰਜਾਬ ਇਕ ਪਰਦਰਸ਼ਨੀ ਖੇਤ' ਦੇ ਰੂਪ ਵਿਚ ਦਿਖਾਇਆ ਜਾ ਰਿਹਾ ਹੈ। ਕਿਸਾਨੀ ਦੀਆਂ ਸਾਰੀਆਂ ਤੈਹਾਂ ਨੂੰ ਸਰਕਾਰੀ ਏਜੰਸੀਆਂ ਵਲੋਂ ਇਸ ਹੱਲੇ ਵਿਚ ਜੁੱਟ ਜਾਣ ਦੇ ਵਿਚਾਰ ਰੇਡੀਓ, ਟੈਲੀਵੀਯਨ ਅਤੇ ਸਿਖਿਆ ਮਾਹਿਰਾਂ ਰਾਹੀਂ ਫੈਲਾਏ ਜਾ ਚੁਕੇ ਹਨ ਤੇ ਜਾ ਰਹੇ ਹਨ। ਅਜ ਇਹ ਗੱਲ ਸਿੱਧ ਕਰਨ ਉਪਰ ਜ਼ੋਰ ਲੱਗਿਆ ਹੋਇਆ ਹੈ ਕਿ ਦੇਸ਼ ਵਿਚੋਂ ਭੁੱਖ, ਬੇਰੁਜ਼ਗਾਰੀ ਤੇ ਕੰਗਾਲੀ ਦੂਰ ਕਰਨ ਦਾ ਇਕੋ ਇਕ ਰਾਹ ਬਸ ਇਹੀ ਹੈ। ਇਹਨਾਂ ਸਭ ਸਰਕਾਰੀ, ਅਰਧ-ਸਰਕਾਰੀ ਏਜੰਸੀਆਂ ਦੀਆਂ ਅੱਖਾਂ ਛੋਟੀ ਕਿਸਾਨੀ ਉਪਰ ਟਿੱਕੀਆਂ ਹੋਈਆਂ ਹਨ। ਉਸ ਦੇ ਨਿੱਤ ਡੋਲ੍ਹਦੇ ਆਲ੍ਹਣੇ ਨੂੰ ਢਾਸਣੇ ਦੇਣ ਲਈ, ਉਸ ਨੂੰ ਕਿਸਾਨੀ ਦੀਆਂ ਉਪਰਲੀਆਂ ਤੈਹਾਂ ਨਾਲ ਅਨੇਕਾਂ ਤੰਦਾਂ ਨਾਲ ਬੰਨ੍ਹਣ ਲਈ ਇਹ ਵਿਚਾਰਧਾਰਾ ਪੰਜਾਬ ਦੇ ਬਲਾਕ ਅਫ਼ਸਰਾਂ ਤੋਂ ਲੈ ਕੇ ਅੰਤਰ-ਰਾਸ਼ਟਰੀ ਬੈਂਕਾਂ ਤਕ ਪਸਰੀ ਹੋਈ ਹੈ। ਸੰਸਾਰ ਬੈਂਕ (World Bank) ਨੂੰ ਇਸ ਗੱਲ ਵਿਚ ਬਹੁਤ ਦਿਲਚਸਪੀ ਹੈ ਕਿ ਪੰਜਾਬ ਦਾ ਛੋਟਾ ਕਿਸਾਨ ਕੀ ਸੋਚਦਾ ਹੈ ਤੇ ਇਹ ਸੋਚ ਉਸ ਨੂੰ ਸਿਆਸਤ ਵਿਚ ਕਿਧਰ ਖੜ੍ਹਾ ਕਰਦੀ ਹੈ। ਬਸ, ਅਜ ਦਾ ਕਿਸਾਨੀ ਮਸਲਾ ਇਹੀ ਹੈ।

ਪਰ ਸਮੱਸਿਆਵਾਂ ਦਾ ਇਕ ਪਾਸਾ ਅਜਿਹਾ ਵੀ ਹੈ ਜਿਸ ਨੂੰ ਅਜੇ ਉਹ ਗੰਭੀਰ ਅਤੇ ਸੰਜੀਦਾ ਧਿਆਨ ਨਹੀਂ ਮਿਲਿਆ, ਜਿਸ ਦੀ ਉਹ ਮੰਗ ਕਰਦਾ ਹੈ ਤੇ ਜਾਂ ਫਿਰ ਉਕਾ ਹੀ ਉਸ ਬਾਰੇ ਸੋਚਿਆ ਹੀ ਨਹੀਂ ਜਾ ਰਿਹਾ। ਇਸ ਦੇ ਕਾਰਨ ਲੋੜੀਂਦੀ ਯੋਗਤਾ ਦੀ ਘਾਟ ਤੋਂ ਬਿਨਾਂ ਹੋਰ ਵੀ



ਹਨ। ਸਮੱਸਿਆਵਾਂ ਦੇ ਇਸ ਪੱਖ ਨੂੰ ਦੋ ਸਵਾਲਾਂ ਵਿਚ ਵੰਡਿਆ ਜਾ ਸਕਦਾ ਹੈ: (1) ਪੰਜਾਬ ਦੀ ਖੇਤੀਬਾੜੀ ਵਿਚ ਪੈਦਾਵਾਰ ਦੇ ਪੁਰਾਣੇ ਸੰਬੰਧ ਟੁੱਟ ਕੇ ਪੈਦਾਵਾਰ ਦੇ ਨਵੇਂ ਸਰਮਾਏਦਾਰੀ ਸੰਬੰਧ ਕਿਸ ਤਰ੍ਹਾਂ ਦਾਖ਼ਲ ਹੋਏ ਹਨ ਤੇ ਦਿਨ-ਬ-ਦਿਨ ਕਿਵੇਂ ਤਕੜੇ ਹੋ ਰਹੇ ਹਨ? (2) ਹਰੇ ਇਨਕਲਾਬ ਦਾ ਵਰਤਾਰਾ ਮੁੱਖ ਤੌਰ 'ਤੇ ਪੰਜਾਬ ਵਿਚ ਹੀ ਕਿਉਂ ਸੰਭਵ ਹੋ ਸਕਿਆ? ਆਖਰ ਬਸਤੀਵਾਦੀ ਹਾਲਤਾਂ ਹੇਠ ਕੀ ਪੰਜਾਬ ਦੇ ਜ਼ਮੀਨੀ ਸੰਬੰਧਾਂ ਦੀ ਬਣਤਰ ਵਿਚ ਹੀ ਤਾਂ ਪਹਿਲਾਂ ਕੁਝ ਅਜਿਹਾ ਨਹੀਂ ਸੀ ਜਿਸ ਵਿਚ ਇਹ ਬਾਕੀ ਸੂਬਿਆਂ ਤੋਂ ਵੱਖਰਾ ਹੋਵੇ ਤੇ ਜਿਸ ਨੇ ਇਨ੍ਹਾਂ ਨਵੇਂ ਸਰਮਾਏਦਾਰੀ ਸੰਬੰਧਾਂ ਦਾ ਦਾਖ਼ਲਾ ਆਸਾਨ ਕਰ ਦਿੱਤਾ ਹੋਵੇ?

ਜੇਕਰ ਭੂਤ ਨੂੰ ਚਿਮਟੀ ਨਾਲ ਵਰਤਮਾਨ ਤੋਂ ਅਲੱਗ ਕੀਤਾ ਜਾ ਸਕਦਾ ਹੋਵੇ ਤਾਂ ਇਨ੍ਹਾਂ ਦੋਵਾਂ ਵਿਚੋਂ ਦੂਸਰਾ ਸਵਾਲ ਕੇਵਲ ਇਤਿਹਾਸਕ ਦਿਲਚਸਪੀ ਦਾ ਹੈ, ਜਦੋਂ ਕਿ ਪਹਿਲਾ ਵਰਤਮਾਨ ਨਾਲ ਸੰਬੰਧ ਰਖਦਾ ਹੈ ਤੇ ਕੁਦਰਤੀ ਤੌਰ 'ਤੇ ਭਵਿਖ ਦੀਆਂ ਆਸਾਂ ਦਾ ਕੇਂਦਰ ਹੈ। ਪਰ ਅਸਲ ਵਿਚ ਪਹਿਲੇ ਨੂੰ ਦੂਸਰੇ ਤੋਂ ਬਿਨਾਂ ਸਮਝਣਾ ਉਸੇ ਤਰ੍ਹਾਂ ਮੁਸ਼ਕਲ ਹੈ ਜਿਵੇਂ ਕਮਿਊਨਿਸਟ ਪਾਰਟੀਆਂ ਦੀ ਅਜੋਕੀ ਸਥਿਤੀ ਨੂੰ ਤੇ ਭਵਿੱਖ ਨੂੰ ਇਸ ਦੇ ਭੂਤ ਨੂੰ ਸਮਝੇ ਬਿਨਾਂ ਅੰਨ੍ਹੀਆਂ ਖੁੱਡਾਂ ਵਿਚ ਹੱਥ ਪਾਉਣਾ ਹੈ। ਜ਼ਮੀਨੀ ਸੰਬੰਧਾਂ ਦਾ ਮਸਲਾ ਅਕਾਦਮਿਕ ਮਸਲਾ ਨਹੀਂ ਹੈ। ਇਸ ਨੇ ਅੱਗੇ ਪੇਂਡੂ ਪੰਜਾਬ ਵਿਚ ਜਮਾਤਾਂ ਦੀ ਬਣਤਰ ਦੇ ਮਸਲੇ ਨਾਲ ਤੇ ਜਮਾਤੀ ਜਦੋ-ਜਹਿਦ ਦੇ ਮਸਲੇ ਨਾਲ ਜੁੜਨਾ ਹੈ। ਜਮਾਤਾਂ ਸਮਾਜ ਵਿਚ ਇਕ ਦਿਨ ਵਿਚ ਪੈਦਾ ਨਹੀਂ ਹੁੰਦੀਆਂ ਤੇ ਨਾ ਹੀ ਉਹ ਤਿਆਰ-ਬਰ-ਤਿਆਰ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਕਿਸੇ ਨੂੰ ਕਮਿਊਨਿਸਟ ਮੈਨੀਫੈਸਟੋ ਪੜ੍ਹ ਕੇ ਪਤਾ ਲੱਗ ਜਾਵੇ ਕਿ ਜਮਾਤ ਨਾਂ ਦੇ ਸੰਕਲਪ ਦੀ ਹੋਂਦ ਹੈ। ਜਮਾਤ ਦਾ ਸੰਕਲਪ ਤਾਂ ਸਾਰੇ ਸਮਾਜਾਂ ਲਈ ਹੈ। ਕੇਵਲ ਸੰਕਲਪ ਜਾਣ ਲੈਣ ਨਾਲ ਤੇ ਰੱਟਣ ਨਾਲ ਕਿਸੇ ਸਮਾਜ ਵਿਚ ਕਿਸੇ ਜਮਾਤ ਦੀ ਠੋਸ ਸਥਿਤੀ—ਵਿਕਾਸ ਤੇ ਵਿਚਾਰਧਾਰਾ—ਦਾ ਪਤਾ ਆਪਣੇ ਆਪ ਨਹੀਂ ਲੱਗ ਜਾਂਦਾ। ਜੇਕਰ ਅਜਿਹਾ ਹੋ ਸਕਦਾ ਹੁੰਦਾ ਤਾਂ ਮਾਰਕਸਵਾਦ, ਵਿਗਿਆਨ ਸ਼ਾਇਦ ਨਾ ਹੁੰਦਾ, ਬ੍ਰਹਮ-ਵਿਗਿਆਨ (ਪੂਰਵ-ਸਾਇੰਸ) ਹੁੰਦਾ। ਇੰਜ ਪੰਜਾਬ ਵਿਚ ਜ਼ਮੀਨੀ ਸੰਬੰਧਾਂ ਦੇ ਵਿਕਾਸ ਦੇ ਇਤਿਹਾਸਕ ਪੱਖਾਂ ਨੂੰ ਸਪਸ਼ਟ ਕੀਤੇ ਬਿਨਾਂ ਉਸ ਅਮਲ ਨੂੰ ਸਮਝਿਆ ਨਹੀਂ ਜਾ ਸਕਦਾ ਜਿਸ ਰਾਹੀਂ ਪੇਂਡੂ ਪੰਜਾਬ ਵਿਚ ਜਮਾਤਾਂ ਦਾ ਕ੍ਰਿਸਤਲੀਕਰਣ ਹੋ ਰਿਹਾ ਹੈ, ਕਿਉਂਕਿ ਜਮਾਤਾਂ ਆਪਣੇ ਆਪ ਨੂੰ ਕੇਵਲ ਲੰਮੇ ਇਤਿਹਾਸਕ ਦੌਰ ਵਿਚ ਹੀ ਆਰਥਕ ਅਤੇ ਵਿਚਾਰਧਾਰਕ ਤੌਰ 'ਤੇ ਪ੍ਰੀਭਾਸ਼ਤ ਕਰਦੀਆਂ ਹਨ। ਇੰਜ ਕਿਸਾਨੀ ਮਸਲੇ ਦਾ ਸਿੱਧਾ ਸੰਬੰਧ ਪੰਜਾਬ ਵਿਚ ਠੋਸ ਰੂਪ ਵਿਚ ਪੰਜਾਬ ਦੀ ਪੇਂਡੂ ਆਰਥਕਤਾ ਵਿਚ ਜਮਾਤਾਂ ਦੀ ਬਣਤਰ, ਮਾਨਸਕਤਾ, ਵਿਚਾਰਧਾਰਕ ਉਸਾਰ ਤੇ ਇਨ੍ਹਾਂ ਜਮਾਤਾਂ ਦੇ ਇਕ ਦੂਸਰੇ ਵਲ ਵਰਤਾਉ ਨਾਲ ਜੁੜਿਆ ਹੋਇਆ ਹੈ।

ਇਨ੍ਹਾਂ ਪੱਖਾਂ ਤੋਂ ਕਿਸਾਨੀ ਮਸਲੇ ਨੂੰ ਸਮਝਣ ਲਈ ਮੇਰੇ ਖ਼ਿਆਲ ਵਿਚ ਸਮਕਾਲੀ ਪੰਜਾਬ ਦੇ ਇਤਿਹਾਸ ਵਿਚ ਇਹ ਸੈਮੀਨਾਰ ਪਹਿਲੀ ਕੋਸ਼ਿਸ਼ ਸੀ ਤੇ ਇੰਜ ਇਸ ਸ਼ੁਰੂਆਤ ਦੀ ਆਪਣੇ ਆਪ ਵਿਚ ਮਹੱਤਤਾ ਹੈ। ਕੇਵਲ ਸਾਡੇ ਦੇਸ਼ ਵਿਚ ਹੀ ਨਹੀਂ ਸਗੋਂ ਹੋਰ ਵੀ ਕਈ ਥਾਈਂ 'ਬੁਧੀਜੀਵੀਆਂ' ਵਿਚ ਤੇ 'ਇਨਕਲਾਬ ਦੇ ਅਮਲੀ ਕਾਮਿਆਂ' ਵਿਚ ਇਕ ਅਜੀਬ ਪਾੜਾ (gap) ਖੜੋਤਾ ਹੋਇਆ ਹੈ। ਇਸ ਦੇ ਇਤਿਹਾਸਿਕ ਕਾਰਨ ਹਨ ਜਿਨ੍ਹਾਂ ਵਿਚ ਮੈਂ ਇਥੇ ਨਹੀਂ ਜਾ ਸਕਦਾ। ਕਈ ਵੇਰ 'ਅਮਲੀ ਕਾਮਿਆਂ' ਵਲੋਂ ਅਜਿਹੇ ਸੈਮੀਨਾਰਾਂ ਵਲ ਬਹੁਤ ਘਿਰਣਾ-ਭਰਿਆ ਰੁੱਖ ਅਪਣਾਇਆ ਜਾਂਦਾ ਹੈ ਤੇ ਕਈ ਵੇਰ 'ਬੁਧੀਜੀਵੀਆਂ' ਵਲੋਂ ਇਨ੍ਹਾਂ 'ਅਮਲੀ ਕਾਮਿਆਂ' ਨੂੰ, ਹਾਲਾਤ ਨੂੰ ਠੋਸ ਤੌਰ 'ਤੇ ਸਮਝੇ ਬਗੈਰ ਉਸ ਨਾਲ ਅੰਨ੍ਹੇਵਾਹ ਮੱਥਾ ਮਾਰਨ ਵਾਲੇ ਕਰਾਰ ਦਿੱਤਾ ਜਾਂਦਾ ਹੈ। ਇਹ ਪਰੰਪਰਾ ਟੁਟਣੀ ਚਾਹੀਦੀ

ਹੈ। ਟੁੱਟ ਵੀ ਰਹੀ ਹੈ। ਇਹ ਸੈਮੀਨਾਰ ਇਸ ਪੱਖੋਂ ਵੀ ਇਕ ਪਹਿਲਾ ਕਦਮ ਸੀ। ਇਸ ਸੈਮੀਨਾਰ
ਵਿਚ ਸਿਰਕੱਢ ਅਕਾਦਮੀਸ਼ਨਾਂ ਤੋਂ ਇਲਾਵਾ ਕਿਸਾਨ ਲਹਿਰਾਂ ਦੇ ਆਗੂਆਂ, ਬੇਜ਼ਮੀਨੇ ਕਿਸਾਨਾਂ ਨੂੰ
ਜਥੇਬੰਦ ਕਰਨ ਵਾਲੇ ਲੋਕਾਂ ਤੇ ਪੰਜਾਬ ਦੇ ਖੱਬੇ-ਪੱਖ ਦੇ ਉਘੇ ਸਿਆਸਤਦਾਨਾਂ ਨੇ ਭਾਗ ਲਿਆ।
ਆਪਣੀਆਂ ਕੋਸ਼ਿਸ਼ਾਂ, ਮੁਸ਼ਕਲਾਂ, ਸਫਲਤਾਵਾਂ ਤੇ ਅਸਫਲਤਾਵਾਂ ਦਾ ਦਬਵੇਂ ਬੋਲਾਂ ਵਿਚ (ਪਹਿਲੀ
ਵਾਰ ਖੁਲ੍ਹ ਕੇ ਨਾ ਸਹੀ) ਜ਼ਿਕਰ ਕੀਤਾ ਗਿਆ। ਇਕ ਹੋਰ ਸਵਾਲ ਵੀ ਸ਼ਾਇਦ ਸਾਰਿਆਂ ਦੇ ਮਨਾਂ
ਵਿਚ ਆਇਆ : ਆਖਰ ਅਸੀਂ ਸਾਰੇ ਕਿਉਂ ਇਕ ਥਾਂ ਸਿਰ ਜੋੜ ਕੇ ਨਹੀਂ ਸੋਚ ਸਕਦੇ ? ਮੈਂ ਨਹੀਂ
ਕਹਿੰਦਾ ਕਿ ਅੱਗੇ ਤੋਂ ਇਹ ਗੱਲ ਆਸਾਨੀ ਨਾਲ ਚਲ ਪਏਗੀ। ਜੇ ਚਲ ਪਏ, ਤਾਂ ਇਹ ਭਾਰਤ ਦੇ
ਖੱਬੇ-ਪੱਖ ਵਿਚ ਵਾਪਰਨਾ ਇਤਿਹਾਸਕ ਮੋੜ ਹੋਵੇਗਾ। ਜੋ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ
ਕਿ ਇਹ ਸਵਾਲ ਹਰ ਨਵੀਂ ਸਵੇਰ ਹੋਰ ਵਧੇਰੇ ਭਰਵੇਂ ਰੂਪ ਵਿਚ ਸਾਡੇ ਸਾਰਿਆਂ ਦੇ ਸਾਹਮਣੇ
ਆਉਂਦਾ ਰਹੇਗਾ।

ਕੋਈ ਸੈਮੀਨਾਰ ਮਸਲੇ ਹੱਲ ਨਹੀਂ ਕਰਦੀ ਤੇ ਨਾ ਹੀ ਅਜਿਹਾ ਕਰਨਾ ਇਸ ਦਾ ਮਕਸਦ
ਹੁੰਦਾ ਹੈ। ਇਕ ਕਾਮਯਾਬ ਸੈਮੀਨਾਰ ਭਖਵੇਂ ਮਸਲਿਆਂ ਨੂੰ ਤਿੱਖੇ ਰੂਪ ਵਿਚ ਪੇਸ਼ ਕਰਦੀ ਹੈ ਤਾਕਿ
ਹਰ ਕੋਈ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਹੋ ਜਾਵੇ। ਲਿਖੇ ਗਏ ਪੇਪਰ ਇਨ੍ਹਾਂ ਮਸਲਿਆਂ ਬਾਰੇ
ਸਨ : (1) 1947 ਤੋਂ ਪਹਿਲਾਂ ਜ਼ਮੀਨੀ ਸੰਬੰਧਾਂ ਦੀ ਬਣਤਰ ਦਾ ਵਿਕਾਸ (2) 1947 ਤੋਂ ਪਹਿਲਾਂ
ਪੰਜਾਬ ਵਿਚ ਕਿਸਾਨੀ ਲਹਿਰਾਂ (3) 1947 ਤੋਂ ਬਾਅਦ ਜ਼ਮੀਨੀ-ਸੰਬੰਧਾਂ ਦੀ ਬਣਤਰ ਦਾ ਵਿਕਾਸ
(4) ਸਮਕਾਲੀ ਪੰਜਾਬ ਦੇ ਜ਼ਮੀਨੀ-ਸੰਬੰਧਾਂ ਵਿਚ ਤਬਦੀਲੀਆਂ, ਸੰਬੰਧਾਂ ਵਿਚ ਤਣਾਓ ਦੇ ਰੂਪ ਅਤੇ
ਕਿਸਾਨੀ ਲਹਿਰਾਂ। (5) ਸਮਕਾਲੀ ਪੰਜਾਬ ਵਿਚ ਸਮਾਜਕ ਅਤੇ ਸਭਿਆਚਾਰਕ ਤਬਦੀਲੀ। ਪੰਜਵੇਂ
ਵਿਸ਼ੇ ਨੂੰ ਛੱਡ ਕੇ ਬਾਕੀ ਦੇ ਸਾਰਿਆਂ ਵਿਸ਼ਿਆਂ ਉਪਰ, ਤੇ ਖਾਸ ਕਰ ਜ਼ਮੀਨੀ ਸੁਧਾਰਾਂ ਬਾਰੇ,
ਭਰਪੂਰ ਵਿਚਾਰ-ਵਟਾਂਦਰਾ ਹੋਇਆ। ਪੰਜਵੇਂ ਵਿਸ਼ੇ ਬਾਰੇ ਬੁਲਾਰਿਆਂ ਵਲੋਂ ਦੜ ਵੱਟਣ ਦਾ ਕਾਰਨ
ਇਹ ਲੱਗਦਾ ਹੈ ਕਿ ਸਮਕਾਲੀ ਪੰਜਾਬ ਦੇ ਉਸਾਰ ਵਿਚ ਆ ਰਹੀਆਂ ਤਬਦੀਲੀਆਂ ਦੀ ਉਨ੍ਹਾਂ
ਨੂੰ ਕੋਈ ਠੋਸ ਸਮਝ ਨਹੀਂ ਸੀ। ਹਰ ਇਕ ਨੇ ਸਾਫ ਦਿਸਦੀਆਂ ਤਬਦੀਲੀਆਂ ਉਪਰ ਜ਼ੋਰ
ਦਿੱਤਾ ਪਰ ਇਨ੍ਹਾਂ ਦਾ ਤੱਤ ਕੀ ਹੈ, ਸੇਧ ਕੀ ਹੈ, ਇਸ ਸੇਧ ਦਾ ਖੱਬੀ ਸੋਚ ਲਈ ਕੀ ਮਹੱਤਵ
ਹੈ, ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ—ਇਹ ਮਸਲੇ ਛੋਹੇ ਤੱਕ ਨਹੀਂ ਗਏ। ਵਿਚਾਰਧਾਰਕ
ਜਦੋ-ਜਹਿਦ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਇਹ ਮਸਲਾ ਜਿਨਾਂ ਮਹੱਤਵਪੂਰਨ ਹੈ ਉਨਾਂ ਮੁਸ਼ਕਲ
ਵੀ। ਸਪੱਸ਼ਟ ਸੀ ਇਸ ਪਾਸੇ ਕੋਈ ਠੋਸ ਸਮਝ ਵਿਕਸਤ ਕਰਨ ਦੀ ਗਲ ਤਾਂ ਛੱਡੋ, ਅਸਾਂ ਅਜੇ
ਇਸ ਵਲ ਪੂਰਾ ਧਿਆਨ ਵੀ ਨਹੀਂ ਦਿੱਤਾ।

ਮੈਂ ਬਹੁਤੇ ਵਿਸਥਾਰ ਵਿਚ ਨਹੀਂ ਜਾਵਾਂਗਾ ਸਗੋਂ ਉਨ੍ਹਾਂ ਦੋ ਨੁਕਤਿਆਂ ਬਾਰੇ ਹੀ ਲਿਖਾਂਗਾ ਜੋ
ਧਿਆਨ ਦਾ ਕੇਂਦਰ ਬਣੇ ! (1) ਖੇਤੀਬਾੜੀ ਸੰਬੰਧਾਂ ਵਿਚ ਸਰਮਾਏਦਾਰੀ ਰਿਸ਼ਤਿਆਂ ਦੇ ਤੇਜ਼ੀ ਨਾਲ
ਦਾਖਲ ਹੋਣ ਨਾਲ ਖੇਤ ਮਜ਼ਦੂਰਾਂ ਦੀ ਜਥੇਬੰਦੀ ਤੇ ਆਰਥਕ ਮੰਗਾਂ ਦਾ ਮਸਲਾ ਪਿੰਡਾਂ ਵਿਚ ਇਕ
ਭੱਖਦਾ ਮਸਲਾ ਬਣ ਗਿਆ ਹੈ। ਪਰ ਇਸ ਮਸਲੇ ਦੇ ਕਈ ਪੱਖ ਹਨ : ਖੇਤ-ਮਜ਼ਦੂਰਾਂ ਦੀ ਜਥੇਬੰਦੀ
ਅਤੇ ਇਸ ਦੀਆਂ ਮੰਗਾਂ ਨੂੰ ਤੇ ਨਾਲ ਹੀ ਕਿਸਾਨਾਂ ਦੀ ਜਥੇਬੰਦੀ ਅਤੇ ਮੰਗਾਂ ਨੂੰ
ਇਨਕਲਾਬ ਦੀ ਕਿਸ ਯੁੱਧ-ਨੀਤੀ (strategy) ਦੇ ਪ੍ਰਸੰਗ ਦੇ ਅਨੁਕੂਲ ਖੜ੍ਹਾ
ਕੀਤਾ ਜਾਵੇ ? ਸਾਰੀਆਂ ਖੱਬੇ-ਪੱਖੀ ਪਾਰਟੀਆਂ ਭਾਵੇਂ ਉਹ ਆਪਣੀ ਯੁੱਧ-ਨੀਤੀ ਨੂੰ
ਕੋਈ ਵੀ ਨਾਂ ਦੇਣ (ਨਿਊ ਡੈਮੋਕਰੇਸੀ, ਪੀਪਲਜ਼ ਡੈਮੋਕਰੇਸੀ ਤੇ ਨੈਸ਼ਨਲ ਡੈਮੋਕਰੇਸੀ),



ਖੇਤ-ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਦੀ ਏਕਤਾ ਕਾਇਮ ਕਰਨ ਉਪਰ ਜ਼ੋਰ ਦਿੰਦੀਆਂ ਹਨ ਤੇ
ਇਸ ਏਕੇ ਨੂੰ ਸਿਰੇ ਚੜ੍ਹਾਉਣਾ ਹੀ ਇਨਕਲਾਬ ਦੇ ਮਸਲੇ ਨੂੰ ਸਿਰੇ ਚੜ੍ਹਾਉਣਾ ਸਮਝਦੀਆਂ ਹਨ।
ਇਥੇ ਇਹ ਮਹੱਤਵਪੂਰਨ ਸਵਾਲ ਉਠਾਇਆ ਗਿਆ : ਇਨ੍ਹਾਂ ਦੋ ਜਮਾਤਾਂ ਦੇ ਏਕੇ ਦਾ ਆਰਥਕ
ਆਧਾਰ ਕੋਈ ਨਹੀਂ ਹੈ। ਠੀਕ ਹੈ ਛੋਟੀ ਕਿਸਾਨੀ ਵੀ ਲੁਟੀਂਦੀ ਹੈ; ਇਸ ਦੀ ਆਰਥਕ ਹਾਲਤ
ਭੈੜੀ ਹੈ, ਪਰ ਇਥੋਂ ਇਹ ਗੱਲ ਜ਼ਰੂਰੀ ਨਹੀਂ ਬਣਦੀ ਕਿ ਉਹ ਖੇਤ ਮਜ਼ਦੂਰਾਂ ਨਾਲ ਹੱਥ ਮਿਲਾਣ
ਤੇ ਇਸ ਏਕਤਾ ਵਿਚ ਹੀ ਆਪਣਾ ਭਲਾ ਸਮਝਣ। ਸਗੋਂ ਇਨ੍ਹਾਂ ਦਰਮਿਆਨੇ ਅਤੇ ਗਰੀਬ
ਕਿਸਾਨਾਂ ਦੇ ਹਿੱਤ ਤੇ ਆਰਥਕ ਮੰਗਾਂ ਧਨੀ ਕਿਸਾਨਾਂ ਅਤੇ ਸਰਮਾਏਦਾਰ-ਜਗੀਰਦਾਰਾਂ ਨਾਲ
ਬੱਝੀਆਂ ਹੋਈਆਂ ਹਨ। ਉਹ ਕਿਸਾਨੀ ਦੀਆਂ ਇਨ੍ਹਾਂ ਉਪਰਲੀਆਂ ਤੈਹਾਂ ਨਾਲ ਐਨੀਆਂ ਕਾਰੋਬਾਰੀ,
ਸਭਿਆਚਾਰਕ ਅਤੇ ਪਰਵਾਰਿਕ ਤੰਦਾਂ ਨਾਲ ਬੱਝੇ ਹੋਏ ਹਨ ਕਿ ਉਹ ਕੇਵਲ ਉਪਰ ਵਲ ਹੀ
ਵੇਖਦੇ ਹਨ। ਇਹ ਜ਼ਰੂਰੀ ਨਹੀਂ ਕਿ ਆਰਥਕਤਾ ਦੀ ਨਿਘਰਦੀ ਹਾਲਤ ਉਨ੍ਹਾਂ ਨੂੰ ਆਪਣੇ
ਉਪਰਲਿਆਂ ਦਾ ਦੁਸ਼ਮਣ ਬਣਾਵੇ। ਤੇ ਸਭ ਤੋਂ ਵੱਡੀ ਗੱਲ ਇਹ ਕਿ ਇਨ੍ਹਾਂ ਕਿਸਾਨਾਂ ਦੀਆਂ
ਆਰਥਕ ਮੰਗਾਂ (ਜਿਨ੍ਹਾਂ ਨੂੰ ਲੈ ਕੇ ਪਿੱਛੇ ਜਿਹੇ ਕਿਸਾਨ ਲਹਿਰਾਂ ਚਲੀਆਂ ਹਨ) ਉਪਰਲੀ ਧਨੀ
ਕਿਸਾਨੀ ਅਤੇ ਸਰਮਾਏਦਾਰ-ਜਗੀਰਦਾਰਾਂ ਦੀਆਂ ਮੰਗਾਂ ਨਾਲ ਬੱਝੀਆਂ ਹੋਈਆਂ ਹਨ ਤੇ ਮੰਗਾਂ ਦੇ
ਕਿਸੇ ਵੀ ਖੇਤਰ ਵਿਚ ਉਨ੍ਹਾਂ ਦਾ ਆਪਸੀ-ਵਿਰੋਧ ਨਹੀਂ ਹੈ, ਜਦੋਂ ਕਿ ਦਿਹਾੜੀ ਦੇ ਸਵਾਲ ਨੂੰ ਲੈ
ਉਹ ਵੀ ਖੇਤ-ਮਜ਼ਦੂਰ ਦੇ ਵਿਰੁਧ ਖੜ੍ਹ ਜਾਂਦੇ ਹਨ ਤੇ ਸਗੋਂ ਕਈ ਵੇਰ ਉਪਰਲੀਆਂ ਤੈਹਾਂ ਦੇ
ਮੁਕਾਬਲੇ ਵਿਚ ਵਧੇਰੇ ਗੁੱਸਾ ਵਿਖਾਉਂਦੇ ਹਨ ਤੇ ਸਾਰੇ 'ਜੱਟਾਂ' ਦੇ ਏਕੇ ਉਪਰ ਜ਼ੋਰ ਦਿੰਦੇ ਹਨ।

ਇੰਜ ਕਿਸਾਨੀ ਦੀਆਂ ਸਾਰੀਆਂ ਤੈਹਾਂ, ਅੰਦਰੂਨੀ ਆਰਥਕ ਵਖਰੇਵਿਆਂ ਦੇ ਬਾਵਜੂਦ, ਇਕ
'ਭਾਈਚਾਰਕ ਇਕੱਠ', ਜਿਸ ਨੂੰ ਅਸੀਂ ਜਮਾਤੀ ਬਲਾਕ ਆਖਦੇ ਹਾਂ, ਦੇ ਤੌਰ 'ਤੇ ਵਰਤਾਓ
ਕਰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ : ਖੇਤ ਮਜ਼ਦੂਰਾਂ ਦੀ ਜਥੇਬੰਦੀ ਇਸ ਬਲਾਕ ਨੂੰ ਕਿਵੇਂ
ਤੋੜ ਸਕਦੀ ਹੈ ? ਇਸ ਦੇ ਵਿਚਾਰਧਾਰਕ ਆਗੂਆਂ ਕੋਲ ਅਜਿਹਾ ਕਰਨ ਦੀਆਂ ਕੀ ਸਕੀਮਾਂ ਤੇ
ਕੀ ਦਾਅ-ਪੇਚ ਹਨ ? ਇਕ ਨੌਜਵਾਨ ਵਕਤਾ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਇਸ ਗੱਲ ਉਪਰ
ਬਹੁਤ ਜ਼ੋਰ ਦਿੱਤਾ ਕਿ ਜਦੋਂ ਅਸੀਂ ਖੱਬੇ-ਪੱਖੀ, ਖੇਤ-ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੀ ਏਕਤਾ
ਦੀ ਗੱਲ ਕਰਦੇ ਹਾਂ ਤਾਂ ਇਸ ਦਾ ਕੋਈ ਬਾਹਰਮੁਖੀ ਆਰਥਕ ਆਧਾਰ ਨਹੀਂ ਹੁੰਦਾ। ਇਸ ਦਾ
ਆਧਾਰ ਸਾਡੀ ਉਨ੍ਹਾਂ ਪ੍ਰਤੀ ਹਮਦਰਦੀ ਅਤੇ ਉਹਨਾਂ ਨੂੰ ਅਗੇ ਵਧਾਉਣ ਦੀ ਰੀਝ ਹੀ ਹੁੰਦਾ ਹੈ।
ਇਸ ਸਵਾਲ ਨੂੰ ਇਤਿਹਾਸਕ ਪੱਖ ਤੋਂ ਇੰਜ ਸਪੱਸ਼ਟ ਕੀਤਾ ਜਾ ਸਕਦਾ ਹੈ : ਪੰਜਾਬ ਦੀ ਜੱਟ
ਕਿਸਾਨੀ ਦੀ ਵੱਡੀ ਬਹੁਸੰਮਤੀ ਨੇ ਆਜ਼ਾਦੀ ਤੋਂ ਪਹਿਲਾਂ ਹਮੇਸ਼ਾਂ ਹੀ ਇਕ ਬਲਾਕ ਵਜੋਂ ਵਰਤਾਓ
ਕੀਤਾ ਹੈ। ਇਸ ਨੇ ਕੌਮਵਾਦੀ ਜਾਂ ਖੱਬੇ-ਪੱਖੀਆਂ ਦੇ ਵਿਚਾਰਾਂ ਨੂੰ ਸਵੀਕਾਰ ਕਰਨ ਦੀ ਬਜਾਏ
ਸਾਮਰਾਜ ਦੀ ਝਿਆਲ ਯੂਨੀਨਿਸਟ ਪਾਰਟੀ ਦੀ ਵਿਚਾਰਧਾਰਕ ਸਰਦਾਰੀ ਮੰਨੀ ਰੱਖੀ ਹੈ ਤੇ ਇੰਜ
ਇਹ ਕਿਸਾਨੀ ਸਾਮਰਾਜੀ ਫ਼ੌਜਾਂ ਦੀ ਭਰਤੀ ਦਾ ਅੱਡਾ ਬਣੀ ਰਹੀ ਹੈ। ਅੱਜ ਉਹ ਕਿਹੜੇ ਕਾਰਨ
ਹਨ ਜਿਨ੍ਹਾਂ ਕਰਕੇ ਅੱਜ ਅਸੀਂ ਇਹ ਵਿਸ਼ਵਾਸ਼ ਕਰਨ ਲਈ ਮਜਬੂਰ ਹੋ ਜਾਈਏ ਕਿ ਆਉਣ
ਵਾਲੇ ਭਵਿੱਖ ਵਿਚ ਪੰਜਾਬ ਦੀ ਕਿਸਾਨੀ ਇੰਜ ਇਕ ਬਲਾਕ ਦੇ ਤੌਰ 'ਤੇ ਵਰਤਾਓ ਨਹੀਂ ਕਰੇਗੀ ?
ਖੱਬੇ-ਪੱਖੀ, ਹੇਠਲੀਆਂ ਤੈਹਾਂ ਨੂੰ ਨਿਖੇੜ ਕੇ ਖੇਤ-ਮਜ਼ਦੂਰਾਂ ਨਾਲ ਉਨ੍ਹਾਂ ਦੀ ਏਕਤਾ ਕਿੰਜ ਸਥਾਪਤ
ਕਰਨਗੇ ? ਜੇਕਰ ਇਨ੍ਹਾਂ ਮਸਲਿਆਂ ਨੇ ਹੱਲ ਹੋਣਾ ਹੈ ਤਾਂ ਇਨ੍ਹਾਂ ਨੂੰ ਜ਼ਰੂਰ ਸੈਂਕੜੇ ਸੂਝਵਾਨ
ਵਿਦਵਾਨਾਂ ਅਤੇ ਸਰਗਰਮ ਸਿਆਸੀ ਵਰਕਰਾਂ ਦੀ ਸੋਚ ਦਾ ਅਟੁੱਟ ਅੰਗ ਬਣਨਾ ਚਾਹੀਦਾ ਹੈ।

ਜਦੋਂ ਖੱਬੇ-ਪੱਖੀ, ਖੇਤੀ ਦੇ ਸੈਕਟਰ ਵਿਚ, ਆਰਥਕ ਮੰਗਾਂ ਤੇ ਜ਼ਮੀਨੀ ਸੁਧਾਰਾਂ ਦੀਆਂ ਮੰਗਾਂ ਨੂੰ ਲੈ ਕੇ ਜਦੋ-ਜਹਿਦ ਲਾਮਬੰਦ ਕਰਦੇ ਹਨ ਤਾਂ ਆਪਣੇ ਦਿਲਾਂ ਤੇ ਮਨਾਂ ਵਿਚ ਉਹ ਇਨਕਲਾਬੀ ਕਰਮ ਹੀ ਕਰ ਰਹੇ ਹੁੰਦੇ ਹਨ, ਪਰ ਬਾਹਰਮੁਖੀ ਤੌਰ 'ਤੇ ਇਸ ਕਰਮ ਦਾ ਨਤੀਜਾ ਕੀ ਹੁੰਦਾ ਹੈ? ਤੇ ਲੰਮੇ ਦ੍ਰਿਸ਼ਟੀਕੋਨ ਤੋਂ ਕਿਹੜੀ ਜਮਾਤ ਦੇ ਭਲੇ ਲਈ ਹੁੰਦਾ ਹੈ? ਮਨਾਂ ਵਿਚ ਲੜਦੇ ਹਨ ਖੱਬੇ-ਪੱਖੀ ਇਨਕਲਾਬ ਲਈ ਜਦੋਂ ਉਹ ਲੜ ਰਹੇ ਹੁੰਦੇ ਹਨ—ਮੁਜ਼ਾਰਿਆਂ ਨੂੰ ਜ਼ਮੀਨਾਂ ਦਿਵਾਉਣ ਲਈ, ਕਿਸਾਨੀ ਨੂੰ ਉੱਚੇ ਭਾਅ ਦਿਵਾਉਣ ਲਈ। ਜਦ ਮੁਜ਼ਾਰਿਆਂ ਨੂੰ ਜ਼ਮੀਨਾਂ ਮਿਲੀਆਂ ਤਾਂ ਉਹ ਬਣਨਾ ਚਾਹੁੰਦੇ ਹਨ ਸਰਮਾਏਦਾਰ ਕਿਸਾਨ ਤੇ ਹੁਣ ਬਣ ਜਾਂਦੇ ਹਨ ਖੱਬੇ-ਪੱਖੀ ਉਨ੍ਹਾਂ ਦੀ ਵਿਚਾਰਧਾਰਾ ਦੇ ਰਾਹ ਵਿਚ ਰੋੜਾ ਤੇ ਕਲ੍ਹ ਦੇ ਮੁਜ਼ਾਰਿਆਂ ਤੇ ਭਵਿਖ ਦੇ ਸਰਮਾਏਦਾਰ ਕਿਸਾਨਾਂ ਨੂੰ ਹੁਣ ਉਹ ਲਗਦੇ ਹਨ ਵਿਹੁ ਵਰਗੇ, ਜਦੋਂ ਉਹ ਮਜ਼ਦੂਰਾਂ ਤੇ ਖੇਤ-ਕਾਮਿਆਂ ਦੀ ਉਜਰਤ ਦੀ ਗੱਲ ਕਰਦੇ ਹਨ। ਤੇ ਜਦ ਮਿਲ ਜਾਂਦੇ ਹਨ ਉੱਚੇ ਭਾਅ ਤਾਂ ਧਨੀ ਕਿਸਾਨ ਕਹਿੰਦਾ ਹੈ, ਕਾਮਰੇਡ! ਮਾੜਾ ਮੋਟਾ ਫੰਡ ਲੈਣਾ ਹੈ ਤੇ ਜਾਂ ਵੋਟਾਂ ਲੈਣੀਆਂ ਹਨ ਤਾਂ ਗੱਲ ਕਰ, ਨਹੀਂ ਤਾਂ ਚਲਦਾ ਬਣ। ਇਹ ਹਾਲਾਤ ਦੀ ਮਿਹਰਬਾਨੀ ਹੈ ਕਿ ਮਨੋਂ ਪੱਕੇ ਇਨਕਲਾਬੀ ਦੇ ਬਾਹਰਮੁਖੀ ਇਤਿਹਾਸਕ ਅਮਲ ਦਾ ਨਤੀਜਾ ਇਹ ਨਿਕਲਦਾ ਹੈ—ਇਹ ਉਹਦੇ ਵਸ ਦਾ ਰੋਗ ਨਹੀਂ। ਪੁਲਸ ਕੋਲੋਂ ਹੱਡ ਤੁੜਵਾ ਕੇ ਉਹ ਰਹਿੰਦਾ ਹੈ ਉਥੇ ਦਾ ਉਥੇ! ਇਹ ਇਤਿਹਾਸਕ ਦੁਬਿੱਧਾ ਹੈ।

ਉਪਰਲੀਆਂ ਮੰਗਾਂ ਨੂੰ ਲੈ ਕੇ ਲੜਨ ਦਾ ਆਰਥਕ ਭਾਸ਼ਾ ਵਿਚ ਮਤਲਬ ਖੇਤੀ ਵਿਚ ਸਰਮਾਏ-ਦਾਰੀ ਸੰਬੰਧਾਂ ਲਈ ਰਾਹ ਪੱਧਰਾ ਕਰਨਾ ਹੈ। ਇਹ ਇਤਿਹਾਸਕ ਅਮਲ ਹੈ ਜਿਸ ਵਿਚ ਅੱਜ ਅਸੀਂ ਫ਼ਸੇ ਹੋਏ ਹਾਂ। ਹਿੰਦੁਸਤਾਨ ਦਾ ਇਨਕਲਾਬ ਨਾ ਤਾਂ ਰੂਸ ਵਾਂਗ ਹੈ ਜਿਥੇ ਸਨਅਤੀ ਖੇਤਰ ਵਿਚ ਤੇ ਖੇਤੀਬਾੜੀ ਵਿਚ ਇਕੋ ਸਮੇਂ ਇਨਕਲਾਬ ਹੋ ਕੇ ਘੁਲ ਮਿਲ ਗਏ ਤੇ ਇੰਜ ਕਿਸਾਨੀ ਸ਼ਕਤੀ ਮਜ਼ਦੂਰ ਦੀ ਸਹਾਇਕ ਬਣ ਗਈ। ਬਾਲਸ਼ਵਿਕਾਂ ਦੇ ਹਾਲਾਤ ਸਾਜ਼ਗਾਰ ਸਨ। ਸਾਡਾ ਮਸਲਾ ਚੀਨ ਦੇ ਇਨਕਲਾਬ ਵਾਂਗ ਵੀ ਨਹੀਂ ਜਿਥੇ ਕਿਸਾਨੀ ਮਸਲਾ ਸਾਮਰਾਜ ਵਿਰੁਧ ਕੌਮੀ ਇਨਕਲਾਬ ਦੇ ਮਸਲੇ ਨਾਲ ਅਟੁੱਟ ਤੌਰ 'ਤੇ ਜੁੜ ਗਿਆ। ਜੇਕਰ ਦੋਵੇਂ ਖੇਤਰਾਂ (ਖੇਤੀਬਾੜੀ ਅਤੇ ਸਨਅਤੀ) ਵਿਚ ਇਨਕਲਾਬ ਇਕੋ ਵੇਲੇ ਨਹੀਂ ਪੱਕਦੇ ਸਗੋਂ ਅਗਾਂਹ ਪਿਛਾਂਹ ਹੋ ਕੇ ਤਬਦੀਲੀ ਦਾ ਇਕ ਲੰਮਾ ਅਮਲ ਬਣ ਜਾਂਦੇ ਹਨ ਤਾਂ ਨਾ ਚਾਹੁੰਦਿਆਂ ਹੋਇਆਂ ਵੀ ਖੱਬੇ-ਪੱਖੀ, ਖੇਤੀਬਾੜੀ ਵਿਚ ਅਖ਼ੀਰ ਸਰਮਾਏਦਾਰੀ ਰਿਸ਼ਤਿਆਂ ਲਈ ਰਾਹ ਪੱਧਰਾ ਕਰਨ ਦੇ ਇਤਿਹਾਸਕ ਏਜੰਟ ਬਣ ਜਾਂਦੇ ਹਨ। ਤੇ ਇਸ ਵਿਚੋਂ ਖੱਟਣਾ ਕਿਸ ਨੇ ਹੁੰਦਾ ਹੈ? ਧਨੀ ਕਿਸਾਨ ਨੇ ਤੇ ਉਹੀ ਖੱਟਦਾ ਹੈ; ਕਮਿਊਨਿਸਟਾਂ ਦੇ ਤਾਂ ਕੇਵਲ ਹੱਡ ਭੱਜਦੇ ਹਨ। ਇੰਜ ਬਾਹਰਮੁਖੀ ਤੌਰ 'ਤੇ ਇਤਿਹਾਸਕ ਅਮਲ ਤਾਂ ਹੁੰਦਾ ਹੈ **ਸੁਧਾਰਵਾਦੀ**—ਸਰਮਾਏਦਾਰੀ ਰਿਸ਼ਤਿਆਂ ਲਈ ਰਾਹ ਹੌਲੀ ਹੌਲੀ ਪਧਰਾ ਕਰਨਾ—ਪਰ ਖੱਬੇ-ਪੱਖੀ ਜੋ ਅਜਿਹਾ ਕਰਦੇ ਹਨ, ਮਨਾਂ ਤੇ ਦਿਲਾਂ ਵਿਚ ਸਮਝਦੇ ਹਨ ਆਪਣੇ ਆਪ ਨੂੰ ਇਨਕਲਾਬੀ, ਦੂਸਰਿਆਂ ਨੂੰ ਦੱਸਦੇ ਹਨ ਸੋਧਵਾਦੀ ਤੇ ਨਵ-ਸੋਧਵਾਦੀ ਜਦੋਂ ਕਿ ਉਨ੍ਹਾਂ ਦੇ ਅਮਲਾਂ ਦਾ ਬਾਹਰਮੁਖੀ ਨਤੀਜਾ ਵੀ ਉਨ੍ਹਾਂ ਦੇ ਵਿਰੋਧੀਆਂ ਵਾਲਾ ਹੀ ਹੁੰਦਾ ਹੈ। ਸੋ ਅੱਜ ਜੋ ਸਾਡਾ ਇਤਿ-ਹਾਸਕ ਪ੍ਰਸੰਗ ਹੈ ਜਾਂ ਜਿਸ ਵਿਚ ਇਤਿਹਾਸ ਨੇ ਸਾਨੂੰ ਫਸਾ ਦਿਤਾ ਹੈ, ਇਸ ਵਿਚ ਇਨਕਲਾਬੀ ਹੋਣ ਤੋਂ ਕੀ ਭਾਵ ਹੈ? ਅਸੀਂ ਕਿਤੇ ਇਕੋ ਪਰਵਾਰ ਦੇ ਐਵੇਂ ਤਾਂ ਨਹੀਂ ਇਕ ਦੂਸਰੇ ਨੂੰ ਗਾਲ੍ਹਾਂ ਕੱਢੀ ਜਾਂਦੇ? ਕਿਸੇ ਹੋਰ ਨੂੰ ਮਲਾਈ ਦਿਵਾਉਣ ਲਈ ਕਿਤੇ ਐਵੇਂ ਤਾਂ ਨਹੀਂ ਘੋਟੇ ਖਾਈ ਜਾਂਦੇ? ਇਸ ਬਾਰੇ ਵੀ ਸੋਚਣ ਦੀ ਲੋੜ ਹੈ!

—ਭਗਵਾਨ ਸਿੰਘ ਜੋਸ਼



## ਚੰਡੀਗੜ੍ਹ ਵਿਚ ਹੋਈ ਪੰਜਾਬੀ ਅਧਿਆਪਨ ਬਾਰੇ ਗੋਸ਼ਟੀ

ਪਿਛੇ ਜਿਹੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਲੋਂ ਇਕ ਦਿਲਚਸਪ ਗੋਸ਼ਟੀ ਕਰਵਾਈ ਗਈ। ਵਿਸ਼ਾ ਸੀ: "ਪੋਸਟ ਗ੍ਰੈਜੂਏਟ ਪੰਜਾਬੀ ਅਧਿਆਪਨ ਦੀਆਂ ਸਮੱਸਿਆਵਾਂ।" ਸਭ ਹੈਰਾਨ ਸਨ ਕਿ ਇਸ ਵਿਭਾਗ ਨੂੰ ਕੀ ਹੋ ਗਿਆ ਹੈ। ਅਜੇ ਤਕ ਤਾਂ ਇਥੇ ਇਹੀ ਝਗੜਾ ਚਲਦਾ ਰਹਿੰਦਾ ਸੀ ਕਿ ਕਿਸ ਨੇ ਰੀਡਰ ਬਣਨਾ ਹੈ ਤੇ ਕਿਸ ਨੇ ਨਹੀਂ। ਇੰਟ੍ਰੀਗ, ਚਾਪਲੂਸੀ, ਘਟੀਆ ਤਰ੍ਹਾਂ ਦੀ ਧੜੇਬੰਦੀ ਦਾ ਇਹ ਗੜ੍ਹ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਲਈ ਕਿਵੇਂ ਤਿਆਰ ਹੋ ਗਿਆ? ਇਹ ਕਿਵੇਂ ਹੋ ਗਿਆ?

ਪਰ ਬਿੱਲੀ ਮੋਈ ਦੀ ਮੋਈ ਜਿੱਥੇ ਪਈ ਸੀ, ਪਈ ਰਹੀ। ਅਕਾਦਮਕ ਕਿਸਮ ਦੇ ਲੇਖ ਪੜ੍ਹੇ ਗਏ, ਪੜ੍ਹਵਾਏ ਗਏ। ਵਿਦਿਆਰਥੀ ਜੋ ਅਧਿਆਪਕ ਦਾ ਜ਼ਰੂਰੀ ਅੰਗ ਹਨ ਸੈਮੀਨਾਰ ਰੂਮ ਵਿਚ ਆਉਂਦੇ, ਤੇ ਬੋਰ ਹੋ ਕੇ ਚਲੇ ਜਾਂਦੇ। ਆਉਂਦੇ ਉਹ ਉਦੋਂ ਸਨ ਜਦੋਂ ਉਨ੍ਹਾਂ ਨੂੰ ਪਤਾ ਚਲਦਾ ਕਿ ਅਜ ਬਾਹਰੋਂ ਆਇਆ ਉਹ ਅਧਿਆਪਕ ਬੋਲ ਰਿਹਾ ਹੈ ਜੋ ਉਨ੍ਹਾਂ ਦੇ ਪਹਿਲੇ ਜਾਂ ਚੌਥੇ ਪਰਚੇ ਦਾ ਪੇਪਰ ਸੈੱਟਰ ਹੈ। ਉਹ ਪਰਚੇ ਮਾਰਕ ਕਰੇਗਾ। ਇਸ ਲਈ ਇਹ ਪਤਾ ਲਗਣਾ ਜ਼ਰੂਰੀ ਹੈ ਕਿ ਉਹ ਅਜ ਕਲ੍ਹ ਕੀ ਸੋਚ ਰਿਹਾ ਹੈ? ਕੀ ਪੜ੍ਹ ਰਿਹਾ ਹੈ? ਪੜ੍ਹ ਵੀ ਰਿਹਾ ਹੈ? ਜਾਂ ਉਹ ਕਿਸ ਦੇ ਵਿਰੁੱਧ ਹੈ? ਨਾਨਕ ਸਿੰਘ ਬਾਰੇ ਉਸ ਦੇ ਕੀ ਵਿਚਾਰ ਹਨ? ਜੇ ਉਹ ਕਹਿੰਦਾ ਹੈ ਨਾਨਕ ਸਿੰਘ "ਸੈਂਟੀਮੈਂਟਲ' ਨਾਵਲਕਾਰ ਹੈ ਤਾਂ ਇਹ ਤਾਂ ਪੇਪਰ ਕਰਦੇ ਲਿਖਣਾ ਹੀ ਪਵੇਗਾ। ਜੇ ਪੇਪਰ ਦਿੱਲੀ ਯੂਨੀਵਰਸਟੀ ਦੇ ਅਧਿਆਪਕਾਂ ਦੇ ਉਸ ਟੋਲੇ ਪਾਸ ਜਾ ਰਿਹਾ ਹੈ ਜੋ ਸੰਰਚਨਾਵਾਦ ਦੇ ਬੋਜ ਆਪਣੇ ਮੋਢਿਆਂ 'ਤੇ ਲਗਾਈ ਬੈਠੇ ਹਨ ਤਾਂ ਸੁਆਲ ਕਰਦਿਆਂ ਸੰਰਚਨਾਵਾਦੀ ਪਹੁੰਚ ਦੀ ਪ੍ਰਭੁਤਾ ਬਾਰੇ ਸੰਕੇਤ ਕਰਨਾ ਹੀ ਪੈਣਾ ਹੈ। ਪੰਜਾਬੀ ਆਲੋਚਨਾ ਉਤੇ ਸੁਆਲ ਆ ਗਿਆ ਤੇ ਜੇ ਪੇਪਰ ਅਤਰ ਸਿੰਘ ਕੋਲ ਜਾਣਾ ਹੈ ਤਾਂ ਹਰਿਭਜਨ ਸਿੰਘ ਨੂੰ ਤਾਂ ਰਗੜਾ ਫੇਰਨਾ ਹੀ ਪੈਣਾ ਹੈ ਕਿਉਂਕਿ ਸੈਮੀਨਾਰ ਵਿਚ ਅਤਰ ਸਿੰਘ ਦਿੱਲੀ ਵਾਲਿਆਂ ਵਿਰੁੱਧ ਆਪਣਾ ਕ੍ਰੋਧ ਉਗਲ ਰਿਹਾ ਸੀ।

ਸੋ ਮਸਲਾ ਤਾਂ ਨੰਬਰ ਲੈਣ ਦਾ ਹੈ। ਪੰਜਾਬੀ ਅਧਿਆਪਕ ਦੀ ਸਮੱਸਿਆ ਇਹ ਨਹੀਂ ਕਿ ਨਾਵਲ ਜਾਂ ਸਾਹਿਤ ਇਤਿਹਾਸ ਕਿਵੇਂ ਪੜ੍ਹਾਇਆ ਜਾਵੇ! ਸਮੱਸਿਆ ਹੈ—ਪੰਜਾਬੀ ਅਧਿਆਪਕ ਜਿਨ੍ਹਾਂ ਵਿਚੋਂ ਬਹੁਤੇ ਇਸ ਕਿੱਤੇ ਦੇ ਯੋਗ ਨਹੀਂ ਤੇ ਜਿਨ੍ਹਾਂ ਨੂੰ ਛਗਵਾੜੇ ਜਾ ਕੇ ਮਿਊਂਸਪਲ ਕਮੇਟੀ ਦੀ ਚੋਣ ਲੜਨੀ ਚਾਹੀਦੀ ਹੈ। ਇਹ ਅਧਿਆਪਕ ਇੰਟ੍ਰੀਗ ਕਰਦੇ ਤੇ ਕਰਾਂਦੇ ਹਨ, ਹੈੱਡ ਦੀ ਚਾਪਲੂਸੀ ਕਰਦੇ ਤੇ ਵਿਦਿਆਰਥੀਆਂ ਪਾਸੋਂ ਚਾਪਲੂਸੀ ਦੀ ਮੰਗ ਕਰਦੇ ਹਨ। ਸੈਮੀਨਾਰਾਂ ਵਿਚ ਹਿੱਸਾ ਇਸ ਕਰਕੇ ਲੈਂਦੇ ਹਨ ਕਿ ਫ੍ਰੀ ਫੰਡਾਂ ਵਿਚ ਘੁੰਮ ਹੋ ਜਾਂਦਾ, ਵਾਕਫੀਅਤ ਦਾ ਦਾਇਰਾ ਵੱਡਾ ਹੋ ਜਾਂਦਾ, ਰਿਸ਼ਤੇਦਾਰੀਆਂ ਮਜ਼ਬੂਤ ਹੋ ਜਾਂਦੀਆਂ, ਲੈਣ ਦੇਣ ਵੱਧ ਜਾਂਦਾ ਅਤੇ ਜੇ ਕੋਈ ਮੰਤਰੀ ਪ੍ਰਧਾਨਗੀ ਕਰ ਰਿਹਾ ਹੈ ਤਾਂ ਬੰਦਾ ਉਹਦੀ ਨਜ਼ਰ ਵਿਚ ਆ ਜਾਂਦਾ। ਜੇ ਆਵਾਜ਼ ਸੁਰੀਲੀ ਤੇ ਅਦਾ ਲਚਕੀਲੀ ਤੇ ਵਿਚਾਰ ਹੁਣੇ ਛਪੀ ਕਿਸੇ ਅੰਗ੍ਰੇਜ਼ੀ ਪੁਸਤਕ ਵਿਚੋਂ ਹਨ, ਤਾਂ ਦਾਦ ਦੇ ਪ੍ਰਸ਼ਾਦੇ ਵੀ ਮਿਲ ਜਾਂਦੇ ਹਨ। ਸਾਹਿਤ, ਅਧਿਆਪਨ, ਕਦਰਾਂ ਕੀਮਤਾਂ—ਹਾਂ, ਬਹੁਤ ਚੰਗੀ ਗੱਲ ਹੈ, ਸਾਹਿਤ ਦੀ ਸੇਵਾ

ਹੋਣੀ ਚਾਹੀਦੀ ਹੈ। ਤੇ ਇਹ ਗੱਲ ਬਸ ਚੰਗੀ ਹੀ ਹੈ! ਅਮਲ ? ਸਾਡੇ ਅਮਲਾਂ ਨੂੰ ਕੀ ਹੋਇਆ ?

ਗੋਸ਼ਟੀ ਤਿੰਨ ਦਿਨ ਚਲਦੀ ਰਹੀ। ਡਾਕਟਰ ਦਰਸ਼ਨ ਸਿੰਘ ਜੀ ਬਾਰ ਬਾਰ ਹਰ ਵਕਤੇ ਦਾ ਤੇ ਹਰ ਪ੍ਰਧਾਨ ਦਾ, ਤੇ "ਡਾਕਟਰ ਕੋਹਲੀ ਜੀ" ਦਾ, "ਡਾਕਟਰ ਅਤਰ ਸਿੰਘ ਜੀ ਦਾ" "ਡਾਕਟਰ ਤਿਵਾੜੀ ਸਾਹਿਬ ਜੀ ਦਾ" ਧੰਨਵਾਦ ਕਰਦੇ ਆ ਰਹੇ ਸਨ। ਲਗਦਾ ਸੀ ਇਸ ਵਿਭਾਗ ਵਿਚ ਅਜੇ ਵੀ ਫਿਊਡਲ ਢੰਗ ਦਾ ਪ੍ਰੋਟੋਕੋਲ ਹੈ। ਜਦੋਂ ਕਦੇ ਵੀ ਇਥੇ ਕੋਈ ਭਾਸ਼ਣ ਹੁੰਦਾ ਹੈ ਤਾਂ ਅਧਿਆਪਕ ਵਕਤਾ ਦੇ ਮੂੰਹ ਵਲ ਨਹੀਂ ਵੇਖਦੇ, ਸਗੋਂ ਪਿੱਠ ਵਲ ਵੇਖਦੇ ਹਨ ਕਿਉਂਕਿ ਵਕਤਾ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਿਹਾ ਹੁੰਦਾ ਹੈ ਤੇ ਉਹ ਵਕਤਾ ਦੇ ਪਿਛੇ ਕੁਰਸੀਆਂ ਦੀ ਪਾਲ ਬਣਾ ਕੇ ਬੈਠ ਜਾਂਦੇ ਹਨ। ਵਕਤਾ ਦੇ ਬੋਲਣ ਬਾਅਦ ਇਕ ਸੀਨੀਅਰ ਅਧਿਆਪਕ ਉੱਠਦਾ ਹੈ ਤਾਂ "ਡਾਕਟਰ ਕੋਹਲੀ ਸਾਹਿਬ ਜੀ" ਦਾ ਧੰਨਵਾਦ ਕਰ ਕੇ ਵਕਤਾ ਦਾ ਇਹ ਕਹਿ ਕੇ ਧੰਨਵਾਦ ਕਰਦਾ ਹੈ ਕਿ ਉਸ ਨੇ ਵਿਸ਼ੇ ਬਾਰੇ "ਵੈਰੀ ਨਾਈਸ" ਭਾਸ਼ਣ ਦਿਤਾ ਹੈ। ਵਿਦਿਆਰਥੀ ਸੁਆਲ ਪੁੱਛਦੇ ਹਨ, ਪੂਰਨ ਸਤਕਾਰ ਭਾਵਨਾ ਨਾਲ, ਕਿ ਕਿਧਰੇ "ਡਾਕਟਰ ਕੋਹਲੀ ਸਾਹਿਬ ਜੀ" ਜਾਂ "ਡਾਕਟਰ ਤਿਵਾੜੀ ਜੀ" ਖਫ਼ਾ ਨਾ ਹੋ ਜਾਣ। ਮਸਲਾ ਫਿਰ ਉਹੀ ਹੈ। ਜੇ ਕੋਈ ਖਫ਼ਾ ਹੋ ਗਿਆ ਤਾਂ ਕਿਥੇ ਜਾਵਾਂਗੇ ? ਕਰੀਬ ਸਾਰੇ ਹੀ ਤਾਂ 'ਇੰਟਰਨਲ ਅਗਜ਼ੈਮੀਨਰ' ਹਨ ਤੇ 'ਇੰਟਰਨਲ ਅਗਜ਼ੈਮੀਨਰ' ਨੂੰ ਦਸ ਨੰਬਰ ਵਧਾਣ ਜਾਂ ਘਟਾਣ ਦਾ ਅਖਤਿਆਰ ਹੁੰਦਾ ਹੈ।

ਤੀਜੇ ਦਿਨ ਡਾਕਟਰ ਕੇਸਰ ਸਿੰਘ ਨੇ ਪੰਜ ਮਿੰਟ ਲਈ ਸੋਟਾ ਹੱਥ ਵਿਚ ਫੜ ਲਿਆ...ਪਰ ਘੁਮਾਇਆ ਨਹੀਂ। ਕਿਸ ਦੀ ਪੀੜ੍ਹੀ ਹੇਠ ਫੇਰਦਾ ? ਸਭ ਤੋਂ ਜ਼ਿਆਦਾ ਤਾਂ ਉਸ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਸੀ। ਪਰ ਮਨੁੱਖੀ ਦਿਮਾਗ਼ ਚੁਸਤ ਹੈ। ਤੇ ਜਦੋਂ ਕੋਈ ਬੁੱਧੀ-ਜੀਵੀ ਆਪਣੀ ਆਈ ਉਤੇ ਆ ਜਾਵੇ ਤਾਂ ਉਹ ਚਲਿਤਰਾਂ ਵਿਚ ਤੀਵੀਆਂ ਨੂੰ ਮਾਤ ਪਾ ਸਕਦਾ ਹੈ। ਕੇਸਰ ਸਿੰਘ ਨੇ ਕਿਹਾ ਕਿ ਉਹ ਪੰਜਾਂ ਮਿੰਟਾਂ ਵਿਚ ਸੰਖੇਪ ਜਿਹਾ ਉਨ੍ਹਾਂ ਸਮੱਸਿਆਵਾਂ ਵਲ ਧਿਆਨ ਦਿਵਾਣਾ ਚਾਹੁੰਦਾ ਹੈ ਜੋ ਦੋ ਦਿਨ ਤੋਂ ਹੋ ਰਹੇ ਸੈਮੀਨਾਰ ਵਿਚ ਗੌਲੀਆਂ ਨਹੀਂ ਗਈਆਂ। ਸੈਮੀਨਾਰ ਰੂਮ ਵਿਚ ਬੈਠੇ ਸਰੋਤਿਆਂ ਨੇ ਕਿਹਾ : "ਛੱਡੋ ਜੀ, ਪਹਿਲਾਂ ਕੌਫੀ ਪੀ ਲਈਏ, ਥੱਕ ਗਏ ਹਾਂ।" "ਬੱਸ ਦੋ ਮਿੰਟ" ਕੇਸਰ ਸਿੰਘ ਨੇ ਜਵਾਬ ਦਿਤਾ। ਮਸਲਾ ਹੈ, ਉਹ ਬੋਲਿਆ, ਪੰਜਾਬੀ ਅਧਿਆਪਨ ਦਾ ਕੀ ਮਕਸਦ ਹੈ। ਇਥੇ ਗੱਲ ਹੋਈ ਹੈ ਵਿਦਿਆਰਥੀਆਂ ਨੂੰ ਸਾਹਿਤ ਦੀ ਚੇਟਕ ਲਗਾਣ ਦੀ, ਪਰ ਬਹੁਤੇ ਵਿਦਿਆਰਥੀ ਤਾਂ ਨੌਕਰੀ ਲੈਣ ਦੇ ਮਕਸਦ ਨਾਲ ਦਾਖ਼ਲਾ ਲੈਂਦੇ ਹਨ, ਨੰਬਰ ਜ਼ਿਆਦਾ ਲੈਣਾ ਚਾਹੁੰਦੇ ਹਨ। ਇਸ ਲਈ ਉਹ ਸਾਡੀ ਟੀਚਰਾਂ ਦੀ ਚਾਪਲੂਸੀ ਕਰਦੇ ਹਨ। ਨੰਬਰ ਜ਼ਿਆਦਾ ਲੈਣ ਲਈ ਅਗਜ਼ੈਮੀਨਰਾਂ ਪਾਸ ਭਜੇ ਫਿਰਦੇ ਹਨ। ਇਹ ਇਕ ਵੱਖਰਾ ਮਸਲਾ ਹੈ ਜਿਸ ਉਤੇ ਫੇਰ ਕਦੇ ਬਹਿਸ ਹੋਣੀ ਚਾਹੀਦੀ ਹੈ। ਇੰਨਾ ਕਹਿ ਕੇ ਕੇਸਰ ਸਿੰਘ ਬੈਠ ਗਿਆ ਤੇ ਬੈਠੇ ਵਿਦਿਆਰਥੀ ਬੁੱਲ੍ਹਾਂ ਵਿਚ ਹੀ ਮੁਸਕਰਾਹਟਾਂ ਰੋਕ ਰਹੇ ਸਨ। ਕਿਉਂਕਿ ਚੰਡੀਗੜ੍ਹ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਕੇਸਰ ਸਿੰਘ ਇਕ ਨਹੀਂ ਦੋ ਪੇਪਰਾਂ ਦਾ ਖ਼ੁਦਾ ਹੈ। ਇਕ ਆਪਣੇ ਪੇਪਰ ਦਾ ਇੰਟਰਨਲ, ਦੂਜਾ "ਡਾਕਟਰ ਕੋਹਲੀ ਸਾਹਿਬ ਜੀ" ਦੇ ਪੇਪਰ ਦਾ। ਕਿਉਂਕਿ ਪਿਛਲੇ ਕਈ ਵਰ੍ਹਿਆਂ ਤੋਂ ਕੇਸਰ ਸਿੰਘ ਹੈੱਡ ਦਾ ਇਤਿਹਾਸਕ ਰੂਪ ਪੇਸ਼ ਕਰ ਰਿਹਾ ਹੈ, ਹੈੱਡ ਦਾ ਸੇਵਾ ਬਰਦਾਰ, ਬਸਤਾ ਬਰਦਾਰ ਬਣ ਕੇ। ਇਸ ਵਿਚ ਤੇ ਚਾਪਲੂਸੀ ਵਿਚ ਜ਼ਰੂਰ ਇਤਿਹਾਸਕ ਫਰਕ ਹੈ। ਹਰ ਸਾਲ ਇਥੇ ਐਮ. ਫਿਲ ਦੇ ਨੰਬਰਾਂ ਬਾਰੇ ਸਕੈਂਡਲ ਖੜਾ ਹੋ ਜਾਂਦਾ ਹੈ। ਨੰਬਰਾਂ ਵਿਚ ਅਦਲਾ ਬਦਲੀ ਵਿਦਿਆਰਥੀਆਂ ਦੀਆਂ ਸ਼ਕਲਾਂ ਤੇ ਉਨ੍ਹਾਂ ਦੀ ਵਫ਼ਾ ਵੇਖ ਕੇ ਹੁੰਦੀ ਹੈ।



ਸੋ ਇਹੀ ਕੇਸਰ ਸਿੰਘ ਸੈਮੀਨਾਰ ਦੇ ਸਰੋਤਿਆਂ ਦਾ ਧਿਆਨ ਵਿਦਿਆਰਥੀਆਂ ਵਲੋਂ ਚਾਪਲੂਸੀ ਅਤੇ ਨੰਬਰਾਂ ਬਾਰੇ ਫਿਕਰਮੰਦੀ ਦੀ ਸਮੱਸਿਆ ਵਲ ਦੁਆ ਰਿਹਾ ਸੀ। (ਚੰਬਲ ਵਾਦੀ ਦੇ ਬਾਸ਼ਿੰਦੇ ਦਾਰੂ ਪੀਂਦੇ ਇਹ ਕਹਿਣ ਕਿ ਅੱਜ ਕਲ੍ਹ ਡਾਕੇ ਬੜੇ ਵੱਧ ਗਏ ਹਨ। ਤੇ ਇਹ ਕਹਿ ਕੇ ਖਿੜ ਖਿੜਾ ਕੇ ਹੱਸ ਪੈਣ!) ਪਰ ਸੈਮੀਨਾਰ ਵਿਚ ਸਿਵਾਇ ਵਿਦਿਆਰਥੀਆਂ ਦੇ ਹੋਰ ਸਾਰੇ ਚੁਪ ਸਨ, ਗੰਭੀਰ ਸਨ। ਅੱਜ ਦਾ ਬੁੱਧੀਜੀਵੀ ਖਿੜਖਿੜਾ ਕੇ ਹੱਸਣ ਦੇ ਅਸਮਰਥ ਜੁ ਹੈ।

ਕੁਝ ਇਸ ਤਰ੍ਹਾਂ ਦਾ ਤਿਗੜਮੀ ਅੰਦਾਜ਼ ਤੇ 'ਹਿੱਪੋਕਰੇਸੀ' ਡਾਕਟਰ ਅਤਰ ਸਿੰਘ ਨੇ ਪੇਸ਼ ਕੀਤੀ। ਅਤਰ ਸਿੰਘ ਬਾਰੇ ਕਿਸੇ ਨੂੰ ਪਹਿਲਾਂ ਇਹ ਪਤਾ ਨਹੀਂ ਸੀ ਕਿ ਉਹ ਕਿਸ ਵਿਸ਼ੇ ਬਾਰੇ ਬੋਲ ਰਿਹਾ ਹੈ। ਇਹ ਵੀ ਪਤਾ ਲਗਾ ਕਿ ਉਹ ਅਖ਼ੀਰ ਦਮ ਤਕ ਇਹੀ ਕਹਿੰਦੇ ਰਹੇ ਸਨ ਕਿ ਉਹ ਬੋਲਣਗੇ ਨਹੀਂ।

ਕਾਰਨ ਸੀ ਕਿ ਪੇਪਰ ਤਿਆਰ ਨਹੀਂ ਸੀ ਹੋਇਆ। ਉਹ ਪੇਪਰ ਲਿਖਦੇ ਕਿ 'ਟ੍ਰਿਬਿਊਨ' ਵਿਚ ਸਾਹਿਤ ਬਾਰੇ ਅਤੇ ਪੰਜਾਬ ਦੀ ਰਾਜਨੀਤੀ ਬਾਰੇ ਲੇਖ ਲਿਖਦੇ ? 'ਟ੍ਰਿਬਿਊਨ' ਵਿਚ ਛੱਪਣਾ ਮਾਅਨੇ ਰਖਦਾ!

ਡਾਕਟਰ ਸਾਹਿਬ ਬਹੁਤ ਉੱਚੀ ਕਿਸਮ ਦੇ ਬੰਦੇ ਹਨ। 'ਬੰਦੇ' ਨਹੀਂ, ਵਿਅਕਤੀ ਹਨ। ਕਿੰਨੇ ਚਿਰ ਤੋਂ ਉਹ ਪੰਜਾਬੀ ਸਾਹਿਤ ਦਾ ਸੁਰਮਾ ਵੇਚ ਰਹੇ ਹਨ। ਉਨ੍ਹਾਂ ਦਾ ਰੋਲ ਇਤਿਹਾਸਕ ਹੈ। ਹੋ ਸਕਦਾ ਹੈ ਕਦੇ ਆਉਂਦੀਆਂ ਪੁਸ਼ਤਾਂ ਨੂੰ ਉਨ੍ਹਾਂ ਬਾਰੇ ਜ਼ਰੂਰੀ ਜਾਣਕਾਰੀ ਮਿਲਣ ਵਿਚ ਤੰਗੀ ਹੋਵੇ। ਜੇ ਕਿਧਰੇ ਹੋਰ ਸੋਮੇਂ ਨਸ਼ਟ ਹੋ ਜਾਣ ਤਾਂ ਕੋਈ ਸਿਰ-ਫਿਰਿਆ ਕਿਸੇ ਨੁੱਕਰੋਂ ਇਹ ਸਤਰਾਂ ਪੜ੍ਹ ਲਏ ਤੇ ਉਨ੍ਹਾਂ ਦੇ ਪੰਜਾਬ ਯੂਨੀਵਰਸਿਟੀ ਵਿਚ ਬਿਤਾਏ ਦਹਾਕੇ ਬਾਰੇ ਵਡਮੁੱਲੀ ਜਾਣਕਾਰੀ ਹਾਸਲ ਕਰ ਸਕੇਗਾ। ਸੋ ਇਤਿਹਾਸ ਲਈ ਰਾਖਵੀਂ ਇਹ ਜਾਣਕਾਰੀ ਪ੍ਰਸ਼ਨ-ਉਤਰ ਦੀ ਸ਼ਕਲ ਵਿਚ ਪੇਸ਼ ਹੈ :

ਪ੍ਰਸ਼ਨ : ਡਾਕਟਰ ਅਤਰ ਸਿੰਘ ਅੱਜ ਕਲ੍ਹ ਕਿਸ ਔਹਦੇ 'ਤੇ ਹਨ ?

ਉਤਰ : ਔਹੁਦੇ ਤਾਂ ਉਹ ਬੜੇ ਪ੍ਰਾਪਤ ਕਰ ਸਕਦੇ ਹਨ, ਪਰ ਹਾਲ ਦੀ ਘੜੀ ਉਹ ਨਿਮਾਣੇ ਸੇਵਕਾਂ ਵਾਂਗ ਨਿੱਕੀ ਜਿਹੀ 'ਬਾਬਾ ਫਰੀਦ ਚੇਅਰ' 'ਤੇ ਬਰਾਜਮਾਨ, ਪ੍ਰੋਫ਼ੈਸਰ ਹਨ।

ਪ੍ਰਸ਼ਨ : ਪਹਿਲਾਂ ਕਿੱਥੇ ਸਨ ?

ਉਤਰ : ਇਥੇ ਹੀ, ਯਾਨੀ ਕਿ ਇਸੇ ਦਫ਼ਤਰ ਵਿਚ ਹੀ ਅੰਗਰੇਜ਼ੀ-ਪੰਜਾਬੀ ਸ਼ਬਦ-ਕੋਸ਼ ਵਿਭਾਗ ਦੇ ਮੁੱਖ ਸੰਪਾਦਕ।

ਪ੍ਰਸ਼ਨ : ਸ਼ਬਦ-ਕੋਸ਼ ਬਣਾਨਾ ਕਿਉਂ ਛੱਡ ਦਿਤਾ ?

ਉਤਰ : ਬਣ ਰਿਹਾ ਹੈ। ਬਣਾਨ ਵਾਲੇ ਬਣਾਈ ਜਾ ਰਹੇ ਹਨ। ਪਹਿਲਾਂ ਵੀ ਬਣਾਨ ਵਾਲੇ ਬਣਾਈ ਜਾ ਰਹੇ ਸਨ। ਇਹ ਤਾਂ ਲੈੱਗ ਵਰਕ ਕਰਨ ਵਿਚ ਮਸਰੂਫ਼ ਸਨ।

ਪ੍ਰਸ਼ਨ : ਪਰ ਇਹ ਛੱਡ ਕਿਉਂ ਗਏ ?

ਉਤਰ : ਪ੍ਰੇਮ ਦੀ ਗੱਲ ਹੈ। ਉਨ੍ਹਾਂ ਨੂੰ ਜਦੋਂ ਮੁੱਖ ਸੰਪਾਦਕ ਲਗਾਇਆ ਗਿਆ ਉਦੋਂ ਉਨ੍ਹਾਂ ਨੂੰ ਸ਼ਬਦ-ਕੋਸ਼ ਨਾਲ ਪ੍ਰੇਮ ਸੀ, ਫਿਰ ਜਦੋਂ ਵੇਖਿਆ ਪੰਜਾਬ ਸਰਕਾਰ ਨੇ ਉਨ੍ਹਾਂ ਪ੍ਰੇਮੀਆਂ ਲਈ ਕੁਰਸੀਆਂ ਠੇਕੇ 'ਤੇ ਬਣਵਾਈਆਂ ਹਨ ਜੋ ਕਈ ਸਾਲਾਂ ਤੋਂ ਲੈੱਗ-ਵਰਕ ਕਰਦੇ ਚਲੇ ਆ ਰਹੇ ਹਨ ਤਾਂ ਡਾਕਟਰ ਸਾਹਿਬ ਨੇ ਇਕ ਕੁਰਸੀ ਖਿੱਚੀ ਤੇ ਇਹ ਕਹਿ ਕੇ ਉਸ ਉਪਰ ਬੈਠ ਗਏ, "ਹਮ ਕਿਸੀ ਸੇ ਕਮ ਨਹੀਂ।"

**ਪ੍ਰਸ਼ਨ** : ਫਰੀਦ ਚੇਅਰ 'ਤੇ ਬੈਠੇ ਡਾਕਟਰ ਸਾਹਿਬ ਕੀ ਕਰਦੇ ਹਨ ?

**ਉਤਰ** : ਲੈੱਗ ਵਰਕ ।

ਪ੍ਰਸ਼ਨ : ਇਹ ਲੈੱਗ-ਵਰਕ ਕੀ ਬਲਾ ਹੈ ? ਕਿਹੜੇ ਸ਼ਬਦ ਕੋਸ਼ ਦਾ ਇਹ ਸ਼ਬਦ ਹੈ ?

ਉਤਰ : ਲੈੱਗ-ਵਰਕ ਹੈ ਮੰਤਰੀਆਂ ਨੂੰ ਮਿਲਣਾ । ਉਨ੍ਹਾਂ ਕੋਲ ਜਾ ਕੇ ਪੰਜਾਬ ਬਾਰੇ, ਪੰਜਾਬੀ ਬਾਰੇ, ਪੰਜਾਬੀ ਕਲਚਰ ਬਾਰੇ ਆਪਣੇ ਫਿਕਰ ਦਾ ਇਜ਼ਹਾਰ ਕਰਨਾ, ਉਨ੍ਹਾਂ ਨੂੰ ਭਾਸ਼ਣ ਲਿਖ ਕੇ ਦੇਣਾ, ਉਨ੍ਹਾਂ ਨਾਲ ਗੁਮਾਸ਼ਤਿਆਂ ਵਾਂਗ ਟੂਰ 'ਤੇ ਜਾਣਾ, ਉਹ ਜੇ ਮੁਸਕਰਾਉਣ ਤਾਂ ਮੁਸਕਰਾਉਣਾ, ਜੇ ਕਿਸੇ ਬਾਰੇ ਰਾਇ ਪੁੱਛਣ ਤਾਂ ਦਾਨਸ਼ਮੰਦਾਂ ਵਾਂਗ ਸੁਝਾਅ ਦੇਂਦੇ ਜਾਣਾ, ਉਨ੍ਹਾਂ ਚਿਰ ਤਕ ਜਦ ਤਕ ਉਹ ਤੁਹਾਡੀ ਗੱਲ ਮੰਨ ਨਾ ਲੈਣ ।

ਪ੍ਰਸ਼ਨ : ਪਰ ਡਾਕਟਰ ਸਾਹਿਬ ਲੈੱਗ-ਵਰਕ ਦੇ ਨਾਲ ਕੁਝ ਲਿਖਦੇ ਵੀ ਹਨ ?

ਪ੍ਰਸ਼ਨ : ਡਾਕਟਰ ਸਾਹਿਬ ਵਿਦਵਾਨ ਹਨ । ਹਰ ਵਕਤ ਇਹ ਆਪਣੀ ਵਿਦਵਤਾ ਨੂੰ 'ਸਲਿੱਮ ਐਂਡ ਟਰਿਮ' ਰਖਦੇ ਹਨ । ਇਸੇ ਲਈ ਉਹ ਸਿਰਫ਼ ਅਖਬਾਰਾਂ ਲਈ ਹੀ ਲਿਖਦੇ ਹਨ । ਕਰੀਬਨ ਹਰ ਲੇਖ ਵਿਚ ਉਨ੍ਹਾਂ ਦੇ ਪੰਜਾਬੀ ਕਲਚਰ ਬਾਰੇ ਫਿਕਰ ਉਛਲ ਉਛਲ ਪੈਂਦੇ ਹਨ । ਹਰ ਪੰਜਵੀਂ ਸਤਰ ਵਿਚ ਉਹ ਪਾਕਿਸਤਾਨੀ ਪੰਜਾਬੀ ਬਾਰੇ ਗੱਲ ਕਰਨਗੇ । ਫਿਰ ਉਹ ਹਰ ਹਫਤੇ 'ਟ੍ਰਿਬਿਊਨ' ਵਿਚ ਪੰਜਾਬ ਵਿਚ ਛਪੀਆਂ ਅਖ਼ਬਾਰਾਂ ਦੇ ਵਿਚਾਰਾਂ ਦਾ ਖੁਲਾਸਾ ਛਪਵਾਂਦੇ ਹਨ ।

ਪ੍ਰਸ਼ਨ : ਇਨਾਂ ਕਸ਼ਟ ਉਹ ਕਿਸ ਆਸ਼ੇ ਨਾਲ ਕਰਦੇ ਹਨ ?

ਉਤਰ : 'ਟ੍ਰਿਬਿਊਨ' ਵਿਚ ਛੱਪਣ ਨਾਲ ਧਨ ਮਿਲਦਾ ਹੈ, ਨਾਮ ਛਪਦਾ ਹੈ । ਇਹ ਨਾਮ ਸਰਕਾਰੇ ਦਰਬਾਰੇ ਪੁਜਦਾ ਹੈ ।

ਪ੍ਰਸ਼ਨ : ਕੋਈ ਹੋਰ ਗੁਣ ?

ਉਤਰ : ਡਾਕਟਰ ਸਾਹਿਬ ਅਕਾਲੀ, ਕਾਂਗਰਸੀ, ਕਮਿਊਨਿਸਟ, ਧਾਰਮਿਕ, ਨਾਸਤਕ, ਆਸਤਕ, ਸਾਹਿਤਕ ਸਭ ਫੋਰਮਾਂ 'ਤੇ ਖੜੇ ਹੋ ਕੇ ਬੋਲ ਸਕਦੇ ਹਨ ।

ਪ੍ਰਸ਼ਨ : ਫਿਰ ਡਾਕਟਰ ਸਾਹਿਬ ਕੀ ਹਨ ?

ਉਤਰ : ਸਭ ਕੁਝ । ਪ੍ਰੋਫ਼ੈਸਰ, ਵਿਦਵਾਨ, ਲੈੱਗ ਵਰਕਰ, ਪੰਥ-ਸੇਵਕ, ਧਰਮ-ਸੇਵਕ, ਪੰਜਾਬ-ਸੇਵਕ, ਸਮਾਜ-ਸੇਵਕ, ਰਾਜ-ਸੇਵਕ, ਮੰਤਰੀ-ਸੇਵਕ । ਉਹ ਹਨ ਪੰਜਾਬੀ ਕਲਚਰ ਦੇ ਕਿਸ਼ੋਰ ਕੁਮਾਰ । ਕਿਸ਼ੋਰ ਕੁਮਾਰ ਦੀ ਫ਼ਿਲਮ ਦਾ ਸੰਗੀਤਕਾਰ, ਗੀਤਕਾਰ, ਨਿਰਦੇਸ਼ਕ, ਅਭਿਨੇਤਾ, ਪਰੋਡਿਊਸਰ—ਸਭ ਕੁਝ ਕਿਸ਼ੋਰ ਕੁਮਾਰ ਹੁੰਦਾ ਹੈ । ਡਾਕਟਰ ਸਾਹਿਬ ਹਨ ਪੰਜਾਬ ਦੀ ਅਕਲ, ਪੰਜਾਬ ਦੀ ਵਿਦਵਤਾ, ਪੰਜਾਬ ਦੀ ਰਾਜਨੀਤੀ, ਪੰਜਾਬ ਦੀ ਚੁਸਤੀ, ਪੰਜਾਬ ਦੀ ਫੁਰਤੀ ।

ਸੋ ਡਾਕਟਰ ਸਾਹਿਬ ਨੇ ਬੋਲਣਾ ਸ਼ੁਰੂ ਕੀਤਾ । ਗੱਲ ਸ਼ੁਰੂ ਕੀਤੀ ਉਨ੍ਹਾਂ ਬ੍ਰੈਖ਼ਟ ਦੀ ਇਕ ਕਵਿਤਾ ਤੋਂ ਜਿਸ ਦਾ ਅਨੁਵਾਦ ਉਹ ਪੜ੍ਹ ਕੇ ਸੁਣਾਨ ਲਗੇ । ਤੁਸੀਂ ਅੰਦਾਜ਼ਾ ਲਗਾਉ ਬੋਲ ਰਹੇ ਹੋਣ ਡਾਕਟਰ ਅਤਰ ਸਿੰਘ ਤੇ ਸੁਣਾ ਰਹੇ ਹੋਣ ਉਹ ਬ੍ਰੈਖ਼ਟ ਦੀ ਕਵਿਤਾ ਜਿਸ ਵਿਚ ਮਹਾਜਨੀ ਸਮਾਜ ਦੇ ਵਿਦਵਾਨਾਂ ਉਤੇ ਜ਼ੋਰਦਾਰ ਵਿਅੰਗ ਸੀ ਜੋ ਆਪਣੀ ਵਿਦਵਤਾ ਨੂੰ ਵੇਚਦੇ ਫਿਰਦੇ ਹੋਕਾ ਦੇਂਦੇ ਰਹਿੰਦੇ ਹਨ, ਜਿਨ੍ਹਾਂ ਨੇ ਗਿਆਨ ਨੂੰ, ਅਕਲ ਨੂੰ, ਇਕ ਵਸਤ ਬਣਾ ਕੇ ਇਸ ਦੀ ਸੇਲ ਲਗਾਈ ਹੋਈ ਹੈ...ਜਦੋਂ ਇੰਦਰਾ ਗਾਂਧੀ ਜਾਂ ਹਿਟਲਰ ਜਮਹੂਰੀਅਤ ਬਾਰੇ ਭਾਸ਼ਣ ਦੇਵੇ ਤਾਂ ਤੁਸੀਂ ਕਹੋਗੇ—the devil quoting the Scriptures ! ਪਰ ਹੁਣ ਤੁਸੀਂ ਇਸ ਵੇਲੇ ਇਹ ਕਹਿ ਸਕਦੇ ਹੋ—Attar Singh quoting Brecht !



ਕਹਿੰਦੇ ਹਨ ਡਾਕਟਰ ਸਾਹਿਬ ਸ਼ੀਸ਼ਾ ਵੇਖਣੋਂ ਡਰਦੇ ਹਨ । ਪੰਜਾਬੀ ਵਿਚ ਸਾਡੇ ਬਹੁਤੇ ਵਿਦਵਾਨ ਸ਼ੀਸ਼ਾ ਵੇਖਣੋਂ ਕਿਉਂ ਡਰਦੇ ਹਨ ? ਦੂਜੇ ਨੂੰ ਹੀ ਸ਼ੀਸ਼ਾ ਕਿਉਂ ਵਿਖਾਂਦੇ ਹਨ ? ਇਹ ਵੀ ਕੁਝ ਸਵਾਲ ਹਨ ਜਿਨ੍ਹਾਂ ਨੂੰ ਕੇਸਰ ਸਿੰਘ ਦੇ ਉਕਤ ਸਵਾਲਾਂ ਦੇ ਨਾਲ ਨਜਿੱਠਿਆ ਜਾ ਸਕਦਾ ਹੈ ।

ਡਾਕਟਰ ਸਾਹਿਬ ਕਹਿ ਰਹੇ ਸਨ ਸਾਡੇ ਵਿਦਵਾਨ ਸਸਤੇ ਗਿਆਨ ਦੀ ਤਲਾਸ਼ ਵਿਚ ਰਹਿੰਦੇ ਹਨ ਤਾਂ ਜੋ ਮਹਿੰਗਾ ਕਰ ਕੇ ਵੇਚ ਸਕਣ । ਜਿਸ ਗਰਮਜੋਸ਼ੀ ਨਾਲ ਉਨ੍ਹਾਂ ਆਪਣੀ ਗੱਲ ਆਰੰਭ ਕੀਤੀ ਉਸ ਤੋਂ ਪੰਜਾਬੀ ਅਧਿਆਪਨ ਨਾਲ ਸਬੰਧਤ ਸਮੱਸਿਆਵਾਂ ਬਾਰੇ ਉਨ੍ਹਾਂ ਅੰਦਰ ਕੁਰਬਲ ਕੁਰਬਲ ਕਰਦੇ ਵਿਚਾਰਾਂ ਦੀ ਹੋਂਦ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ । ਪਰ ਭਾਸ਼ਣ ਅਤੇ ਬਾਅਦ ਦੀ ਬਹਿਸ ਤੋਂ ਨਿਰਣਾ ਇਹ ਨਿਕਲਿਆ ਕਿ ਉਨ੍ਹਾਂ ਨੂੰ ਵਿਚਾਰਾਂ ਨਾਲੋਂ ਵੱਧ ਉਹ ਨਜ਼ਲਾ ਤੰਗ ਕਰ ਰਿਹਾ ਸੀ ਜੋ ਉਹ ਦਿੱਲੀ ਤੋਂ ਆਏ ਸੰਰਚਨਾਵਾਦੀਆਂ ਉਤੇ ਗਿਰਾਨਾ ਚਾਹੁੰਦੇ ਸਨ । ਦਿੱਲੀ ਵਾਲੇ ਜਦੋਂ ਉਨ੍ਹਾਂ ਨੂੰ ਹੁਝੱਕੇ ਮਾਰਨ ਲਈ ਮਾਈਕ ਸਾਹਮਣੇ ਆਉਂਦੇ, ਉਹ ਆਪਣੀ ਕੁਰਸੀ 'ਤੇ ਬੈਠੇ ਉਨ੍ਹਾਂ ਨੂੰ ਟਿਕਾਈ ਜਾ ਰਹੇ ਸਨ—ਗਰਮ, ਭਰੇ ਪੀਤੇ । ਇਸ ਸਾਰੇ ਸੰਤਾਪ ਪਿਛੇ ਕਾਰਨ ਕੀ ਸੀ ? ਸਤਿੰਦਰ ਸਿੰਘ ਨੂਰ ਨੇ ਦਸਿਆ ਕਿ ਕੁਝ ਦਿਨ ਪਹਿਲਾਂ ਉਸ ਨੇ ਪਟਿਆਲੇ ਆਪਣੇ ਇਕ ਭਾਸ਼ਣ ਵਿਚ ਜਿਸ ਦੀ ਪ੍ਰਧਾਨਗੀ ਅਤਰ ਸਿੰਘ ਕਰ ਰਿਹਾ ਸੀ ਉਸ ਨੂੰ "ਪੁਰਾਣੀ ਆਲੋਚਨਾ ਦਾ ਆਖ਼ਰੀ ਚਿਰਾਗ" ਕਹਿ ਦਿਤਾ ਸੀ ।

ਸੈਮੀਨਾਰ ਦਾ ਇਹ ਦਿਨ ਵਿਦਿਆਰਥੀਆਂ ਲਈ ਬੜਾ ਅਹਿਮ ਸਾਬਤ ਹੋਇਆ । ਉਨ੍ਹਾਂ ਨੂੰ ਪਤਾ ਲਗ ਗਿਆ ਕਿ ਕੌਣ ਅਜ ਕਲ੍ਹ ਕੀ ਸੋਚ ਰਿਹਾ ਹੈ, ਕੀ ਚਾਹੁੰਦਾ ਹੈ, ਕਿਸ ਦੇ ਖਿਲਾਫ਼ ਹੈ ! ਦਿੱਲੀ ਵਾਲਿਆਂ ਦਾ ਕੀ ਰਵੱਈਆ ਹੈ ? ਅਜ ਕਲ੍ਹ ਪੇਪਰ ਹੋਣ ਵਾਲੇ ਹਨ । ਉਹ ਆਪਣੇ ਸਵਾਲਾਂ ਦੇ ਜਵਾਬ ਇਸ ਸੈਮੀਨਾਰ ਦੀ ਕਾਰਵਾਈ ਨੂੰ ਸਾਹਮਣੇ ਰਖ ਕੇ ਲਿਖਣਗੇ ।

ਇਸ ਦ੍ਰਿਸ਼ਟੀ ਤੋਂ ਇਹ ਗੋਸ਼ਟੀ ਬਹੁਤ ਸਫ਼ਲ ਸੀ । —ਵਿੱਕੀ

---

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1976,1977 ਅਤੇ 1978 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕੀਮਤ ਫੀ ਫਾਈਲ ਪੰਦਰਾਂ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕਖ਼ਰਚ ਸਾਡਾ ਹੋਵੇਗਾ ।

---

**ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।**

---

⊙ **ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮੱਸਿਆਵਾਂ**

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇਗੀ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ । ਪੰਨੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ ।

ਸੇਧ ਇਥੋਂ ਮਿਲਦਾ ਹੈ

1. ਸਰਵਨ ਸਿੰਘ ਚਰਨ ਸਿੰਘ ਨਿਊਜ਼ਪੇਪਰ ਏਜੰਟਸ, ਹਾਲ ਦਰਵਾਜ਼ਾ, ਅੰਮ੍ਰਿਤਸਰ
2. ਸਾਲਿਗ ਰਾਮ, ਨਿਊਜ਼ ਪੇਪਰ ਏਜੰਟ, ਢੁਡੀਕੇ
3. ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
4. ਗਗਨ ਬੁੱਕ ਸੈਂਟਰ, ਨਿਕੋਦਰ
5. ਕਮਲ ਬੁਕ ਡਿਪੋ, ਬੱਸ ਅੱਡਾ, ਪਟਿਆਲਾ
6. ਮਦਾਨ ਬੁੱਕ ਡਿਪੋ, ਅਦਾਲਤ ਬਾਜ਼ਾਰ, ਪਟਿਆਲਾ
7. ਪ੍ਰਕਾਸ਼ ਨਾਵਲ ਸਟੋਰ, ਨਜ਼ਦੀਕ ਬੱਸ ਅੱਡਾ, ਜਲੰਧਰ ਸ਼ਹਿਰ
8. ਚੂਹੜ ਮਲ ਮੁਹਿੰਦਰਪਾਲ ਬਾਂਸਲ, ਬੱਸ ਅੱਡਾ, ਬਰਨਾਲਾ
9. ਜਥੇਦਾਰ ਨਿਊਜ਼ ਏਜੰਸੀ, ਗੁਰੂ ਸਰ ਸੁਧਾਰ
10. ਸੈਂਟਰਲ ਨਿਊਜ਼ ਏਜੰਸੀ, ਕਨਾਟ ਪਲੇਸ, ਨਵੀਂ ਦਿੱਲੀ
11. ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਂਕ, ਦਿੱਲੀ
12. ਵਰਮਾ ਬੁੱਕ ਡਿਪੋ, ਰੇਲਵੇ ਰੋਡ, ਬਠਿੰਡਾ
13. ਇੰਗਲਿਸ਼ ਬੁੱਕ ਡਿਪੋ, 22-ਡੀ ਸੈਕਟਰ, ਚੰਡੀਗੜ੍ਹ
14. ਪ੍ਰੋਗ੍ਰੈਸਿਵ ਬੁੱਕ ਸੈਂਟਰ, ਬੱਸ ਅੱਡਾ, ਮਾਨਸਾ
15. ਖ਼ਾਲਸਾ ਨਿਊਜ਼ ਏਜੰਸੀ, ਮੋਗਾ
16. ਮਦਨ ਬੁਕ ਸਟਾਲ, ਅੱਡਾ ਪੰਜਾਬ ਰੋਡਵੇਜ਼, ਹੁਸਿਆਰਪੁਰ
17. ਸੁਰਿੰਦਰ ਨੀਊਜ਼ ਏਜੰਸੀ, ਬੱਸ ਅੱਡਾ ਜਗਰਾਓਂ
18. ਵਿਨੋਦ ਬੁੱਕ ਸਟਾਲ, ਬੱਸ ਅੱਡਾ, ਸੰਗਰੂਰ
19. ਓਮ ਪ੍ਰਕਾਸ਼ ਐਂਡ ਸਨਜ਼, ਤਲਵਾੜਾ ਟਾਊਨਸ਼ਿਪ
20. ਹੁਸਨ ਲਾਲ ਐਂਡ ਸਨਜ਼, ਬੱਸ ਅੱਡਾ, ਦਸੂਆ
21. ਚੰਡੀਗੜ੍ਹ ਸਟੇਸ਼ਨਰੀ ਮਾਰਟ, ਯੂਨੀਵਰਸਿਟੀ ਮਾਰਕੀਟ, ਚੰਡੀਗੜ੍ਹ
22. ਪੀਪਲਜ਼ ਬੁੱਕ ਸੈਂਟਰ, ਮੋਗਾ
23. ਸੋਂਦੀ ਬਰਾਦਰਜ਼, ਟਾਂਡਾ ਉੜਮੁੜ
24. ਲਾਹੌਰ ਬੁੱਕ ਸ਼ਾਪ, ਲੁਧਿਆਣਾ
25. ਅਮਰ ਨਿਊਜ਼ ਏਜੰਸੀ, ਗਿੱਦੜਬਾਹਾ
26. ਲੀਡਰ ਨਿਊਜ਼ ਏਜੰਸੀ, ਨਵਾਂ ਸ਼ਹਿਰ
27. ਪਰਕਾਸ਼ ਪੁਸਤਕ ਭੰਡਾਰ, ਬੱਸ ਅੱਡਾ, ਭਗਤਾ ਭਾਈ ਕਾ
28. ਪਰਵੀਨ ਬੁੱਕ ਡਿਪੋ, ਭਗਤਾ ਭਾਈ ਕਾ
29. ਗੀਤਾ ਬੁੱਕ ਡਿਪੋ, ਜੇ. ਐਨ. ਯੂ., ਨਵੀਂ ਦਿੱਲੀ
30. ਸ: ਗੁਰਬਚਨ ਸਿੰਘ ਨਿਊਜ਼ ਏਜੰਟ, ਭੋਗਪੁਰ






S E D H (DIRECTION) MAY, 1979
Registered with the Registrar of Newspapers
for India—Registration No 23895/72 Regd. No. D (S) 022

## 'ਸੇਧ' ਇਕ ਸਾਲ ਲਈ ਬਿਲਕੁਲ ਮੁਫ਼ਤ

**ਸੇਧ** ਪੰਜਾਬੀ ਦਾ ਇਕੋ-ਇਕ ਮਾਸਕ ਪਤਰ ਹੈ, ਜਿਹੜਾ ਮਾਰਕਸਵਾਦ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਅਤੇ ਉਹਦੀਆਂ ਅਜੋਕੀਆਂ ਸਮੱਸਿਆਵਾਂ ਦਾ ਨਿਤਾਰਾ ਕਰਦਾ ਹੈ । ਇਸ ਉਪਰੰਤ ਇਹ ਸਮਕਾਲੀ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਮਾਮਲਿਆਂ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਘੋਖਦਾ ਹੈ ।

ਮਾਰਕਸਵਾਦ ਇਕ ਵਿਗਿਆਨ ਹੈ । ਇਸੇ ਕਰ ਕੇ ਹਰ ਵਿਗਿਆਨ ਵਾਂਗ ਇਹਦੀ ਆਪਣੀ ਹੀ ਇਕ ਸ਼ਬਦਾਵਲੀ ਹੈ । ਇਸ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਵਿਸ਼ੇਸ਼ ਪਿਛੋਕੜ, ਵਿਸ਼ੇਸ਼ ਸੰਕਲਪ-ਪਸਾਰਾ ਅਤੇ ਵਿਸ਼ੇਸ਼ ਅਰਥ ਹੁੰਦਾ ਹੈ ।

ਸਾਡੇ ਕਈਆਂ ਪਾਠਕਾਂ ਨੇ ਮਾਰਕਸਵਾਦੀ ਸ਼ਬਦਾਵਲੀ ਦੀ ਪੂਰੀ ਪੂਰੀ ਜਾਣਕਾਰੀ ਨਾ ਹੋਣ ਦੀ ਆਪਣੀ ਸਮਸਿਆ ਸਾਡੇ ਸਾਹਮਣੇ ਰਖੀ ਹੈ ਅਤੇ ਸਾਥੋਂ ਇਹਦੇ ਬਾਰੇ ਪੁਛਿਆ ਹੈ । ਇਹ ਉਹਨਾਂ ਪਾਠਕਾਂ ਦੀ ਹੀ ਸਮਸਿਆ ਨਹੀਂ ਹੈ, ਜਿਨ੍ਹਾਂ ਨੇ ਸਾਨੂੰ ਚਿੱਠੀਆਂ ਲਿਖ ਕੇ ਅਜਿਹਾ ਪੁਛਿਆ ਹੈ, ਸਗੋਂ ਇਹ ਬਹੁਤ ਵੱਧ ਫੈਲਵੀਂ ਅਤੇ ਡੂੰਘੀ ਹੈ ।

ਸਾਰੀਆਂ ਭਾਰਤੀ ਭਾਸ਼ਾਵਾਂ ਵਿਚੋਂ ਪੰਜਾਬੀ ਨੂੰ ਹੀ ਇਹ ਮਾਣ ਹੈ ਕਿ ਇਸ ਵਿਚ ਸਭ ਤੋਂ ਪਹਿਲਾਂ ਮਾਰਕਸਵਾਦੀ ਸ਼ਬਦਾਂ ਦਾ ਕੋਸ਼ ਤਿਆਰ ਹੋਇਆ ਹੈ । ਮਾਰਕਸਵਾਦੀ ਸਾਹਿਤ ਦੇ ਅਨੁਵਾਦਕ, ਸੰਪਾਦਕ, ਅਤੇ ਪੰਜਾਬੀ ਲੇਖਕ ਸ: ਗੁਰਬਚਨ ਸਿੰਘ ਭੁੱਲਰ ਨੇ **ਅਰਥ-ਸ਼ਾਸਤਰ ਅਤੇ ਰਾਜਨੀਤੀ ਦਾ ਸ਼ਬਦਕੋਸ਼** ਤਿਆਰ ਕਰਦਿਆਂ ਜਿਥੇ ਮਾਰਕਸਵਾਦੀ ਸਾਹਿਤ ਵਿਚ ਆਉਂਦੇ ਸ਼ਬਦਾਂ ਦੇ ਅੰਗਰੇਜ਼ੀ ਰੂਪ ਦੇ ਟਾਕਰੇ ਦੇ ਪੰਜਾਬੀ ਸ਼ਬਦ ਦਿਤੇ ਹਨ, ਉਥੇ ਹਰੇਕ ਸ਼ਬਦ ਦੀ ਲੜੀ ਦੀ ਵਿਆਖਿਆ ਵੀ ਕੀਤੀ ਹੈ । ਇਹ ਮਾਰਕਸਵਾਦੀ ਸਾਹਿਤ ਦੇ ਪਾਠਕਾਂ ਤੋਂ ਇਲਾਵਾ ਅਧਿਆਪਕਾਂ, ਵਿਦਿਆਰਥੀਆਂ, ਖੋਜਕਾਰਾਂ ਅਤੇ ਅਨੁਵਾਦਕਾਂ ਲਈ ਵੀ ਇਕ ਵਡਮੁੱਲੀ ਸੁਗਾਤ ਹੈ । ਕੋਸ਼ ਬਹੁਤ ਹੀ ਮਹੱਤਵਪੂਰਨ ਮਾਰਕਸਵਾਦੀ ਗ੍ਰੰਥ ਹੋਣ ਦੇ ਨਾਲ ਨਾਲ ਛਪਾਈ, ਕਪੜੇ ਦੀ ਪੱਕੀ ਜਿਲਦ ਅਤੇ ਕਵਰ ਦੇ ਪਖੋਂ ਵੀ ਅਦੁਤੀ ਹੈ ।

**ਸੇਧ** ਅਤੇ **ਇਹ ਕੋਸ਼** ਵੱਧ ਤੋਂ ਵੱਧ ਪਾਠਕਾਂ ਤੱਕ ਪੁਜਦਾ ਕਰਨ ਦੀ ਇਕ ਵਿਉਂਤ ਅਧੀਨ, ਕੋਸ਼ ਦੀ 36 ਰੁਪਏ ਕੀਮਤ ਭੇਜਣ ਵਾਲੇ ਸੱਜਣ ਨੂੰ ਅਸੀਂ, ਡਾਕ-ਖ਼ਰਚ ਲਏ ਬਿਨਾਂ, ਇਹ ਗ੍ਰੰਥ ਰਜਿਸਟਰਡ-ਡਾਕ ਰਾਹੀਂ ਪੁਜਦਾ ਕਰਨ ਤੋਂ ਇਲਾਵਾ **ਸੇਧ** ਵੀ ਸਾਲ-ਭਰ ਮੁਫ਼ਤ ਭੇਜਾਂਗੇ। (**ਸੇਧ** ਦਾ ਸਾਲਾਨਾ ਚੰਦਾ 15 ਰੁਪਏ ਹੈ) ।

ਪੁਰਾਣੇ ਪਾਠਕਾਂ ਦੇ ਚੰਦੇ ਵਿਚ, ਜੇ ਉਹ ਹੁਣ 36 ਰੁਪਏ ਸਾਨੂੰ ਭੇਜਣਗੇ, ਬਾਰਾਂ ਮਹੀਨੇ ਹੋਰ ਜੋੜ ਦਿਤੇ ਜਾਣਗੇ ।

ਅੱਜ ਹੀ ਕੋਸ਼ ਦਾ ਮੁੱਲ 36 ਰੁਪਏ ਸਾਡੇ ਪਤੇ ਉਤੇ ਭੇਜ ਕੇ ਕੋਸ਼ ਅਤੇ ਸਾਲ ਭਰ ਲਈ ਮੁਫ਼ਤ **ਸੇਧ** ਪ੍ਰਾਪਤ ਕਰੋ ।

—ਮੈਨੇਜਰ, **ਸੇਧ**